Punjabi Parwaz

# ਪੰਜਾਬੀ ਪਰਵਾਜ਼

ਅੰਕ 52ਵਾਂ (ਸ਼ਿਕਾਗੋ): 10 ਮਈ ਤੋਂ 23 ਮਈ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

ਭਾਰਤ-ਪਾਕਿ ਤਣਾਅ ਸਿਖਰਾਂ ’ਤੇ

## ਭਾਰਤ ਵੱਲੋਂ ਦਹਿਸ਼ਤੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ

**ਪੰਜਾਬੀ ਪਰਵਾਜ਼ ਬਿਊਰੋ**

ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਕਸਬੇ ਵਿੱਚ ਕਥਿਤ ਇਸਲਾਮਿਕ ਅਤਿਵਾਦੀਆਂ ਵੱਲੋਂ ਕੀਤੇ ਗਏ ਹਮਲੇ ਪਿਛੋਂ ਵਾਪਰੇ ਘਟਨਾਕ੍ਰਮ ਦੌਰਾਨ ਦੋਹਾਂ ਦੇਸ਼ਾਂ ਦੀਆਂ ਫੌਜਾਂ ਇੱਕ ਵਾਰ ਫਿਰ ਇੱਕ ਦੂਜੇ ਦੇ ਆਹਮੋ-ਸਾਹਮਣੇ ਹੋ ਗਈਆਂ ਹਨ। ਭਾਰਤੀ ਹਥਿਆਰਬੰਦ ਬਲਾਂ ਨੇ ਬੁੱਧਵਾਰ ਤੜਕੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਦਹਿਸ਼ਤੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਨ੍ਹਾਂ ਵਿੱਚ ਬਹਾਵਲਪੁਰ ਵੀ ਸ਼ਾਮਲ ਹੈ, ਜੋ ਦਹਿਸ਼ਤੀ ਸੰਗਠਨ ਜੈਸ਼-ਏ-ਮੁਹੰਮਦ ਦਾ ਗੜ੍ਹ ਹੈ। ਰਾਇਟਰਜ਼ ਨਿਊਜ਼ ਏਜੰਸੀ ਮੁਤਾਬਕ ਪਾਕਿਸਤਾਨ ਦੇ ਸਰਹੱਦੀ ਇਲਾਕਿਆਂ ਤੋਂ ਵੀ ਭਾਰੀ ਗੋਲਾਬਾਰੀ ਅਤੇ ਜ਼ੋਰਦਾਰ ਧਮਾਕਿਆਂ ਦੀਆਂ ਰਿਪੋਰਟਾਂ ਹਨ। ਮਿਜ਼ਾਈਲਾਂ ਡਿੱਗਣ ਨਾਲ ਦਹਿਸ਼ਤ ਅਤੇ ਹਫੜਾ-ਦਫੜੀ ਮਚ ਗਈ। ਬਹੁਤ ਸਾਰੇ ਲੋਕਾਂ ਨੂੰ ਡਰ ਹੈ ਕਿ ਹੋਰ ਹਮਲੇ ਹੋ ਸਕਦੇ ਹਨ। ਬਹੁਤੇ ਲੋਕ ਆਪਣੇ ਪਰਿਵਾਰਾਂ ਨਾਲ ਸੁਰੱਖਿਅਤ ਥਾਵਾਂ ਦੀ ਭਾਲ ਵਿੱਚ ਭਟਕ ਰਹੇ ਹਨ।

ਇਸੇ ਦੌਰਾਨ ਭਾਰਤੀ ਫੌਜ ਵੱਲੋਂ ਹਵਾਈ ਹਮਲਿਆਂ ਮਗਰੋਂ ਅਥਾਰਿਟੀਜ਼ ਨੇ ਸ੍ਰੀਨਗਰ ਸਣੇ ਉੱਤਰੀ ਭਾਰਤ ਦੇ ਕਈ ਹਵਾਈ ਅੱਡਿਆਂ ਨੂੰ ਬੰਦ ਕਰ ਦਿੱਤਾ ਹੈ। ਅਥਾਰਿਟੀਜ਼ ਅਨੁਸਾਰ ਫਿਲਹਾਲ ਸ੍ਰੀਨਗਰ ਹਵਾਈ ਅੱਡੇ ਤੋਂ ਕੋਈ ਵੀ ਗੈਰ-ਫੌਜੀ ਉਡਾਣ ਨਹੀਂ ਚੱਲੇਗੀ। ਕਈ ਹੋਰ ਏਅਰਲਾਈਨਾਂ ਨੇ ਵੀ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਹੈ। ਏਅਰ ਇੰਡੀਆ ਨੇ ਸਥਿਤੀ ਦੇ ਮੱਦੇਨਜ਼ਰ ਜੰਮੂ, ਸ੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਲਈ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ। ਅੰਮ੍ਰਿਤਸਰ ਜਾ ਰਹੀਆਂ ਦੋ ਕੌਮਾਂਤਰੀ ਉਡਾਣਾਂ ਨੂੰ ਦਿੱਲੀ ਵੱਲ ਮੋੜ ਦਿੱਤਾ ਗਿਆ। ਅੰਮ੍ਰਿਤਸਰ ਸਮੇਤ ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਹਵਾਈ ਅੱਡੇ ਅਗਲੇ ਨੋਟਿਸ ਤੱਕ ਬੰਦ ਹਨ।

ਭਾਰਤੀ ਫੌਜ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਦਹਿਸ਼ਤੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ ‘ਆਪ੍ਰੇਸ਼ਨ ਸਿੰਦੂਰ’ ਸ਼ੁਰੂ ਕੀਤਾ ਸੀ। ਉਂਜ ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਭਾਰਤ ਸਰਕਾਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਸ ਕਾਰਵਾਈ ਹੇਠ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਅਤਿਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਹੈ, ਜਿੱਥੋਂ ਭਾਰਤ ਉੱਤੇ ਹੋਏ ਅਤਿਵਾਦੀ ਹਮਲਿਆਂ ਦੀ ਯੋਜਨਾ ਬਣਾਈ ਗਈ ਸੀ ਤੇ ਉਨ੍ਹਾਂ ਨੂੰ ਅੰਜਾਮ ਦਿੱਤਾ ਗਿਆ ਸੀ।

ਚੇਤੇ ਰਹੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 29 ਅਪਰੈਲ ਨੂੰ ਸਿਖਰਲੇ ਰੱਖਿਆ ਅਧਿਕਾਰੀਆਂ ਨਾਲ ਇੱਕ ਉਚ ਪੱਧਰੀ ਮੀਟਿੰਗ ਵਿੱਚ ਭਾਰਤੀ ਹਥਿਆਰਬੰਦ ਬਲਾਂ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਦੇ ਜਵਾਬ ਦੇ ਢੰਗ, ਟੀਚਿਆਂ ਅਤੇ ਸਮੇਂ ਬਾਰੇ ਫੈਸਲਾ ਲੈਣ ਲਈ ਪੂਰੀ ਖੁੱਲ੍ਹ ਦਿੱਤੀ ਸੀ। ਸ੍ਰੀ ਮੋਦੀ ਨੇ ‘ਅਤਿਵਾਦ ਨੂੰ ਕਰਾਰਾ ਝਟਕਾ’ ਦੇਣ ਦੇ ਕੌਮੀ ਅਹਿਦ ‘ਤੇ ਵੀ ਜ਼ੋਰ ਦਿੱਤਾ। ਇਸੇ ਦੌਰਾਨ ਪਾਕਿਸਤਾਨ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਭਾਰਤ ਵੱਲੋਂ

⇒ ਬਾਕੀ ਸਫਾ 6 ਉਤੇ ਪੜ੍ਹੋ

## ਪੰਜਾਬ ਦੇ ਪਾਣੀਆਂ ਦਾ ਝਮੇਲਾ

### ਪੰਜਾਬ ਵਿਧਾਨ ਸਭਾ ਵੱਲੋਂ ਹਰਿਆਣਾ ਨੂੰ ਪਾਣੀ ਨਾ ਦੇਣ ਦਾ ਮਤਾ ਪਾਸ

**ਜਸਵੀਰ ਸਿੰਘ ਸ਼ੀਰੀ**



ਮੁੱਖ ਮੰਤਰੀ ਭਗਵੰਤ ਮਾਨ ਦੀ ਪਹਿਲ ਕਦਮੀ ‘ਤੇ ਪੰਜਾਬ ਵਿਧਾਨ ਸਭਾ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਪਾਣੀ ਦੇਣ ਦੇ ਹੁਕਮ ਨੂੰ ਸਰਬਸੰਮਤੀ ਨਾਲ ਰੱਦ ਕਰ ਦਿੱਤਾ ਹੈ। ਇਹ ਮਤਾ ਪੰਜਾਬ ਦੇ ਪਾਣੀ ਦੇ ਸੋਮਿਆਂ ਬਾਰੇ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਪੇਸ਼ ਕੀਤਾ ਗਿਆ। ਮਤਾ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਪਾਣੀ ਦੀ ਵੱਡੀ ਤੋਟ ਨਾਲ ਜੂਝ ਰਿਹਾ ਹੈ ਅਤੇ ਕਿਸੇ ਹੋਰ ਰਾਜ ਨੂੰ ਪਾਣੀ ਦੇਣ ਦੇ ਸਮਰੱਥ ਨਹੀਂ ਹੈ। ਮੰਤਰੀ ਨੇ ਅੱਗੇ ਕਿਹਾ ਕਿ ਹਰਿਆਣਾ ਪਹਿਲਾਂ ਹੀ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ ਅਤੇ ਉਸ ਨੂੰ 4000 ਕਿਊਸਿਕ ਪਾਣੀ ਪਹਿਲਾਂ ਹੀ ਪੰਜਾਬ ਵੱਲੋਂ ਵਾਧੂ ਦਿੱਤਾ ਜਾ ਰਿਹਾ ਹੈ। ਇਹ ਪਾਣੀ ਪੰਜਾਬ ਵੱਲੋਂ ਪੀਣ ਲਈ ਮਾਨਵੀ ਆਧਾਰ ‘ਤੇ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਮਾਮਲੇ ਵਿੱਚ ਪੰਜਾਬ ਦੇ 153 ਵਿੱਚੋਂ 117 ਬਲਾਕ ਡਾਰਕ ਜ਼ੋਨ ਐਲਾਨੇ ਜਾ ਚੁੱਕੇ ਹਨ। ਝੋਨੇ ਦੀ ਫਸਲ, ਧਰਤੀ ਹੇਠਲੇ ਪਾਣੀ ਦੀ ਵਧਵੀਂ ਵਰਤੋਂ ਅਤੇ ਨਹਿਰੀ ਪਾਣੀ ਦੀ ਘੱਟ ਵਰਤੋਂ ਕਾਰਨ ਪੰਜਾਬ ਦਾ ਧਰਤੀ ਹੇਠਲਾ ਪਾਣੀ ਲਗਾਤਾਰ ਨੀਵਾਂ ਜਾ ਰਿਹਾ ਹੈ।

ਪੰਜਾਬ ਵਿਧਾਨ ਸਭਾ ਮੈਂਬਰਾਂ ਵੱਲੋਂ ਪਾਸ ਕੀਤੇ ਗਏ ਮਤੇ ਵਿੱਚ ਕਿਹਾ ਗਿਆ ਹੈ ਕਿ ਭਾਖੜਾ ਬਿਆਸ ਮੈਨੇਜਮੈਂਟ ਦਾ ਫੈਸਲਾ ਗੈਰ-ਕਾਨੂੰਨੀ ਅਤੇ ਗੈਰ ਸੰਵਿਧਾਨਕ ਹੈ ਤੇ ਇਹ ਪੰਜਾਬ ਦੇ ਹੱਕਾਂ ‘ਤੇ ਡਾਕਾ ਹੈ। ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਇਸ ਮਤੇ ਵਿੱਚ ਮੰਗ ਕੀਤੀ ਗਈ ਹੈ ਕਿ ਬੀ.ਬੀ.ਐਮ.ਬੀ. ਵੱਲੋਂ ਆਪਣਾ ਫੈਸਲਾ ਫੌਰੀ ਤੌਰ ‘ਤੇ ਮੁੜ ਵਿਚਾਰਿਆ ਜਾਵੇ। ਮਤੇ ਵਿੱਚ ਇਹ ਵੀ ਮੰਗ ਕੀਤੀ ਗਈ ਹੈ ਕਿ 1966 ਦੇ ਪੰਜਾਬ ਰੀਆਰਗੇਨਾਈਜੇਸ਼ਨ ਐਕਟ ਅਨੁਸਾਰ ਪੰਜਾਬ ਦੇ ਇੰਜੀਨੀਅਰਾਂ ਅਤੇ ਅਫਸਰਾਂ ਨੂੰ ਨਿਯੁਕਤ ਕੀਤਾ ਜਾਵੇ। ਯਾਦ ਰਹੇ, ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਾਰੀਆਂ ਰਾਜਨੀਤਿਕ ਪਾਰਟੀਆਂ ਦੀ ਇੱਕ ਮੀਟਿੰਗ ਸੱਦੀ ਗਈ ਸੀ। ਇਸ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਨੁਮਾਇੰਦਿਆਂ ਤੋਂ ਇਲਾਵਾ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਜਪਾ, ਬੀ.ਐਸ.ਪੀ., ਸੀ.ਪੀ.ਆਈ. ਅਤੇ ਸੀ.ਪੀ.ਐਮ. ਦੇ ਨੁਮਾਇੰਦਿਆਂ ਨੇ ਹਿੱਸਾ ਲਿਆ ਸੀ ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ ਪਾਣੀ ਦੇਣ ਦੇ ਆਦੇਸ਼ ਦਾ ਵਿਰੋਧ ਕੀਤਾ ਸੀ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਦੇ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ 12 ਤੋਂ 23 ਫੀਸਦੀ ਤੱਕ ਘੱਟ ਹੈ। ਅੱਗੋਂ ਝੋਨੇ ਦਾ ਸੀਜ਼ਨ ਸਿਰ ‘ਤੇ ਖੜ੍ਹਾ ਹੈ। ਇੱਥੇ ਦਿਲਚਸਪ ਤੱਥ ਇਹ ਵੀ ਹੈ ਕਿ ਪੰਜਾਬ

⇒ ਬਾਕੀ ਸਫਾ 6 ਉਤੇ ਪੜ੍ਹੋ









# ਫਿਰ ਜਾਗਿਆ ਐਸ.ਵਾਈ.ਐਲ. ਦਾ ਭੂਤ...

**ਜਸਵੀਰ ਸਿੰਘ ਮਾਂਗਟ**

ਪਿਛਲੇ ਕੁਝ ਦਿਨਾਂ ਵਿੱਚ ਪੰਜਾਬ ਨਾਲ ਸੰਬੰਧਤ ਬਹੁਤ ਸਾਰੇ ਰਲਦੇ-ਮਿਲਦੇ ਮੁੱਦੇ ਚਰਚਾ ਵਿੱਚ ਆ ਗਏ ਹਨ। ਇਵੇਂ ਐਸ.ਵਾਈ.ਐਲ. ਦਾ ਮੁੱਦਾ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ। ਹਰਿਆਣਾ ਵੱਲੋਂ ਸਾਲ 2002 ਵਿੱਚ ਸੁਪਰੀਮ ਕੋਰਟ ਵਿੱਚ ਦਾਖਲ ਕੀਤੀ ਗਈ ਇੱਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਪੰਜਾਬ ਅਤੇ ਹਰਿਆਣਾ ਨੂੰ ਹਦਾਇਤ ਕੀਤੀ ਕਿ ਇਸ ਮਸਲੇ ਦਾ ਹੱਲ ਕਰਨ ਲਈ ਕੇਂਦਰ ਨਾਲ ਪੂਰੀ ਤਰ੍ਹਾਂ ਸਹਿਯੋਗ ਕੀਤਾ ਜਾਵੇ।

ਦੇਸ਼ ਦੀ ਸਰਬਉੱਚ ਅਦਾਲਤ ਨੇ ਸਖਤ ਰੁਖ ਅਪਣਾਉਂਦਿਆਂ ਕਿਹਾ ਕਿ ਜੇ 13 ਅਗਸਤ ਤੱਕ ਇਸ ਮਸਲੇ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ ਤਾਂ ਅਦਾਲਤ ਵੱਲੋਂ ਸਖਤ ਫੈਸਲਾ ਸੁਣਵਾਇਆ ਜਾਵੇਗਾ। ਸੁਪਰੀਮ ਕੋਰਟ ਨੇ ਭਾਵੇਂ ਪੰਜਾਬ ਪ੍ਰਤੀ ਸਖਤ ਸ਼ਬਦ ਵਰਤੇ, ਪਰ ਅਦਾਲਤ ਨੇ ਆਪਣੇ ਫੈਸਲੇ ਵਿੱਚ ਇਹ ਟਿੱਪਣੀ ਵੀ ਕੀਤੀ ਕਿ ਸਤਲੁਜ ਯਮਨਾ ਲਿੰਕ ਨਹਿਰ ਦਾ ਫੈਸਲਾ ਸਿਰਫ ਕਾਨੂੰਨ ਦੇ ਆਧਾਰ 'ਤੇ ਨਹੀਂ ਕੀਤਾ ਜਾ ਸਕਦਾ। ਇਸ ਮੁੱਦੇ ਨੂੰ ਹੱਲ ਕਰਨ ਲਈ ਜ਼ਮੀਨੀ ਸੱਚਾਈ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਆਦਾਲਤ ਨੇ ਕਿਹਾ ਕਿ 'ਇਹ ਮਸਲਾ ਦੋ ਭਰਾਵਾਂ ਵਿਚਕਾਰ ਜ਼ਮੀਨ ਦੀ ਵੰਡ ਵਾਂਗ ਨਹੀਂ ਹੈ, ਸਗੋਂ ਜ਼ਮੀਨੀ ਹਕੀਕਤਾਂ ਕੀ ਹਨ, ਇਸ ਨੂੰ ਵੀ ਵੇਖਣਾ ਪਵੇਗਾ।'

ਹਿੰਦੁਸਤਾਨ ਦੀ ਸਰਬਉੱਚ ਅਦਾਲਤ ਦੇ ਉਪਰੋਕਤ ਕਥਨ ਵਿੱਚ ਹੀ ਇਸ ਮਸਲੇ ਦੇ ਹੱਲ ਦੀ ਅਸਲੀ ਸੰਭਾਵਨਾ ਪਈ ਹੈ। ਹੁਣ ਜਦੋਂ ਅਸੀਂ ਜ਼ਮੀਨੀ ਹਕੀਕਤਾਂ ਵੱਲ ਨਜ਼ਰ ਮਾਰਦੇ ਹਾਂ ਤਾਂ 1982, ਜਦੋਂ ਇਸ ਨਹਿਰ ਦੇ ਆਗਾਜ਼ ਲਈ ਕਪੂਰੀ ਵਿਖੇ ਪਹਿਲਾ ਟੱਕ ਲਗਾਇਆ ਸੀ ਤਾਂ ਜ਼ਮੀਨੀ/ਸਿਆਸੀ/ਹਾਈਡਰੌਲੋਜੀਕਲ (ਪਾਣੀ ਸੰਬੰਧ) ਹਾਲਤਾਂ ਉਹ ਨਹੀਂ ਸਨ, ਜਿਹੜੀਆਂ ਹੁਣ ਹਨ। ਇਹ ਠੀਕ ਹੈ ਕਿ ਇਸ ਨਹਿਰ ਦੀ ਉਸਾਰੀ ਦੇ ਮਾਮਲੇ ਨੂੰ ਉਲਝਾਉਣ ਵਿੱਚ ਕਾਂਗਰਸੀਆਂ ਅਤੇ ਅਕਾਲੀਆਂ- ਦੋਨਾ ਨੇ ਵਿਵਾਦਗ੍ਰਸਤ ਭੂਮਿਕਾਵਾਂ ਨਿਭਾਈਆਂ ਹਨ; ਪਰ ਹੁਣ ਜਦੋਂ ਇਨ੍ਹਾਂ ਪਾਰਟੀਆਂ ਦੀ ਨਵੀਂ ਜਨਰੇਸ਼ਨ ਕੋਲ ਆਪਣੀਆਂ ਗਲਤੀਆਂ ਦਰੁਸਤ ਕਰਨ ਦਾ ਮੌਕਾ ਹੈ ਤਾਂ ਸਮੇਂ ਨਾਲ ਇਸ ਮੁੱਦੇ ਨਾਲ ਬਹੁਤ ਸਾਰੇ ਮੁੱਦੇ ਹੋਰ ਵੀ ਜੁੜ ਗਏ ਹਨ। ਖਾਸ ਕਰਕੇ ਵਾਤਾਵਰਣ ਦੇ ਵਿਗਾੜਾਂ ਅਤੇ ਮੌਸਮੀ ਤਬਦੀਲੀਆਂ ਕਾਰਨ। ਪੰਜਾਬ ਵਿੱਚੋਂ ਵਗਦੇ ਦਰਿਆਵਾਂ ਦੇ ਪਾਣੀ ਮਾਤਰਾ ਅਤੇ ਵਹਾਓ ਕਾਫੀ ਘਟ ਗਿਆ ਹੈ। ਮੌਨਸੂਨ ਦੇ ਮਹੀਨੇ ਨੂੰ ਛੱਡ ਕੇ ਰੋਪੜ ਤੋਂ ਅੱਗੇ ਸਤਲੁਜ ਦਰਿਆ ਲਗਪਗ ਸੁੱਕਾ ਹੀ ਰਹਿੰਦਾ ਹੈ। ਰਾਵੀ ਅਤੇ ਬਿਆਸ ਵਿੱਚ ਹਾਲੇ ਇਨ੍ਹਾਂ ਦਰਿਆਵਾਂ ਦੇ ਜੀਣ ਜੋਗਾ ਪਾਣੀ ਵਗਦਾ ਹੈ, ਪਰ ਪਾਣੀ ਦੇ ਵਗਣ ਦੀ ਮਾਤਰਾ ਇਨ੍ਹਾਂ ਦਰਿਆਵਾਂ ਦੀ ਵੀ ਘਟ ਗਈ ਹੈ। ਪੰਜਾਬ ਦੇ ਡੈਮਾਂ ਵਿੱਚ ਵੀ ਪਾਣੀ ਦੀ ਮਾਤਰਾ ਘੱਟ ਹੈ।

ਬੀਤੇ ਤਿੰਨ ਦਹਾਕਿਆਂ ਵਿੱਚ ਪੰਜਾਬ ਵਿੱਚ ਮੌਜੂਦ ਰਹੀਆਂ ਸਰਕਾਰਾਂ ਨੇ ਆਪ ਵੀ ਨਹਿਰੀ ਪਾਣੀ ਦੀ ਖੇਤੀ ਲਈ ਵਰਤੋਂ ਨੂੰ ਉਤਸ਼ਾਹਿਤ ਨਹੀਂ ਕੀਤਾ, ਸਗੋਂ ਝੋਨੇ ਦੀ ਫਸਲ ਪਾਲਣ ਲਈ ਲੱਖਾਂ ਟਿਊਬਲ ਅਤੇ ਬਿਜਲੀ ਵਾਲੀਆਂ ਮੋਟਰਾਂ ਲਵਾ ਲਈਆਂ। ਇਨ੍ਹਾਂ ਮੋਟਰਾਂ ਨੇ ਝੋਨੇ ਦੀ ਫਸਲ ਪਾਲਣ ਲਈ ਮਣਾ ਮੂਹੀਂ ਜ਼ਮੀਨਦੋਜ ਪਾਣੀ ਖੇਤਾਂ ਵਿੱਚ ਸੁੱਟਿਆ। ਝੋਨਾ ਬੀਜਣ ਲਈ ਟਰੈਕਟਰਾਂ ਨਾਲ ਕੀਤੇ ਜਾਂਦੇ ਕੱਦੂ ਨੇ ਖੇਤਾਂ ਦੀ ਹੇਠਲੀ ਜ਼ਮੀਨੀ ਪਰਤ ਸੀਮੈਂਟ ਵਾਂਗ ਪੱਕੀ ਕਰ ਦਿੱਤੀ। ਇਸ ਕਾਰਨ ਪੁਰਾਣੇ ਸਮਿਆਂ ਵਿੱਚ ਜਿਹੜਾ ਮੀਂਹ ਵਾਲਾ ਪਾਣੀ ਧਰਤੀ ਵਿੱਚ ਜੀਰਦਾ ਸੀ, ਉਹ ਬੰਦ ਹੋ ਗਿਆ। ਇਸ ਤੋਂ ਇਲਾਵਾ ਪੰਜਾਬ ਵਿੱਚ ਸ਼ਹਿਰੀਕਰਨ ਨੇ ਆਪਣਾ ਬਦਸ਼ਕਲ ਵਜੂਦ ਧਾਰਨਾ ਸ਼ੁਰੂ ਕੀਤਾ। ਸਿੱਟਾ ਇਹ ਨਿਕਲਿਆ ਕਿ ਸ਼ਹਿਰਾਂ ਦਾ ਚੱਪਾ-ਚੱਪਾ ਪੱਕਾ ਹੋ ਗਿਆ। ਓਵਰ ਬ੍ਰਿਜ ਬਣ ਗਏ; ਬੇਤਰਤੀਬ ਸ਼ਹਿਰਾਂ ਦੀ ਉਸਾਰੀ ਹੋ ਗਈ। ਇਸ ਨਾਲ ਇੱਕ ਪਾਸੇ ਤਾਂ ਬਾਰਸ਼ ਕਾਰਨ ਸ਼ਹਿਰੀ ਖੇਤਰਾਂ ਵਿੱਚ ਇਕੱਠਾ ਹੋਣ ਵਾਲਾ ਪਾਣੀ ਹੜ੍ਹ ਵਰਗੀ ਸਥਿਤੀ ਬਣਾਉਣ ਲੱਗਾ ਅਤੇ ਦੂਜੇ ਪਾਸੇ ਇੱਥੇ ਵੀ ਪਾਣੀ ਧਰਤੀ ਹੇਠਾਂ ਜੀਰਨੋਂ ਬੰਦ ਹੋ ਗਿਆ। ਸਿਟੇ ਵਜੋਂ ਜ਼ਮੀਨਦੋਜ਼ ਪਾਣੀ ਦੇ ਮਾਮਲੇ ਵਿੱਚ ਪੰਜਾਬ ਦੇ ਕੁੱਲ 153 ਬਲਾਕਾਂ ਵਿਚੋਂ 117 ਡਾਰਕ ਜ਼ੋਨ ਵਿੱਚ ਆ ਗਏ।

ਇੱਕ ਹੋਰ ਵਰਤਾਰਾ ਇਹ ਵਾਪਰਿਆ ਕਿ ਜਦੋਂ ਝੋਨਾ ਮੋਟਰਾਂ ਨਾਲ ਪਲਣ ਲੱਗਾ ਤਾਂ ਕਿਸਾਨਾਂ ਨੇ ਸੁੱਕੇ ਪਏ ਕੱਸੀਆਂ ਅਤੇ ਸੂਏ ਵਗੈਰਾ ਆਪਣੇ ਖੇਤਾਂ ਵਿੱਚ ਹੀ ਵਾਹ ਲਏ। ਪੰਜਾਬ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਸ ਨੇ ਮਾਲਵੇ ਵਿੱਚ ਜ਼ਰਾਇਤ ਨੂੰ ਨਹਿਰੀ ਪਾਣੀ ਪ੍ਰਦਾਨ ਕਰਨ ਲਈ ਇਹ ਨੈਟਵਰਕ ਮੁੜ ਤੋਂ ਬਣਾਉਣਾ ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਤਾਂ ਵਧ ਹੀ ਗਈ ਹੈ, ਪਰ ਰਾਇਪੇਰੀਅਨ ਅਸੂਲਾਂ ਅਨੁਸਾਰ ਇਨ੍ਹਾਂ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਘਟ ਗਈ। ਇਸ ਤੋਂ ਇਲਾਵਾ ਬਾਰਸ਼ ਦੇ ਪਾਣੀ ਨੂੰ ਵੱਡੀ ਮਾਤਰਾ ਵਿੱਚ ਧਰਤੀ ਵਿੱਚ ਰਚਾਉਣ ਲਈ ਛੋਟੇ-ਛੋਟੇ ਚੈਕ ਡੈਮ ਬਣਾਉਣ ਦਾ ਵੀ ਅਸੀਂ ਕੋਈ ਯਤਨ ਨਹੀਂ ਕੀਤਾ। ਲਗਪਗ ਇਹੋ ਜਿਹੀ ਹੀ ਹਾਲਤ ਹਰਿਆਣਾ ਦੀ ਹੈ। ਪੰਜਾਬ ਅਤੇ ਹਰਿਆਣਾ ਵਿੱਚ ਪਾਣੀ ਦੇ ਵਿਵਾਦਾਂ ਨੂੰ ਤਾਂ ਸਿਆਸਤਦਾਨ ਵਾਰ-ਵਾਰ ਹਵਾ ਦਿੰਦੇ ਹਨ, ਪਰ ਇਸ ਤੋਂ ਬਿਨਾ ਬਾਰਸ਼ ਦਾ ਬੇਪਨਾਹ ਪਾਣੀ ਬਚਾਉਣ ਦਾ ਕੋਈ ਯਤਨ ਨਹੀਂ ਕਰਦੇ। ਨਹਿਰਾਂ ਦੇ ਪਾਣੀਂ 'ਤੇ ਝਗੜਾ ਕਰਨ ਲਈ ਲੋਕਾਂ ਦੇ ਜਜ਼ਬਾਤ ਭੜਕਾਉਣ ਲਗਦੇ ਹਨ। ਐਸ.ਵਾਈ.ਐਲ. ਨਹਿਰ ਦੀ ਜੋ ਹਾਲਤ ਅੱਜ ਪੰਜਾਬ ਵਿੱਚ ਹੈ ਅਤੇ ਜਿਸ ਤਰ੍ਹਾਂ ਦਾ ਭਾਵੁਕ ਮਸਲਾ ਪੰਜਾਬ-ਹਰਿਆਣਾ ਦੇ ਲੋਕਾਂ ਲਈ ਇਹ ਬਣ ਗਿਆ ਹੈ, ਉਸ ਹਾਲਤ ਵਿੱਚ ਇਸ ਦਾ ਹੱਲ ਰਾਜਨੀਤਿਕ ਤੌਰ 'ਤੇ ਹੀ ਹੋ ਸਕਦਾ। ਯਾਦ ਰਹੇ, ਅਕਾਲੀਆਂ ਨੇ ਆਪਣੇ ਰਾਜ ਦੇ ਆਖ਼ਰੀ ਦੌਰ ਵਿੱਚ ਇਸ ਨਹਿਰ ਦੀ ਅਕਵਾਇਰ ਕੀਤੀ ਜ਼ਮੀਨ ਡੀਨੋਟੀਫਾਈ ਕਰ ਦਿੱਤੀ ਸੀ; ਭਾਵ ਕਿਸਾਨਾਂ ਨੂੰ ਵਾਪਸ ਮੋੜ ਦਿੱਤੀ ਸੀ। ਇਸ ਤੋਂ ਪਹਿਲਾਂ ਸਾਲ 2004 ਵਿੱਚ ਕੈਪਟਨ ਸਰਕਾਰ ਨੇ ਪੰਜਾਬ ਅਸੈਂਬਲੀ ਵਿੱਚ ਇੱਕ ਬਿਲ ਸਰਬਸੰਮਤੀ ਨਾਲ ਪਾਸ ਕਰਵਾ ਲਿਆ ਸੀ, ਜਿਸ ਵਿੱਚ ਪੰਜਾਬ ਦੇ ਗੁਆਂਢੀ ਰਾਜਾਂ ਨਾਲ ਉਸ ਤੋਂ ਪਹਿਲਾਂ ਹੋਏ ਸਾਰੇ ਜਲ-ਸਮਝੌਤੇ ਰੱਦ ਕਰ ਦਿੱਤੇ ਸਨ। ਸੋ ਹਕੀਕੀ ਤੌਰ 'ਤੇ ਤਾਂ ਐਸ.ਵਾਈ.ਐਲ. ਨਹਿਰ ਦੇ ਹੱਡ ਕਦੋਂ ਦੇ ਗੰਗਾ ਪੈ ਗਏ ਹਨ, ਪਰ ਸਿਆਸਤਦਾਨਾਂ ਦੀ ਵੋਟ ਸਿਆਸਤ ਲਈ ਇਸ ਦਾ ਭੂਤ ਹਾਲੇ ਕਾਇਮ ਰੱਖਿਆ ਜਾ ਰਿਹਾ ਹੈ।

ਅਸਲ ਵਿੱਚ ਇਸ ਮਸਲੇ ਨੂੰ ਵਿਗਾੜਿਆ ਵੀ ਰਾਜਨੀਤੀ ਨੇ ਹੀ ਹੈ ਅਤੇ ਰਾਜਨੀਤੀ ਹੀ ਇਸ ਨੂੰ ਦਰੁਸਤ ਕਰ ਸਕਦੀ ਹੈ। ਅਸਲ ਰੂਪ ਵਿੱਚ ਐਸ.ਵਾਈ.ਐਲ. ਨਹਿਰ ਦੇ ਬਣਨ ਦੇ ਮੌਕੇ ਹੁਣ ਨਾ ਬਰਾਬਰ ਹਨ ਅਤੇ ਪੰਜਾਬ ਕੋਲ ਇੰਨਾ ਵਾਫਰ ਪਾਣੀ ਹੈ ਵੀ ਨਹੀਂ ਕਿ ਇੱਕ ਹੋਰ ਨਹਿਰ ਭਰ ਕੇ ਹਰਿਆਣੇ ਵੱਲ ਤੋਰੀ ਜਾਵੇ। ਇਹ ਵੇਖ ਕੇ ਕਈ ਵਾਰ ਹੈਰਤ ਹੁੰਦੀ ਹੈ ਕਿ ਭਾਰਤ ਦੇ ਸੀਨੀਅਰ ਸਿਆਸਤਦਾਨ ਤੇ ਅਫਸਰਸ਼ਾਹੀ ਅਤੇ ਮੀਡੀਆ ਵਿੱਚ ਬੈਠੇ ਐਡੀਟਰ ਇੰਨੇ ਅਕਲੋਂ ਸੱਖਣੇ ਹਨ ਕਿ ਉਹ ਕਿਸੇ ਰਾਜ ਦੀ ਹਕੀਕੀ ਸਥੀਤੀ ਦਾ ਜਾਇਜ਼ਾ ਵੀ ਨਹੀਂ ਲੈ ਸਕਦੇ? ਖਾਸ ਕਰਕੇ ਮੀਡੀਆ ਤੇ ਅਦਾਲਤਾਂ ਆਪਣੇ ਆਪ ਨੂੰ ਨਿਰਪੱਖ ਸੰਸਥਾਵਾਂ ਐਲਾਨਦੀਆਂ ਹਨ ਅਤੇ ਕਾਨੂੰਨ ਸਾਹਮਣੇ ਸਾਰੇ ਬਰਾਬਰ ਹਨ, ਦਾ ਲਕਬ ਪੜ੍ਹਦੀਆਂ ਹਨ, ਪਰ ਆਪਣੇ ਫੈਸਲਿਆਂ ਮੌਕੇ ਇੱਕ ਪੱਖ ਵੱਲ ਨਜ਼ਰ ਕੈਰੀ ਕਿਉਂ ਕਰ ਲੈਂਦੀਆਂ ਹਨ?

ਐਨ ਉਸ ਸਮੇਂ ਜਦੋਂ ਪਾਕਿਸਤਾਨ ਨਾਲ ਕਸ਼ੀਦਗੀ ਸਿਖ਼ਰਾਂ 'ਤੇ ਹੈ ਤਾਂ ਪੰਜਾਬ ਹਰਿਆਣਾ ਵਿਚਕਾਰ ਪਾਣੀ ਦੇ ਮਸਲਿਆਂ ਨੂੰ ਹਵਾ ਦੇਣੀ ਆਪਣੇ ਆਪ ਵਿੱਚ ਹੀ ਇੱਕ ਗੁਨਾਹ ਵਾਂਗ ਹੈ। ਕੁਝ ਮੀਡੀਆ ਗਰੁਪਾਂ ਦਾ ਤਾਂ ਕਹਿਣਾ ਹੈ ਕਿ ਇਹੋ ਜਿਹੇ ਮਸਲੇ ਅਸਲ ਵਿੱਚ ਪਿੱਛੇ ਜਿਹੇ ਚੱਲੇ ਵੱਡੇ ਕਿਸਾਨ ਅੰਦੋਲਨ ਦੌਰਾਨ ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਦੇ ਕਿਸਾਨਾਂ ਵਿਚਕਾਰ ਬਣੀ ਏਕਤਾ ਨੂੰ ਤੋੜਨ ਦਾ ਯਤਨ ਮਾਤਰ ਹੈ। ਪਿਛੇ ਜਿਹੇ ਇਸ ਕਿਸਮ ਦੀਆਂ ਸੋਸ਼ਲ ਮੀਡੀਆ ਵੀਡੀਓਜ਼ ਵੀ ਸਾਹਮਣੇ ਆਈਆਂ ਸਨ ਕਿ ਹਰਿਆਣਾ ਦੇ ਕਿਸਾਨ 'ਸਿੱਖ' ਬਣਨ ਦੇ ਇੱਛੁਕ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਬਣੇ ਵੀ ਹਨ। ਇਸ ਧਾਰਾ ਨੂੰ ਉਲਟੇ ਰੁਖ ਮੋੜਨ ਲਈ ਇਹ ਯਤਨ ਸਕਰਿਪਟਡ ਵੀ ਹੋ ਸਕਦੇ ਹਨ। ਉਦੋਂ ਜਦੋਂ ਪਾਕਿਸਤਾਨ ਨਾਲ ਜੰਗ ਦੀ ਤਿਆਰੀ ਲਈ ਮੌਕ ਡਰਿਲਾਂ ਹੋ ਰਹੀਆਂ ਹਨ ਤਾਂ ਇਹ ਕਥਿਤ ਸਕਰਿਪਟਡ ਗਤੀਵਿਧਿਆਂ ਬੇਹੱਦ ਖਤਰਨਾਕ ਵਹਿਣ ਵੀ ਅਖਤਿਆਰ ਕਰ ਸਕਦੀਆਂ ਹਨ। ਇਨ੍ਹਾਂ ਤੋਂ ਜਿੰਨਾ ਬਚਾਅ ਰੱਖਿਆ ਜਾ ਸਕੇ, ਓਨਾ ਹੀ ਬੇਹਤਰ ਹੈ!

# ਮੈਟ ਗਾਲਾ 'ਚ ਦਿਲਜੀਤ ਦੋਸਾਂਝ ਦੀ ਮਹਾਰਾਜੇ ਵਾਲੀ ਦਿੱਖ ਦੇ ਚਰਚੇ

## *ਪੋਸ਼ਾਕ 'ਤੇ ਉਕਰੀ ਸੀ ਮੁਹਾਰਨੀ


ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੌਸਾਂਝ ਪਹਿਲੀ ਵਾਰ ਨਿਊ ਯਾਰਕ 'ਚ ਫ਼ੈਸ਼ਨ ਦੀ ਦੁਨੀਆਂ ਦੇ ਇੱਕ ਵੱਡੇ ਈਵੈਂਟ 'ਮੈਟ ਗਾਲਾ' ਵਿੱਚ ਨਜ਼ਰ ਆਇਆ। ਦਿਲਜੀਤ ਨੇ ਮਹਾਰਾਜਿਆਂ ਵਰਗੀ ਪੋਸ਼ਾਕ ਪਹਿਨੀ ਸੀ, ਜਿਸ ਉਤੇ ਪੰਜਾਬੀ ਦੀ ਮੁਹਾਰਨੀ ਲਿਖੀ ਹੋਈ ਸੀ। ਦੱਸ ਦਈਏ ਕਿ ਮੈਟ ਗਾਲਾ ਨਿਊ ਯਾਰਕ ਵਿੱਚ ਮੈਟਰੋਪੋਲੀਟੀਅਨ ਮਿਊਜ਼ੀਅਮ ਆਫ ਆਰਟ 'ਚ ਕੱਪੜਿਆਂ ਦੇ ਇੰਸਟੀਟਿਊਟ ਲਈ ਕਰਵਾਇਆ ਗਿਆ ਸਾਲਾਨਾ ਪ੍ਰੋਗਰਾਮ ਹੁੰਦਾ ਹੈ।

ਮੈਟ ਗਾਲਾ ਦਾ ਇਸ ਵਾਰ ਦਾ ਥੀਮ- ਸਿਆਹ ਰੰਗ ਦੇ ਕੱਪੜਿਆਂ ਨਾਲ ਜੁੜੇ ਸਟਾਇਲ ਦਿਖਾਉਣਾ ਹੈ, ਜਿਸ ਨੂੰ ਨਾਮ ਦਿੱਤਾ ਗਿਆ, 'ਦਿ ਮੈਟ ਗਾਲਾ-ਸੈਲੈਬ੍ਰੇਟਿੰਗ ਸੁਪਰਫ਼ਾਇਨ: ਟੇਲਰਿੰਗ ਬਲੈਕ ਸਟਾਇਲ।' ਫੈਸ਼ਨ ਦੀ ਦੁਨੀਆਂ ਦੇ ਸਭ ਤੋਂ ਪ੍ਰਮੁੱਖ ਪ੍ਰੋਗਰਾਮਾਂ ਵਿੱਚੋਂ ਇੱਕ ਮੈਟ ਗਾਲਾ ਨੂੰ ਇਸ ਵਾਰ ਫ਼ੈਰੇਲ ਵਿਲੀਅਮਜ਼ ਅਤੇ ਲੀਊਸ ਹੈਮਿਲਟਨ ਚੇਅਰ ਕਰ ਰਹੇ ਹਨ। ਇਸ ਪ੍ਰੋਗਰਾਮ ਜ਼ਰੀਏ ਮੈਟਰੋਪੋਲੀਟੀਅਨ ਮਿਊਜ਼ੀਅਮ ਆਫ ਆਰਟਜ਼ ਕਾਸਟਿਊਮ ਇੰਸਟੀਚਿਊਟ ਲਈ ਪੈਸੇ ਵੀ ਇਕੱਠੇ ਕੀਤੇ ਜਾਂਦੇ ਹਨ।

ਇਸ ਪ੍ਰੋਗਰਾਮ ਵਿੱਚ ਹਰ ਸਾਲ ਫ਼ਿਲਮ, ਫ਼ੈਸ਼ਨ ਅਤੇ ਸੰਗੀਤ ਜਗਤ ਦੀਆਂ ਦੁਨੀਆਂ ਭਰ ਦੀਆਂ ਮੰਨੀਆਂ-ਪ੍ਰਮੰਨੀਆਂ ਸ਼ਖ਼ਸੀਅਤਾਂ ਹਿੱਸਾ ਲੈਂਦੀਆਂ ਹਨ। ਇਹ ਸਮਾਗਮ ਆਪਣੇ ਖ਼ਾਸ ਮਹਿਮਾਨਾਂ ਦੀ ਸੂਚੀ, ਮਹਿੰਗੀਆਂ ਟਿਕਟਾਂ ਅਤੇ ਵਿਸ਼ੇਸ਼ ਤੌਰ 'ਤੇ ਆਪਣੇ ਆਸਾਧਰਣ ਦਿੱਖ ਵਾਲੇ ਕੱਪੜਿਆਂ ਕਰਕੇ ਵੀ ਜਾਣਿਆ ਜਾਂਦਾ ਹੈ, ਜੋ ਹਰ ਸਾਲ ਵੱਖਰੀ-ਵੱਖਰੀ ਥੀਮ ਉਤੇ ਆਧਾਰਿਤ ਹੁੰਦੇ ਹਨ।

ਦਿਲਜੀਤ ਤੋਂ ਇਲਾਵਾ ਸ਼ਾਹਰੁਖ਼ ਖਾਨ, ਪ੍ਰਿਯੰਕਾ ਚੌਪੜਾ, ਨਿਕ ਜੌਨਜ਼ ਅਤੇ ਕਿਆਰਾ ਅਡਵਾਨੀ ਵੀ ਆਪੋ ਆਪਣੇ ਅੰਦਾਜ਼ ਵਿੱਚ ਨਜ਼ਰ ਆਏ। ਪ੍ਰਿਅੰਕਾ ਚੋਪੜਾ ਅਤੇ ਨਿਕ ਜੌਨਸ ਮੁਤਾਬਕ ਉਨ੍ਹਾਂ ਦੀ ਪਹਿਲੀ ਮੁਲਾਕਾਤ ਵੀ ਮੈਟ ਗਾਲਾ ਵਿੱਚ ਹੀ ਸਾਲ 2017 ਵਿੱਚ ਹੋਈ ਸੀ। ਅਦਾਕਾਰਾ ਕਿਆਰਾ ਅਡਵਾਨੀ ਨੇ ਡਿਜ਼ਾਈਨਰ ਗੌਰਵ ਗੁਪਤਾ ਦਾ ਤਿਆਰ ਕੀਤਾ ਬਲੈਕ ਐਂਡ ਵਾਈਟ ਗਾਊਨ ਪਹਿਨਿਆ।

ਇਸ ਮੌਕੇ 160 ਮਿਲੀਅਨ ਤੋਂ ਵੱਧ ਫਾਲੋਅਰਜ਼ ਦੇ ਨਾਲ ਇਤਾਲਵੀ ਕਾਮੇਡੀਅਨ ਅਤੇ ਇਨਫ਼ਲੂਐਂਸਰ ਖੈਬੀ ਲੇਮ ਟਿਕ-ਟਾਕ 'ਤੇ ਇੱਕ ਮਸ਼ਹੂਰ ਸ਼ਖਸੀਅਤ ਹੈ। ਉਸ ਨੇ ਦਰਜਨਾਂ ਜੇਬ ਘੜੀਆਂ ਨਾਲ ਢੱਕਿਆ ਹੋਇਆ ਸੂਟ ਪਹਿਨਿਆ। ਗਾਇਕਾ ਰਿਆਨਾ ਗਰਭਵਤੀ ਹੈ ਅਤੇ ਉਹ ਬਲੂ ਕਾਰਪੈਟ ਉਤੇ ਕਾਲੇ ਕੋਟ ਕਾਲਰ ਵਾਲੇ ਗਾਉਨ ਵਿੱਚ ਨਜ਼ਰ ਆਈ। ਸੰਗੀਤਕਾਰ ਐਂਡਰੇ ਦੇ ਕੋਰਟ ਨਾਲ ਪਿਆਨੋ ਬੰਨ੍ਹਿਆ ਹੋਇਆ ਸੀ।




Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com


SALDEF
Sikh American Legal Defense and Education Fund
SIKHS IN STORYTELLING
Sunday, 11 May 2025
Doors Open at 2PM
+ DELICIOUS FREE FOOD!
JOIN US FOR AN UNFORGETTABLE AFTERNOON CELEBRATING THE RICH CULTURE, ARTISTRY, AND STORIES OF THE SIKH AMERICAN COMMUNITY
INKQUISITIVE
World Renowned Artist and Storyteller
PJ RANDHAWA
Award Winning Investigative Journalist at NBC
HUMBLE THE POET
Author, Speaker, Designer, Filmmaker
JAG BAINS
First Sikh-Punjabi Contestant and Winner of Big Brother 25
DJ MISS BHALLA
DJ and Entertainer
KARMICK
Sikhest Rock Band
MLAAH SINGH
Model and Actress
PARDEEP KALEKA
Author and Anti-Hate Advocate, Oak Creek Sikh Gurdwara
ARVEEN KOHLI
Founder and CEO of 11th Dimension Services
JEEVIN SINGH NEELAM
Actor
KEYNOTE
MOHANBIR SAWHNEY
Globally recognized scholar, teacher, consultant
RANJEEV PURI
Michigan State Democratic Leader, 24th House District
EVENT HIGHLIGHTS:
ENGAGING WORKSHOPS
EXCITING PANELS
LOCAL SIKH ART EXHIBIT
GET TICKETS NOW!
SCAN
The Copernicus Center
Chicago, IL 60630
SIKHSINSTORYTELLING.EVENTBRITE.COM

# ਡੁੱਬੀ ਤੇ ਤਾਂ ਜੇ ਸਾਹ ਨਾ ਆਇਆ...

## ਵੇਸ਼ਵਾਗਮਨ ਸਿਆਸਤ ਵੇਸ਼ਵਾਗਮਨ ਸਭਿਆਚਾਰ ਹੀ ਪੈਦਾ ਕਰ ਸਕਦੀ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਵਿੱਚ ਜਿਹੜੀ ਸਿਆਸਤ ਹੋ ਰਹੀ ਹੈ, ਉਸ ਦਾ ਕੋਈ ਸਮੂਹਿਕ ਮਕਸਦ ਨਹੀਂ ਹੈ। ਰਾਜਨੀਤਿਕ ਪਾਰਟੀਆਂ ਵਿੱਚ ਕੁਝ ਚੰਗੇ ਵਿਅਕਤੀਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਸਮੂਹਿਕ ਪਾਰਟੀ ਸੰਗਠਨ ਇਸ ਧਰਤੀ ਲਈ ਬੋਝ ਬਣ ਗਏ ਹਨ। ਇਨ੍ਹਾਂ ਦੀ ਅਸਲ ਵਿੱਚ ਨਾ ਕੋਈ ਵਿਚਾਰਧਾਰਾ ਹੈ, ਨਾ ਹੀ ਇਹ ਕਿਸੇ ਸਮੂਹ ਦੀ ਅਗਵਾਈ ਕਰਦੇ ਹਨ, ਨਾ ਇਹ ਇਸ ਧਰਤੀ ਨਾਲ ਕੋਈ ਮੋਹ ਪਿਆਰ ਵਾਲਾ ਰਿਸ਼ਤਾ ਰੱਖਦੇ ਹਨ ਅਤੇ ਨਾ ਹੀ ਇਨ੍ਹਾਂ ਕੋਲ ਅਜਿਹਾ ਕੋਈ ਆਦਰਸ਼ ਜਾਂ ਸੁਪਨਾ ਹੈ, ਜਿਸ ਨੂੰ ਇਨ੍ਹਾਂ ਨੇ ਸਾਕਾਰ ਕਰਨਾ ਹੋਵੇ। ਸੁਪਨਾ, ਜਿਸ ਰਾਹੀਂ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਾ ਹੋਵੇ। ਇਹ ਲੋਕ ਅਸਲ ਵਿੱਚ ਆਪਣੀਆਂ ਨਿੱਜੀ ਗਰਜ਼ਾਂ ਲਈ ਲੋਕ ਹਿੱਤਾਂ ਦੇ ਉਲਟ ਕੰਮ ਕਰ ਰਹੇ ਹਨ। ਇਨ੍ਹਾਂ ਲਈ ਅਸੈਂਬਲੀਆਂ ਦੀ ਮੈਂਬਰੀ ਤਨਖਾਹਾਂ, ਭੱਤਿਆਂ, ਸਿਹਤ ਸਹੂਲਤਾਂ, ਗੱਡੀਆਂ ਮੋਟਰਾਂ, ਬਾਡੀਗਾਰਡਾਂ ਦਾ ਟੌਹਰ ਟੱਪਾ ਆਦਿ ਨਾਲ ਜੁੜੀ ਹੋਈ ਹੈ। ਚੋਣਾਂ ਵਿੱਚ ਨਿਵੇਸ਼ ਹੋਏ ਪੈਸੇ ਦਾ ਕਈ ਗੁਣਾ ਵੱਧ ਬਣਾ ਕੇ ਮੁਨਾਫਾ ਕੱਢਣਾ ਇਨ੍ਹਾਂ ਦਾ ਕੇਂਦਰੀ ਹਿੱਤ ਬਣ ਗਿਆ ਹੈ। ਲੋਕਾਂ ਦੀ ਗੱਲ ਚਾਰ ਕੁ ਦਿਨ ਹੁੰਦੀ ਹੈ, ਜਦੋਂ ਵੋਟਾਂ ਹਾਸਲ ਕਰਨੀਆਂ ਹੁੰਦੀਆਂ ਹਨ, ਬਾਅਦ ਵਿੱਚ ਸਾਰੇ ਕੰਮ ਆਪਣੇ ਫੀਲ੍ਹਿਆਂ ਰਾਹੀਂ ਰਿਸ਼ਵਤ ਲੈ ਕੇ ਕੀਤੇ ਜਾਂਦੇ ਹਨ।

ਸਾਰੀਆਂ ਪਾਰਟੀਆਂ ਅੰਦਰ ਵਿਚਰਦਾ ਪੰਜਾਬ ਦਾ ਰੂਲਿੰਗ ਐਲੀਟ ਅਸਲ ਵਿੱਚ ਇਕ ਵੱਖਰੀ ਕਲਾਸ ਦਾ ਰੂਪ ਧਾਰ ਗਿਆ ਹੈ। ਇਸ ਦੇ ਹਿੱਤ ਲੋਕਾਂ ਨਾਲੋਂ ਇੱਕ ਦੂਜੇ ਨਾਲ ਵੱਧ ਜੁੜ ਗਏ ਹਨ। ਕਿਸੇ ਵੀ ਸਿਆਸੀ ਆਗੂ ਲਈ ਨਾ ਕਿਸੇ ਵਿਚਾਰਧਾਰਾ ਦਾ ਬੰਧਨ ਹੈ, ਨਾ ਹੀ ਉਨ੍ਹਾਂ ਲੋਕਾਂ ਦੀ ਕੋਈ ਸ਼ਰਮ ਹਇਆ ਹੈ, ਜਿਨ੍ਹਾਂ ਦੀ ਉਹ ਅਗਵਾਈ ਕਰਨ ਦਾ ਦਾਅਵਾ ਕਰਦਾ ਹੈ। ਸਾਡੇ ਅੱਜ ਦੇ ਸਿਆਸੀ ਆਗੂ ਅੱਤਿ ਦੇ ਲਾਲਚੀ, ਗੁੰਡਾ ਅਤੇ ਲੰਪਨ ਬਿਰਤੀ ਦੇ ਮਾਲਕ ਹਨ। ਇਹ ਇਸੇ ਕਰਕੇ ਹੈ ਕਿ ਕਿਸੇ ਸਿਆਸੀ ਪਾਰਟੀ ਦਾ ਆਗੂ ਸਵੇਰੇ ਭਾਜਪਾ 'ਚ ਹੁੰਦਾ ਹੈ, ਸ਼ਾਮ ਨੂੰ ਕਾਂਗਰਸ ਵਿੱਚ ਅਤੇ ਅਗਲੇ ਦਿਨ 'ਆਪ' ਵਿੱਚ ਚਲਾ ਜਾਂਦਾ ਹੈ। ਜਿਧਰ ਵੀ ਤਾਕਤ ਅਤੇ ਚਾਰ ਦਮੜੇ ਜ਼ਿਆਦਾ ਲੱਭਣ ਦੀ ਆਸ ਹੁੰਦੀ ਹੈ, ਉਧਰ ਤੁਰ ਜਾਂਦੇ ਹਨ। ਅੰਦਰੋ-ਅੰਦਰੀ ਵੱਖ-ਵੱਖ ਪਾਰਟੀਆਂ ਦੇ ਆਗੂਆਂ ਦੀਆਂ ਆਪਸ ਵਿੱਚ ਰਿਸ਼ਤੇਦਾਰੀਆਂ ਵੀ ਹਨ। ਸੱਤਾ ਵਿੱਚ ਆਉਣਾ ਇਨ੍ਹਾਂ ਦਾ ਕਿੱਤਾ ਹੈ ਤੇ ਇਸ ਕਿੱਤੇ ਰਾਹੀ ਇਹ ਸੇਵਾ ਉਨ੍ਹਾਂ ਦੀ ਨਹੀਂ ਕਰਦੇ, ਜਿਨ੍ਹਾਂ ਤੋਂ ਵੋਟਾਂ ਹਾਸਲ ਕੀਤੀਆਂ ਹਨ; ਸਗੋਂ ਵੱਢੇ ਧਨ ਕੁਬੇਰਾਂ, ਵੱਡੀਆਂ ਕਾਰਪੋਰੇਸ਼ਨਾਂ ਅਤੇ ਆਪਣੇ ਤੋਂ ਵੱਡੇ ਜਾਂ ਛੋਟੇ ਸਿਆਸੀ ਬੰਦਿਆਂ, ਠੱਗ ਉਦਯੋਗਪਤੀਆਂ ਦੀ ਕਰਦੇ ਹਨ।

ਉਂਝ ਤੇ ਸਾਰੇ ਦੇਸ਼ ਵਿੱਚ ਹੀ ਇਹ ਹਾਲ ਹੈ, ਪਰ ਸਾਡੇ ਇਹ ਬੀਮਾਰੀ ਬਹੁਤ ਤੇਜ਼ੀ ਨਾਲ ਫੈਲੀ ਹੈ ਅਤੇ ਪਿੰਡਾਂ ਵਿੱਚ ਇਸ ਦੀ ਲਾਗ ਨੇ ਪੇਂਡੂ ਭਾਈਚਾਰਿਆਂ ਨੂੰ ਦੁਸ਼ਮਣਾਨਾ ਵਿਰੋਧੀਆਂ ਵਿੱਚ ਵੰਡ ਦਿੱਤਾ ਜਾਂਦਾ। ਲੋਕਾਂ ਨੂੰ ਮੁਫਤ ਸਹੂਲਤਾਂ ਦੇ ਅਜਿਹੀ ਗੇਝ ਪਾਈ ਹੈ ਕਿ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਆਪਣੇ ਕਿਰਤ-ਕਰਮ ਵੱਲ ਪਿੱਠ ਕਰ ਲਈ ਹੈ। ਸਾਡੀ ਸਿਆਸੀ ਜਮਾਤ ਦੀ ਐਸ਼ੋ ਇਸ਼ਰਤ ਦਾ ਸਾਡੇ ਨੌਜਵਾਨਾਂ 'ਤੇ ਖਾਸ ਕਰਕੇ ਪੇਂਡੂ ਨੌਜਵਾਨਾਂ 'ਤੇ ਪ੍ਰਭਾਵ ਇਹ ਹੈ ਕਿ ਹਰੇਕ ਮੁੰਡਾ ਆਪਣੇ ਆਪ ਨੂੰ ਮੁੱਖ ਮੰਤਰੀ ਸਮਝਦਾ ਹੈ। ਚਿੱਟੇ ਕੁੜਤੇ ਪਜਾਮੇ, ਕੰਨਾਂ ਵਿੱਚ ਨੱਤੀਆਂ, ਬਾਹਾਂ 'ਤੇ ਟੈਟੂ, ਗੱਡੀਆਂ ਜਾਂ ਮੋਟਰ ਸਾਇਕਲ, ਮੁਫਤ ਦੀ ਸ਼ਰਾਬ ਤੇ ਮੁਫਤ ਦਾ ਪੈਟਰੋਲ ਇਹੋ ਚੀਜ਼ਾਂ ਇਨ੍ਹਾਂ ਦੀ ਹਸਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਹੜੇ ਕੁਝ ਹੁਸ਼ਿਆਰ ਹਨ, ਉਹ ਬਾਹਰਲੇ ਮੁਲਕਾਂ ਵੱਲ ਨਿਕਲ ਰਹੇ ਹਨ।

ਪੰਜਾਬ ਜਿਸ ਸਥਿਤੀ ਵਿੱਚ ਅੱਜ ਫਸਿਆ ਹੋਇਆ, ਉਸ ਵਿੱਚੋਂ ਇਹ ਲੋਭੀ ਸਿਆਸਤਦਾਨ ਨਹੀਂ ਕੱਢ ਸਕਦੇ। ਇਹਦੇ ਲਈ ਬੜੀ ਸੂਝਵਾਨ, ਸੰਸਾਰ ਦੀਆਂ ਮੌਜੂਦਾ ਸਿਆਸੀ ਹਾਲਤਾਂ ਨੂੰ ਸਮਝਣ ਵਾਲੀ ਅਤੇ ਆਪਣੇ ਲੋਕਾਂ ਅਤੇ ਕੁਦਰਤੀ ਚੌਗਿਰਦੇ ਨੂੰ ਸਮਝਣ ਵਾਲੀ ਲੀਡਰਸ਼ਿਪ ਦੀ ਲੋੜ ਹੈ, ਜਿਸ ਕੋਲ ਭਵਿੱਖ ਦਾ ਕੋਈ ਜਾਨਦਾਰ ਸੁਪਨਾ ਵੀ ਹੋਵੇ। ਮੌਜੂਦਾ ਸਥਾਪਤ ਪਾਰਟੀਆਂ ਨਾ ਤਾਂ ਇੱਡੇ ਗੁੰਝਲਦਾਰ ਹਾਲਾਤ ਨੂੰ ਸਮਝਣ ਦੇ ਸਮਰੱਥ ਹਨ ਅਤੇ ਨਾ ਹੀ ਉਨ੍ਹਾਂ ਕੋਲ ਮੌਜੂਦਾ ਵਿਕਾਸ ਮਾਡਲ ਦਾ ਕੋਈ ਬਦਲ ਮੌਜੂਦ ਹੈ।

ਪਰ ਇਸ ਸਾਰੇ ਨਿਘਾਰ ਦੇ ਬਾਵਜੂਦ ਪੰਜਾਬੀ ਸਮਾਜ ਵਿੱਚ ਇੱਕ ਬੇਚੈਨ ਆਤਮਾ ਦਾ ਵਾਸਾ ਜ਼ਰੂਰ ਹੈ, ਜਿਹੜਾ ਕੋਈ ਆਸ ਦੀ ਕਿਰਨ ਜਗਾਉਂਦਾ ਹੈ। ਆਮ ਆਦਮੀ ਪਾਰਟੀ ਨੂੰ ਜਿਸ ਸ਼ਿਦਤ ਨਾਲ ਪੰਜਾਬ ਦੇ ਲੋਕਾਂ ਨੇ ਜਿਤਾਇਆ ਅਤੇ ਜਿੰਨੀ ਤੇਜ਼ੀ ਨਾਲ ਇਸ ਤੋਂ ਬਦਜ਼ਨ ਹੋਏ ਅਤੇ ਸਿਮਰਨਜੀਤ ਸਿੰਘ ਮਾਨ ਨੂੰ ਜ਼ਿਮਨੀ ਚੋਣ ਜਿਤਾਈ, ਉਹ ਇਸ ਬੇਚੈਨੀ ਦਾ ਹੀ ਪ੍ਰਗਟਾਵਾ ਸੀ। ਆਪਣੇ ਬਹੁਤ ਸਾਰੇ ਦਾਅਵਿਆਂ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਖਿਲਾਫ ਲੋਕਾਂ ਦੀ ਨਾਰਾਜ਼ਗੀ ਹਰ ਆਏ ਦਿਨ ਵਧ ਰਹੀ ਹੈ। ਖਾਸ ਕਰਕੇ ਕਿਸਾਨ ਜਥੇਬੰਦੀਆਂ ਨਾਲ ਜਿਸ ਤਰ੍ਹਾਂ ਨਾਲ ਨਿਪਟਿਆ ਜਾ ਰਿਹਾ, ਇਹ ਬਹੁਤ ਖ਼ਤਰਨਾਕ ਖੇਡ ਹੈ। ਇਸ ਤਰ੍ਹਾਂ ਲਗਦਾ ਹੈ ਕਿ ਕਿਸਾਨਾਂ ਨੂੰ ਕੁੱਟਣ, ਦਬਾਉਣ, ਦਵੱਲਣ ਅਤੇ ਬੇਆਵਾਜ਼ ਕਰਨ ਦਾ ਕੰਮ ਕੇਂਦਰ ਦੀ ਥਾਂ ਪੰਜਾਬ ਸਰਕਾਰ ਨੇ ਸਾਂਭ ਲਿਆ ਹੈ। ਇੱਕ ਪਾਸੇ ਤੇ ਸਰਕਾਰ ਬੀ.ਬੀ.ਐਮ.ਬੀ. ਨਾਲ ਇੱਟ ਖੜੱਕਾ ਕਰਕੇ ਪੰਜਾਬ ਦੇ ਪਾਣੀਆਂ ਦੇ ਰਾਖੇ ਬਣਨ ਦਾ ਯਤਨ ਕਰ ਰਹੀ ਹੈ, ਦੂਜੇ ਪਾਸੇ ਕਿਸਾਨਾਂ ਨੂੰ ਆਪਣੇ ਜਾਇਜ਼ ਮਸਲਿਆਂ ਦੇ ਹੱਲ ਲਈ ਵੀ ਇਕੱਤਰ ਨਹੀਂ ਹੋਣ ਦੇ ਰਹੀ। ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਵਰਗੀਆਂ ਪੱਗਾਂ ਬੰਨ੍ਹ ਕੇ ਸਹੁੰਆਂ ਚੁੱਕਣ ਵਾਲੀ ਸਰਕਾਰ ਕਿਸਾਨਾਂ ਨੂੰ ਪੁਰ ਅਮਨ ਪ੍ਰੋਟੈਸਟ ਕਰਨ ਤੋਂ ਧੱਕੇ ਨਾਲ ਰੋਕ ਰਹੀ ਹੈ।


ਪੰਜਾਬ ਦੇ ਇੱਕ ਵਿਦਵਾਨ ਹਰਿਵਿੰਦਰ ਸਿੰਘ ਭੱਟੀ ਨੇ ਇਹ ਬਿਲਕੁਲ ਸਹੀ ਨੋਟ ਕੀਤਾ ਹੈ ਕਿ ਜੇ ਤੁਸੀਂ ਲੋਕਾਂ ਨੂੰ ਉਨ੍ਹਾਂ ਦੇ ਸੰਵਿਧਾਨਿਕ ਅਤੇ ਲੋਕਤੰਤਰਿਕ ਢੰਗ ਨਾਲ ਪ੍ਰੋਟੈਸਟ ਕਰਨ ਦੇ ਅਧਿਕਾਰ ਤੋਂ ਵਾਂਝੇ ਕਰੋਗੇ, ਫਿਰ ਇਹ ਰੋਸ ਹਿੰਸਕ ਟਕਰਾਅ ਦਾ ਰੂਪ ਵੀ ਲੈ ਸਕਦਾ ਹੈ। ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਨੂੰ ਇਸ ਤੋਂ ਬੇਹੱਦ ਸੁਚੇਤ ਰਹਿਣਾ ਚਾਹੀਦਾ ਹੈ। ਕਿਸਾਨ ਵਿਰੋਧ ਦੀਆਂ ਅਸਲ ਭਾਵਨਾਵਾਂ ਤੱਕ ਆਪਣੀ ਪਹੁੰਚ ਕਰਨੀ ਚਾਹੀਦੀ ਹੈ। ਇਨ੍ਹਾਂ ਵਿਰੋਧਾਂ ਦੇ ਵਿਚਕਾਰ ਹੀ ਪੰਜਾਬੀ/ਸਿੱਖ ਕੌਮੀਅਤ ਦੇ ਵਿਕਾਸ ਦੀ ਇਕ ਉਮੰਗ ਵੀ ਉਸਲਵੱਟੇ ਲੈ ਰਹੀ ਹੈ। ਇਹ ਕਦੋਂ ਅਤੇ ਕਿੱਥੋਂ ਫੁੱਟ ਪਵੇ, ਪਤਾ ਵੀ ਨਹੀਂ ਲੱਗਣਾ। ਪੰਜਾਬ ਦੀ ਇਸ ਉਮੰਗ ਨੂੰ ਦਬਾ ਕੇ ਤੁਸੀਂ ਪੰਜਾਬ ਦਾ ਕੋਈ ਵਿਕਾਸ ਨਹੀਂ ਕਰ ਸਕਦੇ। ਪੰਜਾਬ ਦੀ ਇੱਕ ਵੱਖਰੇ ਸਭਿਆਚਾਰ ਵਜੋਂ ਆਪਣੀ ਵਿਲੱਖਣਤਾ ਨਾਲ ਜਿਊਣ ਦੀ ਚਾਹਤ ਨੂੰ ਮਾਰ ਕੇ ਵੱਡੇ-ਵੱਡੇ ਹਾਈਵੇ ਬਣਾਏ ਜਾ ਸਕਦੇ ਹਨ। ਹਾਈਵੇ ਕੇਂਦਰ ਅਤੇ ਉਨ੍ਹਾਂ ਦੇ ਝੋਲੀ ਚੁੱਕ ਪੰਜਾਬੀ ਲਾਣੇ ਦੀਆਂ ਨਿੱਜੀ ਜਾਇਦਾਦਾਂ ਵਿੱਚ ਤਾਂ ਅਥਾਹ ਵਾਧਾ ਕਰ ਦੇਣਗੇ, ਪਰ ਇਨ੍ਹਾਂ ਸੜਕਾਂ ਨਾਲ ਜਿਹੜੀ ਹੋਟਲ ਇੰਡਸਟਰੀ ਵਧੇਗੀ, ਉਹ ਪੰਜਾਬ ਵਿੱਚ ਵੇਸ਼ਵਾਗਮਨੀ ਨੂੰ ਜਨਮ ਦੇਵੇਗੀ। ਵੇਸ਼ਵਾਗਮਨ ਸਿਆਸਤ ਵੇਸ਼ਵਾਗਮਨ ਸਭਿਆਚਾਰ ਹੀ ਪੈਦਾ ਕਰ ਸਕਦੀ ਹੈ!

PROP. SUNNY BAGGA
Raja Bollywood Studio

Wedding & All Events Photography
Pre / Post Wedding Photography
Candid Photography
Cinematography Video
Video Editing
High Defination Video Coverage
Live Project On You Tube
CONTACT US...
USA- +1 331-230-9179
INDIA- 98141-00239 , 98142-00239
E-Mail- rajabollywoodstudio2@gmail.com
rajabollywoodstudio
Raja Bollywood Studio

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

Atlantis Banquets
1273 North Rand Road, Arlington Heights, IL 60004
Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com
Under New Management With New Glance of Experience.



ATLANTIS BANQUETS
Features
Luxurious Decor and Ambience
Customize Catering Menu
Spacious Dance Floor
Bridal Suite
Celebrate Your Dream Wedding With Us Elegance and Sophistication at Atlantis Banquets.
√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower
'ਅਟਲਾਂਟਿਸ ਬੈਂਕੁਇਟਸ' ਵਿਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਕਿੰਗ ਚਾਰਲਸ ਦੇਣਗੇ ਕੈਨੇਡਾ ਦੀ ਨਵੀਂ ਪਾਰਲੀਮੈਂਟ ਦਾ ਪਹਿਲਾ ਭਾਸ਼ਨ

## *ਸੁਰੱਖਿਆ ਅਮਲੇ 'ਤੇ ਖਰਚੇ ਜਾਣਗੇ 31 ਬਿਲੀਅਨ ਡਾਲਰ

ਪੰਜਾਬੀ ਪਰਵਾਜ਼ ਬਿਊਰੋ

ਕੈਨੇਡਾ ਦੀਆਂ ਆਮ ਚੋਣਾਂ ਵਿੱਚ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰਨ ਵਾਲੀ ਲਿਬਰਲ ਪਾਰਟੀ ਦੇ ਆਗੂ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਚੋਣਾਂ ਜਿੱਤਣ ਪਿੱਛੋਂ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਵਿੱਚ ਨਵੀਂ ਸਰਕਾਰ ਦੀਆਂ ਪ੍ਰਾਥਮਿਕਤਾਵਾਂ ਦਾ ਐਲਾਨ ਕਰ ਦਿੱਤਾ ਹੈ। ਇਸ ਦੌਰਾਨ ਇਹ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਇੰਗਲੈਂਡ ਦੇ ਕਿੰਗ ਚਾਰਲਸ ਤੀਜੇ ਕੈਨੇਡੀਅਨ ਪਾਰਲੀਮੈਂਟ ਦੇ ਪਹਿਲੇ ਸੈਸ਼ਨ ਦਾ ਸ਼ੁਰੂਆਤੀ ਭਾਸ਼ਨ ਵੀ ਦੇਣਗੇ। ਇਹ ਭਾਸ਼ਨ ਆਮ ਤੌਰ 'ਤੇ ਬ੍ਰਿਟਿਸ਼ ਕਿੰਗ ਦੇ ਪ੍ਰਤੀਨਿਧ ਵਜੋਂ ਗਵਰਨਰ ਜਨਰਲ ਵੱਲੋਂ ਦਿੱਤਾ ਜਾਂਦਾ ਹੈ। ਕਿੰਗ ਚਾਰਲਸ ਦੀ ਇਹ ਕਾਰਵਾਈ ਅਮਰੀਕੀ ਰਾਸ਼ਟਰਪਤੀ ਦੇ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਦੇ ਬਿਆਨਾਂ ਦੇ ਸੰਦਰਭ ਵਿੱਚ ਸੰਕੇਤਕ ਅਤੇ ਰਣਨੀਤਿਕ ਅਰਥ ਰੱਖਦੀ ਹੈ। ਯਾਦ ਰਹੇ, ਕੈਨੇਡਾ ਦਾ ਅੰਤਿਮ ਅਧਿਕਾਰ ਹਾਲੇ ਵੀ ਇੰਗਲੈਂਡ ਦੇ ਰਾਜੇ ਕੋਲ ਹੈ ਅਤੇ ਉਸ ਦੀ ਕੈਨੇਡਾ ਸਰਕਾਰ ਵਿੱਚ ਸਰਬਉੱਚ ਪ੍ਰਤਿਨਿਧਤਾ ਗਵਰਨਰ ਜਨਰਲ ਵੱਲੋਂ ਕੀਤੀ ਜਾਂਦੀ ਹੈ।

ਕੈਨੇਡਾ ਦੀ ਨਵੀਂ ਸਰਕਾਰ ਦੀਆਂ ਪ੍ਰਾਥਮਿਕਤਾਵਾਂ 'ਤੇ ਤਰਵੀਂ ਝਾਤ ਪੁਆਉਂਦਿਆਂ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਉਹ ਅਮਰੀਕਾ ਨਾਲ ਕੋਈ ਸਮਝੌਤਾ ਕਰਨ ਲੱਗਿਆਂ ਉਹ ਕੈਨੇਡਾ ਦੇ ਹਿੱਤਾਂ ਨੂੰ ਪਹਿਲ ਦੇਣਗੇ। ਉਨ੍ਹਾਂ ਕਿਹਾ ਕਿ ਕੈਨੇਡਾ ਅਮਰੀਕਾ ਨੂੰ ਉਨ੍ਹਾਂ ਦੀ ਆਸ ਤੋਂ ਵੱਧ ਦੇ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡਾ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੱਤਾ ਜਾਵੇਗਾ ਅਤੇ ਲੋਕਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਨੌਕਰੀਆਂ ਪੈਦਾ ਕਰਨ ਵਾਲੀ ਆਰਥਿਕ ਮਜ਼ਬੂਤੀ ਨੂੰ ਪਹਿਲ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਮਾਲੀਆ ਘਾਟੇ ਨੂੰ ਕਾਬੂ ਕਰਨ ਹਿੱਤ ਨਿਵੇਸ਼ ਨੂੰ ਉਗਾਸਾ ਦਿੰਦਿਆਂ ਪੈਦਾਵਾਰ ਵਿੱਚ ਵਾਧਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਨਾਲ ਕੋਈ ਸੌਦੇਬਾਜ਼ੀ ਕਰਦਿਆਂ ਇਨ੍ਹਾਂ ਪੱਖਾਂ ਦਾ ਧਿਆਨ ਰੱਖਿਆ ਜਾਵੇਗਾ, ਭਾਵੇ ਆਪਸੀ ਸਹਿਮਤੀ ਬਣਨ ਵਿੱਚ ਕਿੰਨੀ ਵੀ ਦੇਰ ਕਿਉਂ ਨਾ ਲੱਗ ਜਾਵੇ!

ਇਸ ਤੋਂ ਇਲਾਵਾ ਉਨ੍ਹਾਂ ਨੇ ਲੋਕਾਂ ਨੂੰ ਸਸਤੀ ਰਿਹਾਇਸ਼ ਪ੍ਰਦਾਨ ਕਰਨ ਲਈ ਮਕਾਨ ਉਸਾਰੀ ਵਿੱਚ ਵੱਡਾ ਵਾਧਾ ਕਰਨ, ਜੀਣ-ਥੀਣ ਲਈ ਜ਼ਰੂਰੀ ਖਰਚਾਂ ਨੂੰ ਘੱਟ ਕਰਨ, ਟੈਕਸ ਘਟਾਉਣ ਅਤੇ ਕੌਮੀ ਸੁਰੱਖਿਆ 'ਤੇ ਖਰਚ ਵਧਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਸੁਰੱਖਿਆ ਲਈ 31 ਬਿਲੀਅਨ ਡਾਲਰ ਦਾ ਖਰਚ ਕੀਤਾ ਜਾਵੇਗਾ। ਉਨ੍ਹਾਂ ਨਾਟੋ ਲਈ ਆਪਣੇ ਸਾਲਾਨਾ ਬਜਟ ਦਾ ਦੋ ਫੀ ਸਦੀ ਹਿੱਸਾ ਦੇਣ ਦਾ ਵੀ ਵਾਅਦਾ ਕੀਤਾ ਹੈ। ਪਰਵਾਸ ਦੇ ਮਾਮਲਿਆਂ 'ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 2028 ਤੱਕ ਕੈਨੇਡਾ ਵਿੱਚ ਪਰਵਾਸ ਨੂੰ ਕੈਨੇਡਾ ਦੀ ਕੁੱਲ ਅਬਾਦੀ ਦਾ 5 ਫੀਸਦੀ ਰੱਖਿਆ ਜਾਵੇਗਾ ਅਤੇ ਇਸ ਨੂੰ 'ਟਿਕਾਊ' (ਸਸਟੇਅਨਏਬਲ) ਬਣਾਇਆ ਜਾਵੇਗਾ।



ਯਾਦ ਰਹੇ, ਬੀਤੇ ਮਹੀਨੇ ਦੇ ਅੰਤ ਵਿੱਚ ਹੋਈਆਂ ਕੈਨੇਡਾ ਦੀਆਂ ਆਮ ਚੋਣਾਂ ਨੇ ਇੱਕ ਵਾਰ ਫਿਰ ਲਿਬਰਲ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਦਿੱਤਾ ਹੈ। ਦੋਹਾਂ ਵੱਡੀਆਂ ਪਾਰਟੀਆਂ ਦੀ ਵੋਟ ਫੀ ਸਦੀ ਵਿੱਚ ਭਾਵੇਂ ਬਹੁਤਾ ਫਰਕ ਨਹੀਂ ਪਿਆ, ਪਰ ਸੀਟਾਂ ਦੇ ਮਾਮਲੇ ਵਿੱਚ ਲਿਬਰਲ ਪਾਰਟੀ ਨੇ 168 ਸੀਟਾਂ ਜਿੱਤ ਕੇ ਬਾਜ਼ੀ ਮਾਰ ਲਈ ਹੈ। ਕੈਨੇਡਾ ਦੀ ਪਾਰਲੀਮੈਂਟ ਦੀਆਂ ਕੁੱਲ 343 ਸੀਟਾਂ ਹਨ। ਕਨਜ਼ਰਵੇਟਿਵ ਪਾਰਟੀ 144 ਸੀਟਾਂ ਜਿੱਤ ਕੇ ਮੁੱਖ ਵਿਰੋਧੀ ਪਾਰਟੀ ਵਜੋਂ ਉਭਰੀ ਹੈ। ਮਾਰਚ ਮਹੀਨੇ ਵਿੱਚ ਮਾਰਕ ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਚੋਣ ਪੰਡਿਤਾਂ ਦੇ ਇਹ ਦਾਅਵੇ ਸਨ ਕਿ ਅਗਲੀ ਵਾਰ ਕਨਜ਼ਰਵੇਟਿਵ ਪਾਰਟੀ ਸੱਤਾ ਵਿੱਚ ਆਵੇਗੀ ਅਤੇ ਪੀਅਰ ਪੋਲੀਵਰ ਕੈਨੇਡਾ ਦੇ ਸੰਭਾਵਤ ਪ੍ਰਧਾਨ ਮੰਤਰੀ ਹੋਣਗੇ; ਪਰ ਪਿਛਲੇ ਦੋ ਕੁ ਮਹੀਨਿਆਂ ਵਿੱਚ ਹਾਲਤਾਂ ਨਾਟਕੀ ਢੰਗ ਨਾਲ ਬਦਲ ਗਈਆਂ। ਕਾਰਨੀ ਦੀ ਆਮਦ ਅਤੇ ਟਰੰਪ ਦੀ ਉਖੜੀ ਬਿਆਨਬਾਜ਼ੀ ਨੇ ਲਿਬਰਲ ਲਈ ਜੇਤੂ ਹਾਲਾਤ ਪੈਦਾ ਕਰ ਦਿੱਤੇ।

ਬਾਕੀ ਛੋਟੀਆਂ ਪਾਰਟੀਆਂ ਦੇ ਮੁਕਾਬਲੇ ਦੋਹਾਂ ਵੱਡੀਆਂ ਪਾਰਟੀਆਂ ਨੇ ਆਪਣੀਆਂ ਸੀਟਾਂ ਵਿੱਚ ਵਾਧਾ ਕੀਤਾ ਹੈ, ਜਦੋਂਕਿ ਸਿੱਖ ਆਗੂ ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨ.ਡੀ.ਪੀ. ਅਤੇ ਬਲਾਕ ਕਿਊਬਿਕ ਦੀਆਂ ਸੀਟਾਂ ਘਟ ਗਈਆਂ ਹਨ। ਪਿਛਲੀ ਪਾਰਟਲੀਮੈਂਟ ਵਿੱਚ ਐਨ.ਡੀ.ਪੀ. ਕੋਲ 25 ਸੀਟਾਂ ਸਨ ਅਤੇ ਇੱਕ ਤਰ੍ਹਾਂ ਨਾਲ ਇਹ ਪਾਰਟੀ ਕਿੰਗ ਮੇਕਰ ਦੀ ਸਥਿਤੀ ਵਿੱਚ ਸੀ। ਅਜਿਹੀ ਭੂਮਿਕਾ ਇਸ ਪਾਰਟੀ ਨੇ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਨੂੰ ਹਮਾਇਤ ਪ੍ਰਦਾਨ ਕਰਕੇ ਨਿਭਾਈ ਵੀ। ਐਨ.ਡੀ.ਪੀ. ਨੇ ਇਸ ਵਾਰ 7 ਸੀਟਾਂ ਜਿੱਤੀਆਂ ਹਨ। ਲਗਦਾ ਇੰਜ ਹੈ ਲੋਕਾਂ ਵਿੱਚ ਸੱਤਾ ਵਿਰੋਧ ਦੀ ਜਿਹੜੀ ਗਾਜ਼ ਜਸਟਿਨ ਟਰੂਡੋ 'ਤੇ ਡਿੱਗਣੀ ਸੀ, ਉਹ ਐਨ.ਡੀ.ਪੀ. 'ਤੇ ਡਿੱਗ ਪਈ ਹੈ। ਉਂਝ ਐਨ.ਡੀ.ਪੀ. ਦਾ ਵੋਟ ਬੈਂਕ ਵਧੇਰੇ ਕਰਕੇ ਲਿਬਰਲ ਪਾਰਟੀ ਦੇ ਹੱਕ ਵਿੱਚ ਹੀ ਭੁਗਤਿਆ ਹੈ। ਚੋਣ ਵਿਸ਼ਲੇਸ਼ਕਾਂ ਦਾ ਆਖਣਾ ਹੈ ਐਨ.ਡੀ.ਪੀ. ਨੇ ਕਿਉਂਕਿ ਲਗਾਤਾਰ ਟਰੂਡੋ ਸਰਕਾਰ ਨੂੰ ਹਮਾਇਤ ਦਿੱਤੀ, ਇਸ ਕਾਰਨ ਦੋਹਾਂ ਪਾਰਟੀਆਂ ਦੀ ਨੀਤੀਆਂ ਵਿੱਚ ਜੋ ਇੱਕ ਬਾਰੀਕ ਜਿਹਾ ਅੰਤਰ ਸੀ, ਉਹ ਮਿਟ ਗਿਆ।

ਮੌਜੂਦਾ ਹਾਲਤ ਵਿੱਚ ਲਿਬਰਲ ਪਾਰਟੀ ਆਪਣੀ ਘੱਟਗਿਣਤੀ ਸਰਕਾਰ ਚਲਾ ਸਕਦੀ ਹੈ ਅਤੇ ਐਨ.ਡੀ.ਪੀ. ਅਤੇ ਗਰੀਨ ਪਾਰਟੀ ਨਾਲ ਮਿਲ ਕੇ ਸਾਂਝੀ ਸਰਕਾਰ ਵੀ ਬਣਾ ਸਕਦੀ ਹੈ; ਪਰ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਘੱਟਗਿਣਤੀ ਸਰਕਾਰ ਚਲਾਉਣ ਦਾ ਫੈਸਲਾ ਕੀਤਾ ਹੈ। ਕੈਨੇਡੀਅਨ ਰਾਜਨੀਤਿਕ ਪ੍ਰਬੰਧ ਦੇ ਅੰਤਰਗਤ ਸਭ ਤੋਂ ਜ਼ਿਆਦਾ ਸੀਟਾਂ ਜਿੱਤਣ ਵਾਲੀ ਪਾਰਟੀ ਆਪਣੀ ਘੱਟਗਿਣਤੀ ਸਰਕਾਰ ਬਣਾ ਸਕਦੀ ਹੈ। ਮਾਰਕ ਕਾਰਨੀ ਪਹਿਲਾਂ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਹਨ, ਇਸ ਲਈ ਉਨ੍ਹਾਂ ਨੂੰ ਦੂਜੀ ਵਾਰ ਸਹੁੰ ਚੁੱਕਣ ਦੀ ਲੋੜ ਨਹੀਂ ਪਏਗੀ। ਉਨ੍ਹਾਂ ਦੀ ਨਵੀਂ ਕੈਬਿਨਿਟ 12 ਮਈ ਤੋਂ ਬਾਅਦ ਸਹੁੰ ਚੁੱਕੇਗੀ।

ਯਾਦ ਰਹੇ, ਅਮਰੀਕਾ ਨੇ ਕੈਨੇਡਾ ਤੋਂ ਹੋਣ ਵਾਲੀ ਐਕਸਪੋਰਟ 'ਤੇ 25% ਟੈਕਸ ਲਗਾਉਣ ਦਾ ਐਲਾਨ ਕੀਤਾ ਹੋਇਆ ਹੈ, ਪਰ ਚੀਨ ਨੂੰ ਛੱਡ ਕੇ ਬਾਕੀ ਮੁਲਕਾਂ ਖਿਲਾਫ ਇਹ ਟੈਰਿਫ ਤਿੰਨ ਮਹੀਨੇ ਲਈ ਵਾਪਿਸ ਲੈ ਲਿਆ ਗਿਆ ਸੀ। ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਟੈਰਿਫ ਵਾਰ ਕਾਰਨ ਦੁਨੀਆਂ ਦਾ ਆਰਥਿਕ ਮਾਹੌਲ ਕਾਫੀ ਅਨਿਸ਼ਚਤ ਬਣਿਆ ਹੋਇਆ ਹੈ ਅਤੇ ਇਸ ਦਾ ਜ਼ਰੂਰੀ ਵਸਤਾਂ ਦੀਆਂ ਕੀਮਤਾਂ, ਸਪਲਾਈ ਚੇਨਾਂ ਅਤੇ ਸ਼ੇਅਰ ਬਾਜ਼ਰ 'ਤੇ ਵੱਡਾ ਅਸਰ ਵਿਖਾਈ ਦੇ ਰਿਹਾ ਹੈ।

ਭਾਵੇਂ ਲਿਬਰਲ ਪਾਰਟੀ ਕੈਨੇਡਾ ਵਿੱਚ ਲਗਾਤਾਰ ਚੌਥੀ ਵਾਰ ਚੋਣ ਜਿੱਤਣ ਵਿੱਚ ਕਾਮਯਾਬ ਰਹੀ ਹੈ, ਪਰ ਨਵੇਂ ਪ੍ਰਧਾਨ ਮੰਤਰੀ ਲਈ ਕੈਨੇਡਾ ਦੀ ਆਰਥਿਕਤਾ ਨੂੰ ਪੈਰਾਂ ਸਿਰ ਕਰਨਾ ਸੌਖਾ ਨਹੀਂ ਹੋਏਗਾ। ਇਸ ਦਾ ਕਾਰਨ ਇਹ ਹੈ ਕਿ ਸੰਸਾਰ ਵਿੱਚ ਹਾਲੇ ਵੀ ਦੋ ਗਹਿਗੱਚ ਜੰਗਾਂ (ਫਲਿਸਤੀਨ ਅਤੇ ਯੂਕਰੇਨ) ਚੱਲ ਰਹੀਆਂ ਹਨ, ਜਿਨ੍ਹਾਂ ਨੇ ਸਾਰੇ ਸੰਸਾਰ ਵਿੱਚ ਹੀ ਆਰਥਿਕ ਵਿਕਾਸ ਦਰ ਮੰਦੇ ਵੱਲ ਤੋਰ ਦਿੱਤੀ ਹੈ। ਡੋਨਾਲਡ ਟਰੰਪ ਨੇ ਇਨ੍ਹਾਂ ਜੰਗਾਂ ਨੂੰ ਖਤਮ ਕਰਵਾਉਣ ਦਾ ਚੋਣ ਵਾਅਦਾ ਕੀਤਾ ਸੀ, ਪਰ ਆਪਣੀਆਂ ਖਾਸੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਇਸ ਫਰੰਟ 'ਤੇ ਹਾਲੇ ਤੱਕ ਅਸਫਲ ਹੀ ਰਹੇ ਹਨ। ਅਮਰੀਕੀ ਰਾਸ਼ਟਰਪਤੀ ਨੂੰ ਆਸ ਸੀ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਉਨ੍ਹਾਂ ਦੀ ਗੱਲ ਮੋੜਨਗੇ ਨਹੀਂ, ਪਰ ਸੰਸਾਰ ਰਾਜਨੀਤੀ ਦੀਆਂ ਗੁੰਝਲਾਂ ਉਨ੍ਹਾਂ ਦੀ ਆਸ ਤੋਂ ਵਧੇਰੇ ਪੇਚੀਦਾ ਨਿਕਲੀਆਂ।

**ਕੈਨੇਡਾ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਵਾਲੇ ਪੰਜਾਬੀ ਉਮੀਦਵਾਰ:** ਕੈਨੇਡਾ ਦੀ ਪਾਰਲੀਮੈਂਟ ਦੇ ਹਾਊਸ ਆਫ ਕਾਮਨ ਦੀਆਂ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਪੰਜਾਬੀ ਮੂਲ ਦੇ 22 ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਬਹੁਤੇ ਉਮੀਦਵਾਰ ਆਪਣੇ ਵਿਰੋਧ ਵਿੱਚ ਪੰਜਾਬੀ ਉਮੀਦਵਾਰਾਂ ਨੂੰ ਹਰਾ ਕੇ ਹੀ ਚੋਣ ਜਿੱਤੇ ਹਨ। ਬਰਨਬੀ ਕੇਂਦਰੀ ਹਲਕੇ ਤੋਂ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੂੰ 18 ਫੀਸਦੀ ਵੋਟਾਂ ਮਿਲੀਆਂ ਅਤੇ ਉਹ ਤੀਜੇ ਸਥਾਨ 'ਤੇ ਰਹੇ। ਕੈਲਗਰੀ ਪੂਰਬੀ ਹਲਕੇ ਤੋਂ ਜਸਰਾਜ ਹੱਲਣ, ਕੈਲਗਰੀ ਸਕਾਈ ਵਿਊ ਤੋਂ ਅਮਨਪ੍ਰੀਤ ਸਿੰਘ ਗਿੱਲ, ਐਡਮਿੰਟਨ ਗੇਟਵੇਅ ਤੋਂ ਟਿੰਮ ਉਪਲ, ਕੈਲਗਿਰੀ ਨਾਈਟ ਤੋਂ ਜਸਵਿੰਦਰ ਸਿੰਘ ਗਿੱਲ (ਸਾਰੇ ਕਨਜ਼ਰਵੇਟਿਵ) ਜੇਤੂ ਰਹੇ। ਐਡਮਿੰਟਨ ਦੱਖਣ ਪੂਰਬੀ ਹਲਕੇ ਤੋਂ ਜਗਸ਼ਰਨ ਸਿੰਘ ਮਾਹਲ ਨੇ ਸ਼ਹਿਰ ਦੇ ਮੇਅਰ ਅਤੇ ਪ੍ਰਭਾਵਸ਼ਾਲੀ ਉਮੀਦਵਾਰ ਅਮਰਜੀਤ ਸਿੰਘ ਸੋਹੀ ਨੂੰ ਹਰਾਇਆ। ਐਬਸਫੋਰਡ ਲੈਂਗਲੀ ਤੋਂ ਕਨਜ਼ਰਵੇਟਿਵ ਉਮੀਦਵਾਰ ਸੁਖਮਨ ਸਿੰਘ ਗਿੱਲ ਵੱਡੇ ਫਰਕ ਨਾਲ ਜਿੱਤੇ। ਸਰੀ ਕੇਂਦਰੀ ਤੋਂ ਰਣਦੀਪ ਸਿੰਘ ਸਰਾਏ ਅਤੇ ਸਰੀ ਨਿਊਟਨ ਤੋਂ ਸੁਖ ਧਾਲੀਵਾਲ (ਲਿਬਰਲ) ਜੇਤੂ ਰਹੇ। ਬਰੈਂਪਟਨ ਕੈਲੇਡਨ ਹਲਕੇ ਤੋਂ ਅਮਰਦੀਪ ਸਿੰਘ ਜੱਜ (ਕਨਜ਼ਰਵੇਟਿਵ) ਅਤੇ ਬਰੈਂਪਟਨ ਦੱਖਣੀ ਤੋਂ ਕਨਜ਼ਰਵੇਟਿਵ ਉਮੀਦਵਾਰ ਸੋਨੀਆ ਸਿੱਧੂ ਜੇਤੂ ਰਹੇ। ਬਰੈਂਪਟਨ ਪੱਛਮੀ ਤੋਂ ਅਮਰਜੀਤ ਸਿੰਘ ਗਿੱਲ ਕਮਲ ਖਹਿਰਾ ਨੂੰ ਹਰਾ ਕੇ ਜੇਤੂ ਰਹੇ। ਬਰੈਂਪਟਨ ਕੇਂਦਰੀ ਤੋਂ ਲਿਬਰਲ ਉਮੀਦਵਾਰ ਅਮਨਦੀਪ ਸਿੰਘ ਸੋਢੀ ਜੇਤੂ ਰਹੇ। ਸਾਬਕਾ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਓਕਵਿੱਲਾ ਸੀਟ ਤੋਂ ਜਿੱਤ ਪ੍ਰਾਪਤ ਕੀਤੀ।



# ਪੰਜਾਬ ਦੇ ਪਾਣੀਆਂ ਦਾ ਝਮੇਲਾ

*...ਸਫਾ ਇੱਕ ਦੀ ਬਾਕੀ ⇒*


ਵਿੱਚ ਪਿਛਲੇ ਸਾਲਾਂ ਦੌਰਾਨ ਝੋਨਾ 15 ਜੂਨ ਤੋਂ ਬੀਜਿਆ ਜਾਂਦਾ ਰਿਹਾ ਹੈ। ਇਸ ਵਾਰ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ 1 ਜੂਨ ਤੋਂ ਝੋਨਾ ਲਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਇਹ ਆਪਣੇ ਆਪ ਵਿੱਚ ਕਿਸਾਨੀ ਦੀਆਂ ਵੋਟਾਂ ਖਿੱਚਣ ਵਾਲਾ ਫੈਸਲਾ ਹੈ ਅਤੇ ਇਸ ਨਾਲ ਪੰਜਾਬ ਦਾ ਧਰਤੀ ਹੇਠਲਾ ਪਾਣੀ ਹੋਰ ਜ਼ਿਆਦਾ ਜ਼ਾਇਆ ਹੋਵੇਗਾ।

ਆਪਣੇ ਅਸੈਂਬਲੀ ਮਤੇ ਵਿੱਚ ਪੰਜਾਬ ਨੇ ਦੋਸ਼ ਲਾਇਆ ਕਿ ਦਿੱਲੀ ਅਤੇ ਹਰਿਆਣਾ ਵਿੱਚ ਭਾਜਪਾ ਸਰਕਾਰਾਂ ਰਲ਼ ਕੇ ਪੰਜਾਬ ਦਾ ਪਾਣੀ ਹਰਿਆਣਾ ਵੱਲ ਮੋੜ ਰਹੀਆਂ ਹਨ। ਉਂਝ ਇਹ ਇੱਕ ਹਾਂ ਮੁਖੀ ਵਰਤਾਰਾ ਹੈ ਕਿ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਵੱਲੋਂ ਸਰਬਸੰਮਤੀ ਨਾਲ ਕੇਂਦਰ ਦੇ ਦਬਾਅ ਅਧੀਨ ਬੀ.ਬੀ.ਐਮ.ਬੀ. (ਭਾਖੜਾ ਬਿਆਸ ਮੈਨੇਜਮੈਂਟ ਬੋਰਡ) ਦੇ ਫੈਸਲੇ ਦਾ ਵਿਰੋਧ ਕੀਤਾ ਗਿਆ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਬੀ.ਬੀ.ਐਮ.ਬੀ. ਦੇ ਉਕਤ ਫੈਸਲੇ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਡੈਮ ਦੁਆਲੇ ਪੰਜਾਬ ਪੁਲਿਸ ਦਾ ਸੁਰੱਖਿਆ ਘੇਰਾ ਤਾਇਨਾਤ ਕਰ ਦਿੱਤਾ ਗਿਆ ਸੀ। ਯਾਦ ਰਹੇ ਕਿ ਲੰਘੀ 6 ਅਪਰੈਲ ਨੂੰ ਹਰਿਆਣਾ ਵੱਲੋਂ ਪੰਜਾਬ ਕੋਲੋਂ 4000 ਕਿਊਸਿਕ ਵਾਧੂ ਪਾਣੀ ਦੀ ਮੰਗ ਕੀਤੀ ਗਈ ਸੀ। ਹਰਿਆਣਾ ਦਾ ਆਖਣਾ ਸੀ ਕਿ ਇਹ ਪਾਣੀ ਉਸ ਨੂੰ ਪੀਣ ਲਈ ਚਾਹੀਦਾ। ਹੁਣ ਉਸ ਵੱਲੋਂ 8500 ਕਿਊਸਿਕ ਪਾਣੀ ਦੀ ਮੰਗ ਕੀਤੀ ਜਾ ਰਹੀ ਹੈ। ਪੰਜਾਬ ਦੇ ਪਾਣੀ ਸਰੋਤਾਂ ਬਾਰੇ ਮੰਤਰੀ ਨੇ ਕਿਹਾ ਕਿ ਹਰਿਆਣਾ ਦੀ ਅਬਾਦੀ ਪੌਣੇ ਤਿੰਨ ਕਰੋੜ ਹੈ। ਉਸ ਨੂੰ ਪੀਣ ਅਤੇ ਹੋਰ ਮਨੁੱਖੀ ਵਰਤੋਂ ਲਈ 1700 ਕਿਊਸਿਕ ਪਾਣੀ ਦੀ ਲੋੜ ਹੈ। ਹਰਿਆਣਾ ਪਹਿਲਾਂ ਹੀ ਲੋੜੋਂ ਵੱਧ ਪਾਣੀ ਲੈ ਰਿਹਾ ਹੈ।

ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਮਤੇ ਵਿੱਚ ਕਿਹਾ ਗਿਆ ਹੈ, "ਇਸ ਲਈ ਸਾਡੀ ਵਿਧਾਨ ਸਭਾ ਦਾ ਹਾਊਸ ਸਰਬਸੰਮਤੀ ਨਾਲ ਇਹ ਮਤਾ ਪਾਸ ਕਰਦਾ ਹੈ ਕਿ ਪੰਜਾਬ ਆਪਣੇ ਹਿੱਸੇ ਵਿੱਚੋਂ ਇੱਕ ਤੁਪਕਾ ਵੀ ਪਾਣੀ ਦਾ ਹੋਰ ਹਰਿਆਣਾ ਨੂੰ ਨਹੀਂ ਦੇਵੇਗਾ।" ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਮਤੇ ਵਿੱਚ ਕੇਂਦਰ ਵੱਲੋਂ 2021 ਵਿੱਚ ਬਣਾਇਆ ਗਿਆ ਡੈਮ ਸੇਫਟੀ ਐਕਟ ਵੀ ਰੱਦ ਕਰਨ ਦੀ ਮੰਗ ਕੀਤੀ ਗਈ ਹੈ, ਜਿਸ ਦੀ ਆੜ ਵਿੱਚ ਕੇਂਦਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਦਖਲ ਦੇ ਰਿਹਾ ਹੈ। ਕਾਂਗਰਸ ਪਾਰਟੀ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਅਕਾਲੀ ਦਲ ਨੇ ਵੀ ਸਰਕਾਰੀ ਮਤੇ ਨਾਲ ਸਹਿਮਤੀ ਜ਼ਾਹਰ ਕੀਤੀ ਹੈ। ਉਧਰ ਹਰਿਆਣਾ ਦੋਸ਼ ਲਾ ਰਿਹਾ ਹੈ ਕਿ ਪੰਜਾਬ ਆਪਣੇ ਹਿੱਸੇ ਨਾਲੋਂ ਵੱਧ ਪਾਣੀ ਵਰਤ ਰਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਆਪਣੀ ਰਾਜਨੀਤੀ ਚਮਕਾਉਣ ਲਈ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਸ੍ਰੀ ਸੈਣੀ ਨੇ ਕਿਹਾ, ਉਨ੍ਹਾਂ ਨੇ 26 ਅਪਰੈਲ ਨੂੰ ਪੰਜਾਬ ਦੇ ਮੁੱਖ ਮੰਤਰੀ ਨੂੰ ਦੱਸਿਆ ਸੀ ਕਿ ਬੀ.ਬੀ.ਐਮ.ਬੀ. ਦੀ ਤਕਨੀਕੀ ਕਮੇਟੀ ਨੇ 23 ਅਪਰੈਲ ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਜਿਹੜਾ ਪਾਣੀ ਛੱਡਣ ਦਾ ਫੈਸਲਾ ਲਿਆ ਸੀ, ਬੋਰਡ ਵਿਚਲੇ ਪੰਜਾਬ ਦੇ ਅਧਿਕਾਰੀ ਇਸ ਦਾ ਵਿਰੋਧ ਕਰ ਰਹੇ ਹਨ। ਕੇਂਦਰ ਦੇ ਬਿਜਲੀ ਮੰਤਰੀ ਮਨੋਹਰ ਸਿੰਘ ਖੱਟਰ ਹਨ। ਉਹ ਇਸ ਤੋਂ ਪਹਿਲੀ ਟਰਮ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਰਹੇ ਹਨ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਤੋਂ ਹਰਿਆਣਾ ਨੂੰ 8500 ਕਿਊਸਿਕ ਵਾਧੂ ਪਾਣੀ ਦੇਣ ਲਈ ਜ਼ੋਰ ਲਾ ਰਹੇ ਹਨ। ਸ੍ਰੀ ਖੱਟਰ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਧਰਮ ਨਹੀਂ ਨਿਭਾਅ ਰਹੀ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫੈਸਲਾ ਬੀ.ਬੀ.ਐਮ.ਬੀ. ਦਾ ਹੈ ਅਤੇ ਪੰਜਾਬ ਸਰਕਾਰ ਵੀ ਬੋਰਡ 'ਤੇ ਦਬਾਅ ਨਹੀਂ ਪਾ ਸਕਦੀ।

ਇਸ ਦੌਰਾਨ ਇਹ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਇਸ ਵਾਰ ਪੰਜਾਬ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਸਮੇਤ ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਚਰਨਪ੍ਰੀਤ ਸਿੰਘ, ਭਾਖੜਾ ਡੈਮ ਦੇ ਡਾਇਰੈਕਟਰ ਵਾਟਰ ਅਕਾਸ਼ਦੀਪ ਸਿੰਘ ਨੇ ਪੰਜਾਬ ਦੇ ਪਾਣੀਆਂ ਦੀ ਰਖਵਾਲੀ ਲਈ ਮੁੱਖ ਭੂਮਿਕਾ ਨਿਭਾਈ। ਕ੍ਰਿਸ਼ਨ ਕੁਮਾਰ ਨੇ ਮੁਕੰਮਲ ਕੇਸ ਦਾ ਅਸਲ ਡੈਟਾ ਬੋਰਡ ਦੀਆਂ ਅਤੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨਾਲ ਹੋਈਆਂ ਮੀਟਿੰਗਾਂ ਵਿੱਚ ਸਾਹਮਣੇ ਲਿਆਂਦਾ। ਚਰਨਪ੍ਰੀਤ ਸਿੰਘ ਨੇ ਬੀ.ਬੀ.ਐਮ.ਬੀ. ਦੇ ਹੁਕਮ ਮੰਨਣ ਤੋਂ ਇਨਕਾਰ ਕੀਤਾ ਅਤੇ ਅਕਾਸ਼ਦੀਪ ਸਿੰਘ ਨੇ ਹਰਿਆਣਾ ਲਈ ਵਾਧੂ ਪਾਣੀ ਛੱਡਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਅਧਿਕਾਰੀਆਂ ਦੇ ਗਰਾਊਂਡ ਵਰਕ ਕਾਰਨ ਹੀ ਪੰਜਾਬ ਸਰਕਾਰ ਮਸਲੇ ਨੂੰ ਚੱਜ ਨਾਲ ਉਠਾ ਸਕੀ ਹੈ।

ਯਾਦ ਰਹੇ, ਪੰਜਾਬ ਵਿੱਚੋਂ ਵਗਦੇ ਦਰਿਆਵਾਂ ਦਾ ਇਹਦੀਆਂ ਗੁਆਂਢੀ ਸਟੇਟਾਂ ਨਾਲ ਰੱਟਾ ਦਹਾਕਿਆਂ ਤੋਂ ਚਲਦਾ ਆਇਆ ਹੈ, ਪਰ ਹਰ ਵਾਰ ਇਸ ਮੁੱਦੇ 'ਤੇ ਪਈ ਸਿਆਸੀ ਕਾਵਾਂ ਰੌਲੀ ਤੋਂ ਬਾਅਦ ਇਹ ਹੋਰ ਵਧੇਰੇ ਉਲਝਦਾ ਰਿਹਾ ਹੈ। ਜੇ ਰਵਾਇਤੀ ਸਿਆਸੀ ਪਾਰਟੀਆਂ ਵੱਲ ਵੇਖੀਏ ਤਾਂ ਅਕਾਲੀਆਂ ਤੋਂ ਲੈ ਕੇ ਪੰਜਾਬ ਦੇ ਕਮਿਊਨਿਸਟਾਂ ਤੱਕ, ਕੋਈ ਵੀ ਅਜਿਹੀ ਧਿਰ ਨਹੀਂ ਹੈ, ਜਿਸ ਨੇ ਪੰਜਾਬ ਦੇ ਹਿੱਸੇ ਦਾ ਪਾਣੀ ਗੁਆਂਢੀ ਸੂਬਿਆਂ ਨੂੰ ਲੁਟਾਉਣ ਵਿੱਚ ਮਦਦ ਨਾ ਕੀਤੀ ਹੋਵੇ। ਹੁਣ ਆਮ ਆਦਮੀ ਪਾਰਟੀ ਆਉਂਦੀਆਂ ਚੋਣਾਂ ਨੂੰ ਵੇਖ ਕੇ ਇਸ ਮੁੱਦੇ ਨੂੰ ਉਛਾਲ ਕੇ ਪੰਜਾਬ ਵਿੱਚ ਆਪਣੇ ਗੁਆਚੇ ਜਨ ਆਧਾਰ ਨੂੰ ਮੁੜ ਤਲਾਸ਼ਣ ਦੇ ਯਤਨ ਵਿੱਚ ਹੈ? ਲਗਦਾ ਇਹੋ ਹੈ। 1947 ਤੋਂ ਪਿੱਛੋਂ ਦਾ ਪੰਜਾਬ ਦੀ ਸਿਆਸਤ ਦਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਲੀਡਰ ਦਿਸਣਾ (ਪਰਸੈਪਸ਼ਨ) ਵਿੱਚ ਆਪਣੇ ਲੋਕਾਂ ਵਰਗਾ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਦਾ ਚਾਹੀਦਾ ਹੈ, ਪਰ ਅਸਲ ਵਿੱਚ ਉਹ ਆਪਣੀ ਕੌਮ/ਕੌਮੀਅਤ ਦੇ ਹਿੱਤ ਕੇਂਦਰ ਦੇ ਅਨੁਸਾਰ ਮਰੋੜ/ਵੇਚ ਰਿਹਾ ਹੁੰਦਾ ਹੈ। ਆਪਣੇ ਲੋਕਾਂ ਨੂੰ ਧੋਖਾ ਦੇਣ ਦੀ ਉਨ੍ਹਾਂ ਦੀ ਇਹ ਸ਼ਾਤਰ ਕਲਾ ਹੀ ਅਸਲ ਸਾਡੇ ਕਥਿਤ ਸਿਆਸੀ ਆਗੂਆਂ ਦੀ ਨਿੱਜੀ ਪਦਾਰਥਕ ਅਮੀਰੀ ਅਤੇ ਸ਼ਾਨੋ ਸ਼ੌਕਤ ਨੂੰ ਜਨਮ ਦਿੰਦੀ ਹੈ।



ਪੰਜਾਬ ਦੇ ਸਿਆਸਤਦਾਨ ਸਟੇਟ ਦੇ ਹਿੱਤਾਂ ਨੂੰ ਵੇਚ ਕੇ ਆਪਣੀ ਨਿੱਜੀ ਅਮੀਰੀ ਹਾਸਲ ਕਰਦੇ ਹਨ। ਪੰਜਾਬ ਦੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਦੂਹਰੇ ਕਿਰਦਾਰ ਨੂੰ ਨਿਭਾਉਣ ਦੀ ਕਲਾ ਵਿੱਚ ਸਭ ਤੋਂ ਜ਼ਿਆਦਾ ਮਾਹਿਰ ਸਨ। ਦੂਜਾ ਨੰਬਰ ਪਾਣੀ ਦਾ ਰਾਖਾ ਬਣਨ ਪਿਛੋਂ ਆਪਣੀ ਦੂਜੀ ਪਾਰੀ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਹਾਸਲ ਕੀਤਾ। ਉਹ ਕਈ ਦੇਰ ਤੱਕ ਪੰਜਾਬ, ਖਾਸ ਕਰ ਕੇ ਪੰਜਾਬ ਦੀ ਕਿਸਾਨੀ ਦੀ ਨਿਗਾਹ ਵਿੱਚ ਬਾਦਲ ਨਾਲੋਂ ਵਧੀਆ 'ਸਿੱਖ' ਬਣੇ ਰਹੇ; ਪਰ ਆਪਣੀ ਦੂਜੀ ਪਾਰੀ ਵਿੱਚ ਹੀ ਕੈਪਟਨ ਦੀ ਸਿਆਸਤ ਦਾ ਅਸਲ ਚਿਹਰਾ ਨੰਗਾ ਹੋ ਗਿਆ ਅਤੇ ਅਖੀਰ ਉਹ ਭਾਰਤ ਦੀ ਸਭ ਤੋਂ ਵਧੇਰੇ ਕੇਂਦਰ ਮੁਖੀ ਪਾਰਟੀ ਦੇ ਲੜ ਜਾ ਲੱਗੇ। ਵੱਡਾ ਬਾਦਲ ਤੇ ਫੇਰ ਵੀ ਆਪਣੇ ਸਿਆਸੀ 'ਕਲਾ-ਕੌਸ਼ਲ' ਨਾਲ ਪੰਜ ਵਾਰ ਮੁੱਖ ਮੰਤਰੀ ਬਣ ਗਿਆ ਸੀ।

ਹੁਣ ਅਸੀਂ ਭਗਵੰਤ ਮਾਨ ਦੇ ਮਾਮਲੇ ਵਿੱਚ ਇਹੋ ਕੁਝ ਵਾਪਰਦਾ ਵੇਖ ਰਹੇ ਹਾਂ। ਇਹਦਾ ਹਾਲ ਵੀ ਟੈਂ ਟੈਂ ਟੈਂ ...ਤੇ ਫਿੱਸ ਵਾਲਾ ਹੀ ਹੋਵੇਗਾ ਜਾਂ ਕੋਈ ਹੋਰ, ਕੁਝ ਕੁ ਦਿਨ ਹੀ ਉਡੀਕਣ ਦੀ ਲੋੜ ਪਏਗੀ। ਇਸ ਵਾਰ ਵਾਧੂ ਪਾਣੀ ਕੇਂਦਰ ਵੱਲੋਂ ਪੰਜਾਬ ਦੀ ਧੌਣ 'ਤੇ ਗੋਡਾ ਰੱਖ ਕੇ ਛਡਾਏਗਾ ਜਾਂ ਪਾਕਿਸਤਾਨ ਨਾਲ ਵਿਗੜੇ ਹਾਲਾਤ ਕਾਰਨ ਸੰਕੋਚ ਕੇ ਪੱਬ ਧਰੇ ਜਾਣਗੇ, ਇਹ ਵੀ ਅਗਲੇ ਦਿਨਾਂ ਵਿੱਚ ਦਿਲਚਸਪੀ ਨਾਲ ਵੇਖਣ ਵਾਲਾ ਵਰਤਾਰਾ ਹੋਵੇਗਾ।

## ਨੰਗਲ ਡੈਮ ਦੀ ਸੁਰੱਖਿਆ ਨੂੰ ਖ਼ਤਰਾ!

ਬੀ.ਬੀ.ਐਮ.ਬੀ. ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫ਼ੈਸਲੇ ਮਗਰੋਂ ਨੰਗਲ ਡੈਮ ਦੀ ਸੁਰੱਖਿਆ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ, ਜਿਸ ਦੇ ਮੱਦੇਨਜ਼ਰ ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਨੇ ਫ਼ੌਰੀ ਪੁਲਿਸ ਦੀ ਸੁਰੱਖਿਆ ਮੰਗੀ ਹੈ। ਜਲ ਸਰੋਤ ਵਿਭਾਗ ਨੇ ਪੰਜਾਬ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਨੰਗਲ ਡੈਮ ਅਤੇ ਆਸ-ਪਾਸ ਦੇ ਖੇਤਰਾਂ 'ਚ ਅਮਨ ਕਾਨੂੰਨ ਦੀ ਵਿਵਸਥਾ ਦੀ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਫ਼ੌਰੀ ਗ੍ਰਹਿ ਵਿਭਾਗ ਦੇ ਦਖ਼ਲ ਦੀ ਮੰਗ ਕੀਤੀ ਹੈ। ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਚਰਨਪ੍ਰੀਤ ਸਿੰਘ ਵੱਲੋਂ ਐਸ.ਐਸ.ਪੀ. ਰੋਪੜ ਨੂੰ ਈਮੇਲ ਭੇਜ ਕੇ ਸਥਿਤੀ ਤੋਂ ਜਾਣੂ ਕਰਾਇਆ ਗਿਆ। ਦੂਜੇ ਪਾਸੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਬੀ. ਬੀ. ਐਮ.ਬੀ. ਦੀ ਪਟੀਸ਼ਨ 'ਤੇ ਸੁਣਵਾਈ ਸ਼ੁਰੂ ਹੋ ਗਈ ਹੈ। ਬੀ.ਬੀ.ਐਮ.ਬੀ. ਦੀ ਮੰਗ ਹੈ ਕਿ ਡੈਮਾਂ ਤੋਂ ਪੰਜਾਬ ਪੁਲਿਸ ਹਟਾਈ ਜਾਵੇ। ਬੀ.ਬੀ.ਐਮ.ਬੀ. ਨੇ ਭਾਖੜਾ ਡੈਮ ਦੇ ਗੇਟ ਖੁਲ੍ਹਵਾਉਣ ਲਈ ਹਰਿਆਣਾ ਤਰਫ਼ੋਂ ਤਾਇਨਾਤ ਮੁਲਾਜ਼ਮਾਂ 'ਤੇ ਦਬਾਅ ਬਣਾਇਆ ਸੀ, ਪ੍ਰਰ ਪੰਜਾਬ ਸਰਕਾਰ ਨੇ ਭਿਣਕ ਪੈਂਦਿਆਂ ਹੀ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦਿੱਤਾ।

# ਭਾਰਤ ਵੱਲੋਂ ਦਹਿਸ਼ਤੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ

*...ਸਫਾ ਇੱਕ ਦੀ ਬਾਕੀ ⇒*

ਮਕਬੂਜ਼ਾ ਕਸ਼ਮੀਰ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਦੇ ਕੋਟਲੀ ਅਤੇ ਮੁਜ਼ੱਫਰਾਬਾਦ ਅਤੇ ਪੰਜਾਬ ਦੇ ਬਹਾਵਲਪੁਰ ਵਿੱਚ ਮਿਜ਼ਾਈਲ ਹਮਲੇ ਕੀਤੇ ਗਏ। ਉਨ੍ਹਾਂ ਕਿਹਾ, ਇਹ ਬੁਜ਼ਦਿਲਾਨਾ ਅਤੇ ਸ਼ਰਮਨਾਕ ਹਮਲਾ ਭਾਰਤ ਦੇ ਹਵਾਈ ਖੇਤਰ ਦੇ ਅੰਦਰੋਂ ਕੀਤਾ ਗਿਆ ਹੈ। ਸ਼ਰੀਫ ਚੌਧਰੀ ਨੇ ਅੱਗੇ ਕਿਹਾ, ਇਸ ਘਿਨਾਉਣੀ ਭੜਕਾਹਟ ਦਾ ਜਵਾਬ ਦਿੱਤਾ ਜਾਵੇਗਾ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਇਸ ਹਮਲੇ 'ਤੇ ਪ੍ਰਤੀਕਿਰਿਆ ਦਿੰਦੀਆਂ ਸੋਸ਼ਲ ਮੀਡਿਆ ਪਲੇਟਫਾਰਮ ਐਕਸ ਦੀ ਇੱਕ ਪੋਸਟ 'ਚ ਲਿਖਿਆ, "ਪਾਕਿਸਤਾਨ ਨੂੰ ਭਾਰਤ ਵੱਲੋਂ ਥੋਪੀ ਗਈ ਇਸ ਜੰਗ ਦਾ ਜ਼ੋਰਦਾਰ ਜਵਾਬ ਦੇਣ ਦਾ ਪੂਰਾ ਹੱਕ ਹੈ, ਅਤੇ ਜ਼ੋਰਦਾਰ ਜਵਾਬ ਦਿੱਤਾ ਜਾ ਰਿਹਾ ਹੈ।... ਪੂਰਾ ਦੇਸ਼ ਪਾਕਿਸਤਾਨੀ ਹਥਿਆਰਬੰਦ ਸੈਨਾਵਾਂ ਦੇ ਨਾਲ ਖੜ੍ਹਾ ਹੈ ਅਤੇ ਪੂਰੇ ਪਾਕਿਸਤਾਨੀ ਰਾਸ਼ਟਰ ਦਾ ਮਨੋਬਲ ਤੇ ਭਾਵਨਾ ਮਜ਼ਬੂਤ ਹੈ।" ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਾਕਿਸਤਾਨ ਦੇ ਅੰਦਰ ਭਾਰਤੀ ਹਮਲਿਆਂ 'ਤੇ ਦਿੱਤੀ ਆਪਣੀ ਟਿੱਪਣੀ ਵਿੱਚ ਕਿਹਾ, "ਇਹ ਇੱਕ ਸ਼ਰਮਨਾਕ ਗੱਲ ਹੈ। ਮੈਨੂੰ ਲੱਗਦਾ ਹੈ ਕਿ ਲੋਕ ਅਤੀਤ ਦੇ ਆਧਾਰ 'ਤੇ ਜਾਣਦੇ ਸਨ ਕਿ ਕੁਝ ਹੋਣ ਵਾਲਾ ਹੈ। ਉਹ ਲੰਬੇ ਸਮੇਂ ਤੋਂ ਲੜ ਰਹੇ ਹਨ। ਜੇ ਤੁਸੀਂ ਇਸ ਬਾਰੇ ਵਿਚਾਰੋ ਤਾਂ ਉਹ ਦਹਾਕਿਆਂ ਅਤੇ ਸਦੀਆਂ ਤੋਂ ਲੜ ਰਹੇ ਹਨ।"

ਇਸੇ ਦੌਰਾਨ ਭਾਰਤ ਨੇ ਅੰਸ਼ਕ ਤੌਰ 'ਤੇ ਝਨਾਂ ਦਰਿਆ ਦਾ ਪਾਣੀ ਰੋਕ ਦਿੱਤਾ ਹੈ। ਭਾਰਤ ਵੱਲੋਂ ਸਿੰਧੂ ਜਲ ਸਮਝੌਤਾ ਅਤੇ ਪਾਕਿਸਤਾਨ ਵੱਲੋਂ ਸ਼ਿਮਲਾ ਸਮਝੌਤਾ ਪਹਿਲਾਂ ਹੀ ਮੁਅੱਤਲ ਕਰ ਦਿੱਤਾ ਗਿਆ ਸੀ। ਦੋਹਾਂ ਮੁਲਕਾਂ ਵਿਚਕਾਰ ਚੱਲ ਰਹੀ ਕਸ਼ੀਦਗੀ ਦਰਮਿਆਨ ਸਰਹੱਦੀ ਖੇਤਰਾਂ ਵਿੱਚ ਫੌਜ ਤੇ ਬੀ.ਐਸ.ਐਫ. ਅਤੇ ਨੀਮ ਫੌਜੀ ਦਸਤਿਆਂ ਦੀ ਨਕਲੋਹਰਕਤ ਵਧ ਗਈ ਸੀ। ਜੰਮੂ-ਕਸ਼ਮੀਰ ਵਾਲੇ ਪਾਸੇ ਕਈ ਥਾਵਾਂ 'ਤੇ ਦੋਹਾਂ ਧਿਰਾਂ ਵਿਚਕਾਰ ਬੀਤੇ ਕਈ ਦਿਨਾਂ ਤੋਂ ਰੁਕ ਰੁਕ ਕੇ ਗੋਲੀਬਾਰੀ ਹੋ ਰਹੀ ਸੀ। ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਵੀ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਕਣਕ ਦੀ ਵਾਢੀ ਦਾ ਕੰਮ ਤੇਜ਼ੀ ਨਾਲ ਮੁਕਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਸਿੱਖ ਸ਼ਰਧਾਲੂਆਂ ਨੂੰ ਖਦਸ਼ਾ ਹੈ ਕਿ ਇਸ ਤਣਾਅ ਦਰਮਿਆਨ ਕਰਤਾਰਪੁਰ ਲਾਂਘਾ ਬੰਦ ਹੋ ਸਕਦਾ ਹੈ। ਦਿਲਚਸਪ ਤੱਥ ਇਹ ਵੀ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਤਣਾਅ ਦੇ ਮੱਦੇਨਜ਼ਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ ਸ਼ਰਧਾਲੂਆਂ ਦੀ ਆਮਦ ਘਟ ਗਈ ਹੈ।

ਪਹਿਲਗਾਮ ਦੀ ਅਤਿਵਾਦੀ ਘਟਨਾ ਤੋਂ ਬਾਅਦ ਦੋਹਾਂ ਦੇਸ਼ਾਂ ਨੇ ਆਪਣੇ ਕੂਟਨੀਤਿਕ ਸੰਬੰਧ ਤੋੜੇ ਹੋਏ ਹਨ ਅਤੇ ਭਾਰਤ ਸਰਕਾਰ ਨੇ ਬਹੁਤ ਸਾਰੇ ਪਾਕਿਸਤਾਨੀ ਯੂਟਿਊਬ ਚੈਨਲਾਂ 'ਤੇ ਪਾਬੰਦੀ ਲਾਈ ਹੋਈ ਹੈ। ਸਰਕਾਰ ਵੱਲੋਂ ਦੇਸ਼ ਵਿੱਚ ਮਹਿਮਾਨ ਵਜੋਂ ਜਾਂ ਰਿਸ਼ਤੇਦਾਰੀਆਂ ਆਦਿ ਵਿੱਚ ਆਏ ਪਾਕਿਸਤਾਨੀਆਂ ਨੂੰ ਦੇਸ਼ ਛੱਡ ਜਾਣ ਦੀਆਂ ਹਦਾਇਤਾਂ ਹਨ। ਇਸ ਤਰ੍ਹਾਂ ਪਾਕਿਸਤਾਨ ਗਏ ਭਾਰਤੀ ਸ਼ਹਿਰੀਆਂ ਨੂੰ ਫੌਰੀ ਵਾਪਸ ਪਰਤ ਆਉਣ ਦੇ ਹੁਕਮ ਦਿੱਤੇ ਗਏ। ਭਾਰਤ ਦੇ ਗ੍ਰਹਿ ਮੰਤਰੀ ਅਮਿੱਤ ਸ਼ਾਹ ਵੱਲੋਂ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਫੋਨ ਕਰਕੇ ਭਾਰਤ ਵਿੱਚ ਰਹਿ ਰਹੇ ਪਾਕਿਸਤਾਨੀ ਨਾਗਰਿਕਾਂ ਦੀ ਪਹਿਚਾਣ ਕਰਨ ਅਤੇ ਉਨ੍ਹਾਂ ਨੂੰ ਵਾਪਸ ਭੇਜਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ।

ਉਂਝ ਇਸ ਨਾਲ ਦੋਹਾਂ ਦੇਸ਼ਾਂ ਵਿੱਚ ਰਿਸ਼ਤੇਦਾਰੀਆਂ ਰੱਖਣ ਵਾਲੇ ਮੁਸਲਿਮ ਪਰਿਵਾਰ ਪਿਸਣ ਲੱਗੇ ਹਨ। ਨਵੇਂ ਵਿਆਹੁੰਦੜਾਂ ਲਈ ਖਾਸ ਤੌਰ 'ਤੇ ਸਮੱਸਿਆਵਾਂ ਖੜ੍ਹੀਆਂ ਹੋ ਰਹੀਆਂ ਹਨ। ਇਨ੍ਹਾਂ ਵਿੱਚ ਕੁਝ ਪਰਿਵਾਰ ਇਹੋ ਜਿਹੇ ਹਨ, ਜਿਹੜੇ ਇਧਰ ਵੱਸ ਗਏ ਸਨ ਅਤੇ ਉਨ੍ਹਾਂ ਦੇ ਬਾਲ ਬੱਚੇ ਵੀ ਹੋ ਗਏ ਸਨ। ਇਨ੍ਹਾਂ ਪਰਿਵਾਰ ਦੇ ਅੱਧ-ਪਚੱਧ ਜੀਆਂ ਨੂੰ ਪਾਕਿਸਤਾਨ ਭੇਜਿਆ ਜਾ ਰਿਹਾ ਹੈ। ਜਿਨ੍ਹਾਂ ਬੱਚਿਆਂ ਦਾ ਜਨਮ ਭਾਰਤ ਵਿੱਚ ਹੋਇਆ ਹੈ, ਉਹ ਇਧਰ ਰਹਿ ਜਾਣਗੇ ਅਤੇ ਦੂਜੇ ਵਾਪਸ ਭੇਜੇ ਜਾਣਗੇ। ਕਈ ਮਾਂਵਾਂ ਆਪਣੇ ਬੱਚਿਆਂ ਨਾਲੋਂ ਜੁਦਾ ਹੋ ਗਈਆਂ ਹਨ। ਭਾਰਤ ਸਰਕਾਰ ਨੇ ਪਾਕਿਸਤਾਨੀ ਨਾਗਰਿਕਾਂ ਨੂੰ ਭਾਰਤ ਵਿੱਚੋਂ ਨਿਕਲਣ ਲਈ 48 ਘੰਟੇ ਦਿੱਤੇ ਸਨ ਅਤੇ ਕਿਹਾ ਸੀ ਕਿ ਇਸ ਸਮਾਂ ਸੀਮਾ ਤੋਂ ਬਾਅਦ ਭਾਰਤ ਵਿੱਚ ਰਹਿਣ ਵਾਲੇ ਵਿਅਕਤੀਆਂ ਨੂੰ ਤਿੰਨ ਸਾਲ ਦੀ ਕੈਦ ਹੋ ਸਕਦੀ ਹੈ। ਅਟਾਰੀ ਬਾਰਡਰ ਹੁਣ ਪੂਰੀ ਤਰ੍ਹਾਂ ਬੰਦ ਹੈ। ਦੋਹਾਂ ਮੁਲਕਾਂ ਵਿਚਕਾਰ ਹਰ ਕਿਸਮ ਦਾ ਵਪਾਰ ਵੀ ਬੰਦ ਹੈ। ਪੰਜਾਬ ਸਰਕਾਰ ਨੇ ਰੈਡ ਅਲਰਟ ਜਾਰੀ ਕੀਤਾ ਹੈ। ਪੰਜਾਬ ਨਾਲ ਲਗਦੀ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੂੰ ਇਸ ਕਿਸਮ ਦੀਆਂ ਘਟਨਾਵਾਂ ਬਾਰੇ ਸਤਰਕ ਰਹਿਣ ਲਈ ਕਿਹਾ ਗਿਆ ਹੈ।

ਇਸ ਤੋਂ ਪਹਿਲਾਂ ਸਰਕਾਰ ਵੱਲੋਂ ਰੱਖਿਆ ਮੰਤਰੀ ਦੀ ਪ੍ਰਧਾਨਗੀ ਹੇਠ ਸੱਦੀ ਗਈ ਇੱਕ ਸਰਬ ਪਾਰਟੀ ਮੀਟਿੰਗ ਵਿੱਚ ਸਮੁੱਚੀ ਵਿਰੋਧੀ ਧਿਰ ਨੇ ਸਰਕਾਰ ਦਾ ਸਾਥ ਦੇਣ ਦਾ ਵਾਅਦਾ ਕੀਤਾ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਸਮੂਹਿਕ ਰੂਪ ਵਿੱਚ ਸਰਕਾਰ ਦੀ ਪਿੱਠ 'ਤੇ ਖੜ੍ਹੇ ਹੋਣ ਦਾ ਵਾਅਦਾ ਕੀਤਾ ਅਤੇ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਦੀ ਹਮਾਇਤ ਕੀਤੀ। ਵਿਰੋਧੀ ਪਾਰਟੀਆਂ ਵੱਲੋਂ ਸੈਲਾਨੀਆਂ ਦੀ ਸੁਰੱਖਿਆ ਵਿੱਚ ਹੋਈਆਂ ਕੁਤਾਹੀਆਂ ਦਾ ਮੁੱਦਾ ਵੀ ਚੁੱਕਿਆ ਗਿਆ ਸੀ। ਇਸ ਤੋਂ ਇਲਾਵਾ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਵੀ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਜਖਮੀਆਂ ਦੇ ਪਰਿਵਾਰਾਂ ਨਾਲ ਮੁਲਾਕਤ ਕੀਤੀ।

ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਵੱਲੋਂ ਲੰਘੇ ਹਫਤੇ ਅਤਿਵਾਦੀ ਹਮਲੇ ਦੀ ਨਿਖੇਧੀ ਦਾ ਮਤਾ ਪਾਸ ਕੀਤਾ ਗਿਆ। ਮੁੱਖ ਮੰਤਰੀ ਨੇ ਆਗਾਹ ਕੀਤਾ ਕਿ ਇਸ ਹਮਲੇ ਕਾਰਨ ਸਾਧਾਰਨ ਲੋਕਾਂ ਖਿਲਾਫ ਨਾਜਾਇਜ਼ ਕਾਰਵਾਈ ਤੋਂ ਗਰੇਜ਼ ਕੀਤਾ ਜਾਵੇ। ਅਤਿਵਾਦੀ ਹਮਲੇ ਵਿੱਚ ਮਾਰੇ ਗਏ ਵਿਅਕਤੀਆਂ ਨੂੰ ਸ਼ਰਧਾਂਜਲੀ ਦੇਣ ਲਈ ਜੰਮੂ-ਕਸ਼ਮੀਰ ਅਸੈਂਬਲੀ ਵੱਲੋਂ ਇੱਕ ਦਿਨ ਦਾ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਸੀ। ਯਾਦ ਰਹੇ, ਧਾਰਾ 370 ਰੱਦ ਕੀਤੇ ਜਾਣ ਅਤੇ ਜੰਮੂ-ਕਸ਼ਮੀਰ ਨੂੰ ਯੂਨੀਅਨ ਟੈਰੇਟਰੀ ਐਲਾਨਣ ਤੋਂ ਬਾਅਦ ਹਿੰਸਕ ਘਟਨਾਵਾਂ ਦੀ ਦਰ ਘਟਣ ਮਗਰੋਂ ਸੈਲਾਨੀਆਂ ਦੀ ਗਿਣਤੀ ਕਾਫੀ ਵਧ ਗਈ ਸੀ। ਕਸ਼ਮੀਰ ਵਿੱਚ ਵਾਪਰ ਰਹੀ ਪਹਿਲੀ ਹਿੰਸਾ ਨਾਲੋਂ ਇਸ ਵਾਰ ਇਹ ਫਰਕ ਜ਼ਰੂਰ ਦਿਸ ਰਿਹਾ ਹੈ ਕਿ ਸਥਾਨਕ ਲੋਕਾਂ ਅਤੇ ਟੂਰਿਸਟ ਗਾਈਡਾਂ ਨੇ ਜਖ਼ਮੀ ਹੋਏ ਤੇ ਘਟਨਾ ਕਾਰਨ ਘਬਰਾਏ ਹੋਏ ਸੈਲਾਨੀਆਂ ਦੀ ਮਦਦ ਕੀਤੀ ਅਤੇ ਜ਼ਖਮੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਇਸ ਘਟਨਾ ਦਾ ਲੋਕਾਂ ਨੇ ਆਪ ਮੁਹਾਰੇ ਵਿਰੋਧ ਕੀਤਾ।

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਮਾਗਮ

**ਅਨੁਰੀਤ ਕੌਰ ਢਿੱਲੋਂ**

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਲੰਘੇ ਦਿਨੀਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕੀਤਾ ਗਿਆ।
















































**ਵੱਖ ਵੱਖ ਕਲਾਸਾਂ ਦੇ ਬੱਚੇ ਕੀਰਤਨ ਕਰਦੇ ਹੋਏ (ਤਸਵੀਰਾਂ: ਮੋਖਾ ਸਿੰਘ)**

ਇਸ ਦੌਰਾਨ ਵੱਖ-ਵੱਖ ਕਲਾਸਾਂ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਖਾਲਸੇ ਦੀ ਵਿਰਾਸਤ ਸਬੰਧੀ ਤਕਰੀਰਾਂ ਕੀਤੀਆਂ ਤੇ ਧਾਰਮਿਕ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਦੇ ਵਿਸ਼ੇ ਸਨ- ਖੰਡੇ ਬਾਟੇ ਦਾ ਅੰਮ੍ਰਿਤ, ਖਾਲਸਾ ਪੰਥ, ਪੰਜ ਪਿਆਰੇ, ਸਿੱਖੀ ਦਾ ਬੂਟਾ, ਸੇਵਾ ਆਦਿ। ਵਿਸ਼ੇਸ਼ ਇਹ ਸੀ ਕਿ ਸਾਰੇ ਬੱਚੇ ਚਿੱਟੇ ਰੰਗ ਦੇ ਬਾਣੇ ਵਿੱਚ ਆਏ ਸਨ। ਮੁੰਡਿਆਂ ਨੇ ਸਿਰ ਉਤੇ ਸਰ੍ਹੋਂ ਦੇ ਪੀਲੇ ਫੁੱਲ ਰੰਗ ਦੀਆਂ ਕੇਸਕੀਆਂ/ਦਸਤਾਰਾਂ ਸਜਾਈਆਂ ਹੋਈਆਂ ਸਨ ਅਤੇ ਕੁੜੀਆਂ ਨੇ ਦੁਮਾਲੇ ਤੇ ਚੁੰਨੀਆਂ ਲਈਆਂ ਹੋਈਆਂ ਸਨ। ਕੁੱਝ ਬੱਚਿਆਂ ਨੇ ਨੀਲਾ ਬਾਣਾ ਪਾਇਆ ਹੋਇਆ ਸੀ। ਤਸੱਲੀ ਵਾਲੀ ਗੱਲ ਇਹ ਸੀ ਕਿ ਬਹੁਤੇ ਬੱਚਿਆਂ ਨੇ ਤਕਰੀਰਾਂ ਤੇ ਕਵਿਤਾਵਾਂ ਪੰਜਾਬੀ ਵਿੱਚ ਪੜ੍ਹੀਆਂ, ਜਦਕਿ ਇੱਕਾ-ਦੁੱਕਾ ਪੰਜਾਬੀ 'ਤੇ ਬਹੁਤੀ ਪਕੜ ਨਾ ਹੋਣ ਕਾਰਨ ਤੇ ਸੌਖ ਮਹਿਸੂਸ ਕਰਦਿਆਂ ਉਹ ਅੰਗਰਜ਼ੀ ਵਿੱਚ ਬੋਲੇ।

ਦਰਬਾਰ ਹਾਲ ਵਿੱਚ ਸਮਾਗਮ ਸ਼ੁਰੂ ਕਰਨ ਤੋਂ ਪਹਿਲਾਂ ਕਈ ਬੱਚੇ ਸਕੂਲ ਵਿੱਚ ਕੀਰਤਨ ਤੇ ਤਕਰੀਰਾਂ ਆਦਿ ਦਾ ਅਭਿਆਸ ਕਰ ਰਹੇ ਸਨ ਅਤੇ ਉਨ੍ਹਾਂ ਦੇ ਅਧਿਆਪਕ, ਸਹਿ-ਅਧਿਆਪਕ ਤੇ ਮਾਪੇ ਕਮੀ-ਬੇਸ਼ੀ ਲੱਭ ਕੇ ਨਾਲੋ ਨਾਲ ਦਰੁਸਤ ਕਰਵਾ ਰਹੇ ਸਨ। ਬੱਚੇ ਤਕਰੀਰਾਂ ਤੇ ਕਵਿਤਾਵਾਂ ਵਾਲੇ ਪਰਚੇ ਹੱਥਾਂ ਵਿੱਚ ਫੜ੍ਹ ਕੇ ਇਸ ਤਰ੍ਹਾਂ ਰਟ ਰਹੇ ਸਨ, ਜਿਵੇਂ ਕਿਸੇ ਮੁਕਾਬਲੇ ਦੇ ਇਮਤਿਹਾਨ ਲਈ ਜਾਣਾ ਹੋਵੇ; ਪਰ ਇੱਕ ਗੱਲ ਜ਼ਰੂਰ ਸੀ ਕਿ ਉਹ ਆਪੋ-ਆਪਣੀ ਪ੍ਰਤਿਭਾ ਦਿਖਾਉਣ ਲਈ ਉਤਸ਼ਾਹਿਤ ਸਨ। ਇਸ ਮੌਕੇ ਕੁਝ ਵਾਲੰਟੀਅਰਾਂ ਨੇ ਦਸਤਾਰਾਂ/ਕੇਸਕੀਆਂ/ਦੁਮਾਲੇ ਸਜਾਉਣ ਦੀ ਸੇਵਾ ਨਿਭਾਈ, ਜਦਕਿ ਕੁਝ ਬੱਚੇ ਘਰੋਂ ਹੀ ਤਿਆਰ-ਬਰ-ਤਿਆਰ ਹੋ ਕੇ ਆਏ ਸਨ। ਸਾਰੇ ਬੱਚੇ ਗੁਰਮਤਿ ਸਕੂਲ ਤੋਂ ਵਹੀਰ ਦੇ ਰੂਪ 'ਚ ਦਰਬਾਰ ਹਾਲ ਵਿੱਚ ਗਏ। ਕੁਝ ਬੱਚਿਆਂ ਨੇ ਨਿਸ਼ਾਨ ਸਾਹਿਬ ਅਤੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਵਾਲਾ ਬੈਨਰ ਚੁੱਕਿਆ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋ ਕੇ ਬੱਚੇ ਸਟੇਜ 'ਤੇ ਸਾਹਮਣੇ ਆ ਬੈਠੇ। ਵਾਰੋ ਵਾਰੋ ਬੱਚਿਆਂ ਨੇ ਹੀ ਗੁਰੂ ਗ੍ਰੰਥ ਸਾਹਿਬ ਨੂੰ ਚੌਰ ਕਰਨ ਦੀ ਸੇਵਾ ਵੀ ਨਿਭਾਈ।

ਇਸ ਮੌਕੇ ਸਕੂਲ ਵਿੱਚ ਪੜ੍ਹਦੇ ਲੈਵਲ-2 ਦੇ ਬੱਚਿਆਂ ਨੇ 'ਅੰਮ੍ਰਿਤ ਹਰ ਕਾ ਨਾਮ ਹੈ' ਦਾ ਗਾਇਨ ਕੀਤਾ ਤੇ ਸਾਰੇ ਬੱਚਿਆਂ ਨੇ ਖਾਲਸਾ ਸਾਜਨਾ ਦਿਵਸ, ਪੰਜ ਪਿਆਰਿਆਂ ਦੇ ਨਾਂ ਦਾ ਮਤਲਬ ਦੱਸ ਕੇ ਅਤੇ ਵਿਸਾਖੀ ਸਬੰਧੀ ਸੰਖੇਪ ਵਿੱਚ ਭਾਸ਼ਣ ਦਿੱਤੇ। ਅਜੂਨੀ ਕੌਰ ਨੇ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਬਾਰੇ ਸੰਖੇਪ ਵਿੱਚ ਤਕਰੀਰ ਕੀਤੀ। ਲੈਵਲ-3 ਦੀ ਆਸੀਸ ਕੌਰ ਤੇ ਸੁਖਮਨੀ ਕੌਰ ਨੇ 'ਅੰਮ੍ਰਿਤ ਨਾਮ ਨਿਧਾਨ ਹੈ' ਦਾ ਕੀਰਤਨ ਕੀਤਾ; ਪ੍ਰਭਤੇਜ ਸਿੰਘ ਨੇ ਤਬਲੇ 'ਤੇ ਸਾਥ ਦਿੱਤਾ। ਲੈਵਲ-3 ਦੇ ਹੀ ਕਿਆਨ ਸਿੰਘ ਤੇ ਹਰਮਨ ਸਿੰਘ; ਸਿਦਕ ਕੌਰ ਤੇ ਅਸੀਸ ਕੌਰ ਨੇ ਕਵਿਤਾਵਾਂ ਪੜ੍ਹੀਆਂ ਅਤੇ ਮੀਰਾਨ ਸ਼ੀਓਰਨ ਨੇ ਤਕਰੀਰ ਕੀਤੀ, ਜਦਕਿ ਨਵਦੀਪ ਸਿੰਘ ਨੇ ਪ੍ਰੈਜ਼ੈਂਟੇਸ਼ਨ ਰਾਹੀਂ ਸੇਵਾ ਦੇ ਸੰਕਲਪ ਬਾਰੇ ਚਾਨਣਾ ਪਾਇਆ।

ਇਸੇ ਤਰ੍ਹਾਂ ਲੈਵਲ-4 ਦੇ ਬਿਨੈ ਸਿੰਘ ਨੇ 'ਵਾਹੁ ਵਾਹੁ ਗੋਬਿੰਦ ਸਿੰਘ' ਦਾ ਗਾਇਨ ਕੀਤਾ ਅਤੇ ਗੁਨਤਾਸ ਸਿੰਘ ਨੇ ਤਲਬੇ 'ਤੇ ਸਾਥ ਦਿੱਤਾ। ਰਿਸ਼ਵੀਨ ਕੌਰ ਨੇ ਕਵਿਤਾ ਸੁਣਾਈ। ਲੈਵਲ-5 ਦੀ ਸੁਖਮੀਤ ਕੌਰ ਨੇ 'ਇਨ ਹੀ ਕਿਰਪਾ ਸੇ ਸਜੇ ਹਮ ਹੈਂ' ਦਾ ਕੀਰਤਨ ਕੀਤਾ। ਮਨਜੋਤ ਸਿੰਘ ਨੇ ਕੌਮ ਦੇ ਪਹਿਲੇ ਸ਼ਹੀਦ ਭਾਈ ਜੈ ਸਿੰਘ ਬਾਰੇ ਜਾਣਕਾਰੀ ਦਿੱਤੀ ਅਤੇ ਏਕਮ ਸਿੰਘ ਨੇ ਵਿਸਾਖੀ ਬਾਰੇ ਕਵਿਤਾ ਪੜ੍ਹੀ। ਲੈਵਲ-6 ਦੀ ਪ੍ਰਭਗੁਨ ਕੌਰ ਤੇ ਅਰਜਨ ਸਿੰਘ ਨੇ ਵੱਖ-ਵੱਖ ਸ਼ਬਦਾਂ ਦਾ ਗਾਇਨ ਕੀਤਾ ਅਤੇ ਜੁਝਾਰ ਸਿੰਘ ਨੇ ਧਾਰਮਿਕ ਕਵਿਤਾ ਸੁਣਾਈ।

ਇਸ ਤੋਂ ਇਲਾਵਾ ਲੈਵਲ-7 ਦੇ ਜਾਗਤਜੋਤ ਸਿੰਘ ਨੇ ਤਕਰੀਰ ਕੀਤੀ ਅਤੇ ਨਵਰੂਪ ਕੌਰ ਨੇ 'ਗਗਨ ਦਮਾਮਾ ਬਾਜਿਓ' ਤੇ ਬਾਣੀ ਕੌਰ ਨੇ ਇੱਕ ਸ਼ਬਦ ਦਾ ਗਾਇਨ ਕੀਤਾ। ਸਮਾਗਮ ਦੌਰਾਨ ਤਬਲੇ 'ਤੇ ਸੇਵਾ ਅਜੀਤ ਸਿੰਘ, ਜਾਗਤਜੋਤ ਸਿੰਘ, ਗੁਨਤਾਸ ਸਿੰਘ, ਕਰਮਨ ਸਿੰਘ ਅਤੇ ਹੀਰਸ਼ ਸਿੰਘ ਨੇ ਨਿਭਾਈ। ਪ੍ਰੀ-ਕੇ ਦੇ ਬੱਚਿਆਂ ਨੇ ਵਾਹਿਗੁਰੂ ਦਾ ਸਿਮਰਨ ਕੀਤਾ ਅਤੇ 'ਹੇ ਗੋਬਿੰਦ ਹੇ ਗੋਪਾਲ' ਦਾ ਗਾਇਨ ਕੀਤਾ। ਲੈਵਲ-1 ਦੀ ਮਿਹਰ ਕੌਰ ਨੇ 'ਸੁਰ ਨਰ ਮੁਨ ਜਨ ਖੋਜਤੇ' ਸ਼ਬਦ ਦਾ ਗਾਇਨ ਕੀਤਾ, ਜਦਕਿ ਰੀਆ ਕੌਰ ਨੇ ਕਵਿਤਾ ਸੁਣਾਈ।



ਮੰਚ ਸੰਭਾਲਦਿਆਂ ਗੁਰਮਤਿ ਸਕੂਲ ਦੀ ਪ੍ਰਿੰਸੀਪਲ ਬੀਬੀ ਸਲਵਿੰਦਰ ਕੌਰ ਸੰਧੂ ਨੇ ਸਕੂਲ ਦੇ ਅਧਿਆਪਕਾਂ ਤੇ ਸਹਾਇਕ ਅਧਿਆਪਕਾਂ ਵੱਲੋਂ ਬੱਚਿਆਂ ਦੀ ਤਿਆਰੀ ਲਈ ਕੀਤੇ ਉਦਮਾਂ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਉਹ ਨਵੇਂ ਨਵੇਂ ਵਿਚਾਰਾਂ ਨਾਲ ਸਕੂਲੀ ਪੱਧਰ ਨੂੰ ਹੋਰ ਬਿਹਤਰ ਕਰਨ ਲਈ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੱਸਿਆ ਕਿ ਗੁਰਮਤਿ ਸਕੂਲ ਵਿੱਚ ਪੰਜ ਬੱਚੇ ਖਾਲਸਾ ਸਜੇ ਹੋਏ ਹਨ, ਜਿਨ੍ਹਾਂ ਦਾ ਨਾਂ ਹੈ- ਕੰਵਲਨੈਨ ਸਿੰਘ, ਅਰਜਣ ਸਿੰਘ, ਅਜੀਤ ਸਿੰਘ, ਜਾਗਤਜੋਤ ਸਿੰਘ ਅਤੇ ਨਵਦੇਵ ਸਿੰਘ। ਇਸ ਮੌਕੇ ਸਟੇਜ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਅਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਨੇ ਬੱਚਿਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਗੁਰਬਾਣੀ ਤੇ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।

# ਸਿੰਧੂ ਜਲ ਸੰਧੀ ਅਤੇ ਭਾਰਤ-ਪਾਕਿਸਤਾਨ

## *ਭਾਰਤ ਵੱਲੋਂ ਸਿੰਧੂ ਜਲ ਸੰਧੀ ਮੁਅੱਤਲ ਕਰਨ ਦੇ ਪਾਕਿਸਤਾਨ ਲਈ ਆਇਨੇ

ਹਸਨ ਖਾਨ

ਸਿੰਧੂ ਅਤੇ ਇਸ ਦੀਆਂ ਸਹਾਇਕ ਨਦੀਆਂ, ਜਿਨ੍ਹਾਂ ਨੇ ਹਜ਼ਾਰਾਂ ਸਾਲਾਂ ਤੋਂ ਸੱਭਿਅਤਾਵਾਂ ਨੂੰ ਕਾਇਮ ਰੱਖਿਆ ਹੈ, ਹੁਣ ਦੋ ਆਧੁਨਿਕ ਪ੍ਰਮਾਣੂ ਹਥਿਆਰਬੰਦ ਦੇਸ਼ਾਂ ਦੀ ਸਹਿਯੋਗ ਕਰਨ ਦੀ ਸਮਰੱਥਾ ਦੀ ਪਰਖ ਕਰ ਰਹੀਆਂ ਹਨ। ਪਾਕਿਸਤਾਨ ਦੇ ਨਿੱਜੀ ਚੈਨਲ ਜੀਓ ਨਿਊਜ਼ ਦੇ ਪ੍ਰੋਗਰਾਮ 'ਨਯਾ ਪਾਕਿਸਤਾਨ' ਵਿੱਚ ਬੋਲਦਿਆਂ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ, "ਜੇਕਰ ਭਾਰਤ ਸਿੰਧੂ ਜਲ ਸੰਧੀ ਦੀ ਉਲੰਘਣਾ ਕਰਦਾ ਹੈ ਅਤੇ ਪਾਣੀ ਨੂੰ ਰੋਕਣ ਜਾਂ ਮੋੜਨ ਲਈ ਕੋਈ ਢਾਂਚਾ ਬਣਾਉਂਦਾ ਹੈ, ਤਾਂ ਇਸਨੂੰ ਪਾਕਿਸਤਾਨ ਵਿਰੁੱਧ ਹਮਲਾ ਮੰਨਿਆ ਜਾਵੇਗਾ ਅਤੇ ਅਸੀਂ ਉਸ ਢਾਂਚੇ ਨੂੰ ਤਬਾਹ ਕਰ ਦੇਵਾਂਗੇ।... ਸਿੰਧੂ ਜਲ ਸੰਧੀ ਦੀ ਉਲੰਘਣਾ ਕਰਨਾ ਪਾਕਿਸਤਾਨ ਵਿਰੁੱਧ ਜੰਗ ਦਾ ਐਲਾਨ ਹੋਵੇਗਾ। ਹਮਲਾ ਸਿਰਫ਼ ਤੋਪਾਂ ਦੇ ਗੋਲੇ ਜਾਂ ਬੰਦੂਕਾਂ ਚਲਾਉਣ ਤੱਕ ਸੀਮਤ ਨਹੀਂ ਹੁੰਦਾ, ਇਸਦੇ ਕਈ ਰੂਪ ਹੁੰਦੇ ਹਨ, ਜਿਨ੍ਹਾਂ ਵਿੱਚੋਂ ਇੱਕ ਇਹ ਵੀ ਹੈ। ਇਸ ਨਾਲ ਦੇਸ਼ ਦੇ ਲੋਕ ਭੁੱਖੇ ਜਾਂ ਪਿਆਸੇ ਮਰ ਸਕਦੇ ਹਨ।" ਇਸ ਮਸਲੇ ਨੂੰ ਲੈ ਕੇ ਭਾਰਤ 'ਤੇ ਵਿਸ਼ਵਵਿਆਪੀ ਦਬਾਅ ਵਧਿਆ ਹੈ।



ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਰੁੱਧ ਕਈ ਸਖ਼ਤ ਕਦਮ ਚੁੱਕੇ ਹਨ, ਜਿਸ ਵਿੱਚ 1960 ਦੀ ਸਿੰਧੂ ਨਦੀ ਜਲ ਸੰਧੀ ਨੂੰ ਮੁਅੱਤਲ ਕਰਨਾ ਵੀ ਸ਼ਾਮਲ ਹੈ। ਭਾਰਤ ਨੇ ਪਾਕਿਸਤਾਨ ਤੋਂ ਦਰਾਮਦ ਹੋਣ ਵਾਲੇ ਸਾਰੇ ਸਮਾਨ 'ਤੇ ਪਾਬੰਦੀ ਲਗਾ ਦਿੱਤੀ ਹੈ। ਵਣਜ ਅਤੇ ਉਦਯੋਗ ਮੰਤਰਾਲੇ ਦੇ ਅਧੀਨ ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਇਸ ਸਬੰਧ ਵਿੱਚ ਇੱਕ ਉਪਬੰਧ ਵਿਦੇਸ਼ੀ ਵਪਾਰ ਨੀਤੀ 2023 ਵਿੱਚ ਜੋੜਿਆ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਅਗਲੇ ਹੁਕਮਾਂ ਤੱਕ ਤੁਰੰਤ ਪ੍ਰਭਾਵ ਨਾਲ, ਪਾਕਿਸਤਾਨ ਤੋਂ ਆਉਣ ਵਾਲੇ ਜਾਂ ਨਿਰਯਾਤ ਕੀਤੇ ਜਾਣ ਵਾਲੇ ਸਾਰੇ ਸਮਾਨ ਦੇ ਸਿੱਧੇ ਜਾਂ ਅਸਿੱਧੇ ਆਯਾਤ 'ਤੇ ਪਾਬੰਦੀ ਲਗਾਈ ਜਾ ਰਹੀ ਹੈ। ਇਸ ਦੌਰਾਨ ਅਟਾਰੀ ਪੋਸਟ ਬੰਦ ਕਰਨ, ਪਾਕਿਸਤਾਨੀ ਨਾਗਰਿਕਾਂ ਲਈ ਸਾਰਕ ਵੀਜ਼ਾ ਸਹੂਲਤ ਬੰਦ ਕਰਨ ਦਾ ਵੀ ਐਲਾਨ ਕੀਤਾ ਗਿਆ। ਸਾਰੀਆਂ ਪਾਰਟੀਆਂ ਨੇ ਪਾਕਿਸਤਾਨ ਬਾਰੇ ਲਏ ਗਏ ਫ਼ੈਸਲੇ ਦਾ ਸਰਬਸੰਮਤੀ ਨਾਲ ਸਮਰਥਨ ਕੀਤਾ। ਪਾਕਿਸਤਾਨ ਵੱਲੋਂ ਵੀ ਭਾਰਤ ਨਾਲ ਦੁਵੱਲੇ ਸਮਝੌਤਿਆਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਗਿਆ। ਨਾਲ ਹੀ ਭਾਰਤ ਲਈ ਹਵਾਈ ਖੇਤਰ ਅਤੇ ਸਰਹੱਦਾਂ ਨੂੰ ਬੰਦ ਕਰਨਾ ਅਤੇ ਵਪਾਰ ਨੂੰ ਬੰਦ ਕਰਨ ਦਾ ਵੀ ਫੈਸਲਾ ਲਿਆ ਗਿਆ।

60 ਸਾਲਾਂ ਤੋਂ ਵੱਧ ਸਮੇਂ ਤੱਕ ਜੰਗਾਂ, ਲਗਭਗ ਟਕਰਾਅ ਅਤੇ ਪੂਰੀ ਤਰ੍ਹਾਂ ਕੂਟਨੀਤਕ ਟੁੱਟਣ ਦੇ ਬਾਵਜੂਦ ਇਹ ਸੰਧੀ ਕਾਇਮ ਰਹੀ। ਤਾਜ਼ਾ ਫੈਸਲਾ ਸੰਭਾਵੀ ਤੌਰ 'ਤੇ ਇਸ ਗੱਲ ਵਿੱਚ ਇੱਕ ਮੋੜ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਦੋਵੇਂ ਦੇਸ਼ ਆਪਣੇ ਵਿਚਕਾਰ ਸਭ ਤੋਂ ਜ਼ਰੂਰੀ ਸਾਂਝੇ ਸਰੋਤਾਂ ਦਾ ਪ੍ਰਬੰਧਨ ਕਿਵੇਂ ਕਰਦੇ ਹਨ? ਆਉਣ ਵਾਲੇ ਦਿਨਾਂ ਵਿੱਚ ਭੂ-ਰਾਜਨੀਤੀ 'ਤੇ ਕੇਂਦ੍ਰਿਤ ਹੋਰ ਵੀ ਬਹੁਤ ਸਾਰੀਆਂ ਚਰਚਾਵਾਂ ਹੋਣਗੀਆਂ। ਆਉਣ ਵਾਲੇ ਦਿਨਾਂ ਅਤੇ ਮਹੀਨਿਆਂ ਵਿੱਚ ਸਭ ਤੋਂ ਵੱਧ ਮਾਇਨੇ ਰੱਖਣ ਵਾਲੀ ਗੱਲ ਅਚਾਨਕ ਕਟੌਤੀ ਦਾ ਖ਼ਤਰਾ ਨਹੀਂ ਹੈ, ਸਗੋਂ ਇੱਕ ਜਲ ਪ੍ਰਣਾਲੀ ਦੀ ਭਰੋਸੇਯੋਗਤਾ ਦਾ ਖੋਰਾ ਹੈ, ਜਿਸ 'ਤੇ ਕਈ ਲੱਖ ਲੋਕ ਹਰ ਰੋਜ਼ ਨਿਰਭਰ ਕਰਦੇ ਹਨ।

ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਕੀ ਅਰਥ ਹੋ ਸਕਦਾ ਹੈ? ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇਸ ਸੰਧੀ ਨੇ ਅਸਲ ਵਿੱਚ ਕੀ ਕੀਤਾ ਸੀ। 1960 ਵਿੱਚ ਵਿਸ਼ਵ ਬੈਂਕ ਦੇ ਦਲਾਲ ਵਜੋਂ ਸਾਲਾਂ ਦੀ ਗੱਲਬਾਤ ਤੋਂ ਬਾਅਦ ਸਿੰਧੂ ਜਲ ਸੰਧੀ ਦੁਨੀਆ ਦੇ ਸਭ ਤੋਂ ਟਿਕਾਊ ਸਰਹੱਦ ਪਾਰਲੇ ਪਾਣੀ ਸਮਝੌਤਿਆਂ ਵਿੱਚੋਂ ਇੱਕ ਰਹੀ ਹੈ। ਇਸਨੇ ਸਿੰਧੂ ਬੇਸਿਨ ਦੇ ਛੇ ਦਰਿਆਵਾਂ ਨੂੰ ਦੋਹਾਂ ਦੇਸ਼ਾਂ ਵਿਚਕਾਰ ਵੰਡ ਦਿੱਤਾ। ਭਾਰਤ ਨੂੰ ਤਿੰਨ ਪੂਰਬੀ ਦਰਿਆ (ਰਾਵੀ, ਬਿਆਸ ਅਤੇ ਸਤਲੁਜ) ਮਿਲੇ। ਪਾਕਿਸਤਾਨ ਨੂੰ ਤਿੰਨ ਪੱਛਮੀ ਦਰਿਆ (ਸਿੰਧੂ, ਜੇਹਲਮ ਅਤੇ ਚਨਾਬ) ਮਿਲੇ, ਜੋ ਸਾਂਝੇ ਬੇਸਿਨ ਦੇ ਪਾਣੀ ਦਾ ਬਹੁਗਿਣਤੀ (ਲਗਭਗ 80 ਪ੍ਰਤੀਸ਼ਤ) ਬਣਦੇ ਹਨ।

ਸਮਝੌਤੇ ਦੇ ਹਿੱਸੇ ਵਜੋਂ ਭਾਰਤ ਪੱਛਮੀ ਦਰਿਆਵਾਂ ਨੂੰ ਗੈਰ-ਖਪਤਕਾਰੀ ਉਦੇਸ਼ਾਂ ਜਿਵੇਂ ਕਿ ਪਣ-ਬਿਜਲੀ ਅਤੇ ਸੀਮਤ ਸਿੰਚਾਈ ਲਈ ਵਰਤਣ ਦਾ ਅਧਿਕਾਰ ਬਰਕਰਾਰ ਰੱਖਦਾ ਹੈ, ਪਰ ਉਸਨੂੰ ਉਨ੍ਹਾਂ ਦੇ ਵਹਾਅ ਨੂੰ ਅਜਿਹੇ ਤਰੀਕਿਆਂ ਨਾਲ ਸਟੋਰ ਕਰਨ ਜਾਂ ਮੋੜਨ ਦੀ ਇਜਾਜ਼ਤ ਨਹੀਂ ਹੈ, ਜੋ ਹੇਠਾਂ ਵੱਲ ਪਹੁੰਚ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਪਾਬੰਦੀਆਂ ਜਾਣ-ਬੁੱਝ ਕੇ ਖਾਸ ਤੇ ਲਾਗੂ ਕਰਨ ਯੋਗ ਹਨ ਅਤੇ ਇਨ੍ਹਾਂ ਵਿੱਚ ਇੰਜੀਨੀਅਰਿੰਗ ਡਿਜ਼ਾਈਨ ਵਿਸ਼ੇਸ਼ਤਾਵਾਂ ਅਤੇ ਸੂਚਨਾ ਪ੍ਰਕਿਰਿਆਵਾਂ ਸ਼ਾਮਲ ਹਨ। ਪਾਕਿਸਤਾਨ ਲਈ ਇਹ ਢਾਂਚਾ ਪਾਣੀ ਤੋਂ ਵੱਧ ਆਲੇ-ਦੁਆਲੇ ਇੱਕ ਪੂਰੀ ਸਿੰਚਾਈ ਅਤੇ ਪਾਣੀ ਪ੍ਰਬੰਧਨ ਪ੍ਰਣਾਲੀ ਬਣਾਉਣ ਲਈ ਲੋੜੀਂਦੀ ਭਵਿੱਖਬਾਣੀ ਪ੍ਰਦਾਨ ਕਰਦਾ ਹੈ।

ਇਹ ਸੰਧੀ ਸਹਿਯੋਗ ਅਤੇ ਟਕਰਾਅ ਦੇ ਹੱਲ ਲਈ ਇੱਕ ਸਥਾਈ ਵਿਧੀ ਵੀ ਪ੍ਰਦਾਨ ਕਰਦੀ ਹੈ। ਇੱਕ ਸਥਾਈ ਸਿੰਧ ਕਮਿਸ਼ਨ ਮੌਜੂਦ ਹੈ, ਜਿਸ ਵਿੱਚ ਹਰੇਕ ਦੇਸ਼ ਦਾ ਇੱਕ ਕਮਿਸ਼ਨਰ ਹੁੰਦਾ ਹੈ, ਜਿਸਨੂੰ ਡੇਟਾ ਦਾ ਆਦਾਨ-ਪ੍ਰਦਾਨ ਕਰਨ, ਨਵੇਂ ਪ੍ਰੋਜੈਕਟਾਂ ਦੀ ਸਮੀਖਿਆ ਕਰਨ ਅਤੇ ਨਿਯਮਤ ਤੌਰ 'ਤੇ ਮੀਟਿੰਗਾਂ ਕਰਨ ਦਾ ਕੰਮ ਸੌਂਪਿਆ ਜਾਂਦਾ ਹੈ। ਇੱਕ ਪੱਧਰੀ ਪ੍ਰਕਿਰਿਆ ਦੀ ਵਰਤੋਂ ਕਰਕੇ ਮਤਭੇਦਾਂ ਨੂੰ ਹੱਲ ਕੀਤਾ ਜਾਂਦਾ ਹੈ: ਤਕਨੀਕੀ ਸਵਾਲ ਪਹਿਲਾਂ ਕਮਿਸ਼ਨ ਕੋਲ ਜਾਂਦੇ ਹਨ, ਅਣਸੁਲਝੇ ਮਤਭੇਦਾਂ ਨੂੰ ਇੱਕ ਨਿਰਪੱਖ ਮਾਹਰ ਕੋਲ ਭੇਜਿਆ ਜਾ ਸਕਦਾ ਹੈ ਅਤੇ ਕਾਨੂੰਨੀ ਵਿਵਾਦਾਂ ਨੂੰ ਅੰਤਰਰਾਸ਼ਟਰੀ ਆਰਬਿਟਰੇਸ਼ਨ ਅਦਾਲਤ ਵਿੱਚ ਭੇਜਿਆ ਜਾ ਸਕਦਾ ਹੈ, ਜਿਸ ਵਿੱਚ ਵਿਸ਼ਵ ਬੈਂਕ ਦੋਹਾਂ ਫੋਰਮਾਂ ਵਿੱਚ ਭੂਮਿਕਾ ਨਿਭਾਉਂਦਾ ਹੈ। ਇਸ ਪ੍ਰਕਿਰਿਆ ਦੀ ਵਰਤੋਂ ਪਹਿਲਾਂ ਵੀ ਭਾਰਤ ਦੇ ਬਗਲੀਹਾਰ ਅਤੇ ਕਿਸ਼ਨਗੰਗਾ ਡੈਮਾਂ 'ਤੇ ਮਤਭੇਦਾਂ ਨੂੰ ਹੱਲ ਕਰਨ ਲਈ ਕੀਤੀ ਜਾ ਚੁੱਕੀ ਹੈ- ਇਹ ਇੱਕਪਾਸੜ ਕਾਰਵਾਈ ਨੂੰ ਰੋਕਣ ਲਈ ਤਿਆਰ ਕੀਤੀ ਗਈ ਹੈ। ਸੰਧੀ ਦੀ ਕੋਈ ਮਿਆਦ ਪੁੱਗਣ ਦੀ ਤਾਰੀਖ ਨਹੀਂ ਹੈ ਅਤੇ ਇਸ ਵਿੱਚ ਮੁਅੱਤਲੀ ਦਾ ਕੋਈ ਪ੍ਰਬੰਧ ਨਹੀਂ ਹੈ। ਧਾਰਾ XII ਸਪੱਸ਼ਟ ਕਰਦੀ ਹੈ ਕਿ ਇਸਨੂੰ ਸਿਰਫ਼ ਆਪਸੀ ਸਮਝੌਤੇ ਦੁਆਰਾ ਹੀ ਸੋਧਿਆ ਜਾ ਸਕਦਾ ਹੈ।

ਇਸ ਤਰ੍ਹਾਂ ਦੇ ਪਲਾਂ ਵਿੱਚ ਇੱਕ ਆਮ ਸਵਾਲ ਉੱਠਦਾ ਹੈ ਕਿ ਕੀ ਭਾਰਤ ਪਾਕਿਸਤਾਨ ਵਿੱਚ ਪਾਣੀ ਦੇ ਪ੍ਰਵਾਹ ਨੂੰ ਰੋਕ ਸਕਦਾ ਹੈ? ਯਕੀਨਨ ਉਸ ਪੈਮਾਨੇ 'ਤੇ ਨਹੀਂ, ਜੋ ਉੱਚ ਵਹਾਅ ਦੇ ਮੌਸਮ ਦੌਰਾਨ ਵਹਾਅ ਵਿੱਚ ਇੱਕ ਅਰਥਪੂਰਨ ਰੁਕਾਵਟ ਪੈਦਾ ਕਰੇਗਾ। ਸਿੰਧੂ, ਜੇਹਲਮ ਅਤੇ ਚਨਾਬ ਬਹੁਤ ਵੱਡੇ ਦਰਿਆ ਹਨ। ਮਈ ਅਤੇ ਸਤੰਬਰ ਦੇ ਵਿਚਕਾਰ ਜਿਵੇਂ ਹੀ ਬਰਫ਼ ਪਿਘਲਦੀ ਹੈ, ਇਹ ਦਰਿਆ ਅਰਬਾਂ ਘਣ ਮੀਟਰ ਪਾਣੀ ਲੈ ਜਾਂਦੇ ਹਨ। ਭਾਰਤ ਕੋਲ ਇਨ੍ਹਾਂ ਦਰਿਆਵਾਂ 'ਤੇ ਕੁਝ ਉੱਪਰ ਵੱਲ ਬੁਨਿਆਦੀ ਢਾਂਚਾ ਹੈ, ਜਿਸ ਵਿੱਚ ਬਗਲੀਹਾਰ ਅਤੇ ਕਿਸ਼ਨਗੰਗਾ ਡੈਮ ਸ਼ਾਮਲ ਹਨ, ਪਰ ਇਨ੍ਹਾਂ ਵਿੱਚੋਂ ਕੋਈ ਵੀ ਇਸ ਕਿਸਮ ਦੇ ਪਾਣੀ ਨੂੰ ਰੋਕਣ ਲਈ ਤਿਆਰ ਨਹੀਂ ਕੀਤਾ ਗਿਆ ਹੈ। ਇਹ ਦਰਿਆ ਦੇ ਰਨ-ਆਫ-ਦ-ਰਿਵਰ ਪਣ-ਬਿਜਲੀ ਪ੍ਰੋਜੈਕਟ ਹਨ, ਜਿਨ੍ਹਾਂ ਵਿੱਚ ਬਹੁਤ ਸੀਮਤ ਲਾਈਵ ਸਟੋਰੇਜ ਹੈ। ਭਾਵੇਂ ਭਾਰਤ ਆਪਣੇ ਸਾਰੇ ਮੌਜੂਦਾ ਡੈਮਾਂ ਵਿੱਚ ਰਿਲੀਜ਼ ਦਾ ਤਾਲਮੇਲ ਕਰੇ, ਉਹ ਸਿਰਫ਼ ਵਹਾਅ ਦੇ ਸਮੇਂ ਨੂੰ ਥੋੜ੍ਹਾ ਜਿਹਾ ਬਦਲਣ ਦੇ ਯੋਗ ਹੋ ਸਕਦਾ ਹੈ।

ਜੇਕਰ ਭਾਰਤ ਸੰਧੀ ਦੇ ਢਾਂਚੇ ਤੋਂ ਬਾਹਰ ਕੰਮ ਕਰਨ ਦੀ ਚੋਣ ਕਰਦਾ ਹੈ, ਤਾਂ ਇਹ ਨਵੇਂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਦਰਵਾਜ਼ਾ ਖੋਲ੍ਹਦਾ ਹੈ, ਜੋ ਇਸਨੂੰ ਪਾਕਿਸਤਾਨ ਵਿੱਚ ਵਹਾਅ ਦੇ ਸਮੇਂ ਅਤੇ ਮਾਤਰਾ 'ਤੇ ਵਧੇਰੇ ਨਿਯੰਤਰਣ ਦੇਵੇਗਾ; ਪਰ ਫਿਰ ਵੀ ਰਸਤਾ ਇੰਨਾ ਸਿੱਧਾ ਨਹੀਂ ਹੈ। ਕਿਸੇ ਵੀ ਵੱਡੇ ਪੱਧਰ 'ਤੇ ਡੈਮ ਜਾਂ ਡਾਇਵਰਸ਼ਨ ਪ੍ਰੋਜੈਕਟ ਨੂੰ ਬਣਾਉਣ ਵਿੱਚ ਕਈ ਸਾਲ ਲੱਗਣਗੇ। ਭਾਰਤ-ਕਬਜ਼ੇ ਵਾਲੇ ਕਸ਼ਮੀਰ ਵਿੱਚ ਮਹੱਤਵਪੂਰਨ ਪਾਣੀ ਭੰਡਾਰਨ ਲਈ ਉਪਲਬਧ ਸਥਾਨ ਸੀਮਤ ਅਤੇ ਭੂ-ਵਿਗਿਆਨਕ ਤੌਰ 'ਤੇ ਚੁਣੌਤੀਪੂਰਨ ਹਨ। ਵਿੱਤੀ ਲਾਗਤ ਬਹੁਤ ਜ਼ਿਆਦਾ ਹੋਵੇਗੀ; ਤੇ ਰਾਜਨੀਤਿਕ ਜੋਖਮ ਹੋਰ ਵੀ ਵੱਡਾ ਹੋਵੇਗਾ। ਪਾਕਿਸਤਾਨ ਲੰਬੇ ਸਮੇਂ ਤੋਂ ਕਹਿੰਦਾ ਆ ਰਿਹਾ ਹੈ ਕਿ ਪੱਛਮੀ ਦਰਿਆਵਾਂ 'ਤੇ ਭਾਰਤ ਦੁਆਰਾ ਵੱਡੇ ਨਵੇਂ ਭੰਡਾਰਨ ਬਣਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਯੁੱਧ ਦੀ ਕਾਰਵਾਈ ਵਜੋਂ ਦੇਖਿਆ ਜਾਵੇਗਾ। ਅੱਜ ਦੇ ਸੈਟੇਲਾਈਟ ਦੇ ਯੁੱਗ ਵਿੱਚ ਇਹ ਢਾਂਚੇ ਅਦਿੱਖ ਨਹੀਂ ਹੋਣਗੇ। ਉਨ੍ਹਾਂ ਦਾ ਰਾਜਨੀਤਿਕ ਅਤੇ ਸੰਭਵ ਤੌਰ 'ਤੇ ਫੌਜੀ ਤੌਰ 'ਤੇ ਮੁਕਾਬਲਾ ਕੀਤਾ ਜਾਵੇਗਾ।

ਪੱਛਮੀ ਦਰਿਆਵਾਂ ਵਿੱਚ ਕੁੱਲ ਪਾਣੀ ਦੀ ਮਾਤਰਾ ਇੰਨੀ ਜ਼ਿਆਦਾ ਹੈ ਕਿ ਇਸਦੇ ਆਪਣੇ ਉੱਪਰਲੇ ਖੇਤਰਾਂ ਨੂੰ ਹੜ੍ਹ ਤੋਂ ਬਿਨਾ ਅਰਥਪੂਰਨ ਤੌਰ 'ਤੇ ਵਿਘਨ ਨਹੀਂ ਪਾਇਆ ਜਾ ਸਕਦਾ। ਭਾਰਤ ਪਹਿਲਾਂ ਹੀ ਸੰਧੀ ਦੇ ਤਹਿਤ ਇਸ ਨੂੰ ਨਿਰਧਾਰਤ ਪੂਰਬੀ ਦਰਿਆਵਾਂ ਦੇ ਜ਼ਿਆਦਾਤਰ ਵਹਾਅ ਦੀ ਵਰਤੋਂ ਕਰਦਾ ਹੈ, ਇਸ ਲਈ ਉਨ੍ਹਾਂ ਦਰਿਆਵਾਂ 'ਤੇ ਕਿਸੇ ਵੀ ਨਵੀਂ ਕਾਰਵਾਈ ਦਾ ਹੇਠਾਂ ਵੱਲ ਦਾ ਪ੍ਰਭਾਵ ਸੀਮਤ ਹੋਵੇਗਾ। ਇੱਕ ਹੋਰ ਵੀ ਚਿੰਤਾ ਇਹ ਹੈ ਕਿ ਸੁੱਕੇ ਮੌਸਮ ਵਿੱਚ ਜਦੋਂ ਬੇਸਿਨ ਵਿੱਚ ਵਹਾਅ ਘੱਟ ਹੁੰਦਾ ਹੈ, ਭੰਡਾਰਨ ਵਧੇਰੇ ਮਾਇਨੇ ਰੱਖਦਾ ਹੈ। ਇਹੀ ਉਹ ਥਾਂ ਹੈ, ਜਿੱਥੇ ਸੰਧੀ ਦੀਆਂ ਪਾਬੰਦੀਆਂ ਦੀ ਅਣਹੋਂਦ ਵਧੇਰੇ ਤੀਬਰਤਾ ਨਾਲ ਮਹਿਸੂਸ ਕੀਤੀ ਜਾਣੀ ਸ਼ੁਰੂ ਹੋ ਸਕਦੀ ਹੈ।

ਇਸ ਵਿੱਚ ਜਲ ਵਿਗਿਆਨ ਸੰਬੰਧੀ ਰੁਕਾਵਟਾਂ ਵੀ ਹਨ। ਚਨਾਬ ਜਾਂ ਜੇਹਲਮ ਵਰਗੀਆਂ ਨਦੀਆਂ ਦੇ ਉੱਚ ਵਹਾਅ ਨੂੰ ਰੋਕਣ ਨਾਲ ਭਾਰਤ ਵਿੱਚ ਹੀ ਉੱਪਰਲੇ ਖੇਤਰਾਂ ਵਿੱਚ ਹੜ੍ਹ ਆਉਣ ਦਾ ਖ਼ਤਰਾ ਹੈ ਅਤੇ ਸਿੰਧੂ ਬੇਸਿਨ ਤੋਂ ਪਾਣੀ ਨੂੰ ਪੂਰੀ ਤਰ੍ਹਾਂ ਭਾਰਤ ਦੇ ਹੋਰ ਹਿੱਸਿਆਂ ਵਿੱਚ ਮੋੜਨ ਦੇ ਵਿਚਾਰ ਲਈ ਬਹੁਤ ਜ਼ਿਆਦਾ ਬੁਨਿਆਦੀ ਢਾਂਚੇ ਤੇ ਊਰਜਾ ਖਰਚਿਆਂ ਦੀ ਲੋੜ ਹੋਵੇਗੀ। ਬੇਸਿਨ ਤੋਂ ਪਰੇ, ਪ੍ਰਤਿਸ਼ਠਾਵਾਨ ਅਤੇ ਰਣਨੀਤਕ ਜੋਖਮ ਹਨ। ਭਾਰਤ ਖੁਦ ਬ੍ਰਹਮਪੁੱਤਰ ਅਤੇ ਚੀਨ ਵਿੱਚ ਉਤਪੰਨ ਹੋਣ ਵਾਲੀਆਂ ਹੋਰ ਨਦੀਆਂ 'ਤੇ ਇੱਕ ਡਾਊਨਸਟ੍ਰੀਮ ਰਿਪੇਰੀਅਨ ਹੈ।

> *ਇਤਿਹਾਸਕ ਸੰਦਰਭ ਵਿੱਚ ਸਿੰਧੂ ਜਲ ਸੰਧੀ ਦੀ ਲੰਬੇ ਸਮੇਂ ਤੋਂ ਇਸਦੀ ਟਿਕਾਊਤਾ ਲਈ ਪ੍ਰਸ਼ੰਸਾ ਹੁੰਦੀ ਰਹੀ ਹੈ, ਪਰ ਆਖਰੀ ਦਹਾਕਾ ਵਧਦੇ ਤਣਾਅ ਦੀ ਕਹਾਣੀ ਦੱਸਦਾ ਹੈ। 2013 ਵਿੱਚ ਇੱਕ ਆਰਬਿਟਰੇਸ਼ਨ ਅਦਾਲਤ ਨੇ ਪਾਕਿਸਤਾਨ ਦੇ ਹੱਕ ਵਿੱਚ ਫੈਸਲਾ ਸੁਣਾਇਆ, ਜਿਸ ਵਿੱਚ ਭਾਰਤ ਨੂੰ ਕਿਸ਼ਨਗੰਗਾ ਪ੍ਰੋਜੈਕਟ (ਜੇਹਲਮ 'ਤੇ ਉੱਪਰ ਵੱਲ) ਦੇ ਹੇਠਾਂ ਘੱਟੋ-ਘੱਟ ਵਾਤਾਵਰਣ ਪ੍ਰਵਾਹ ਛੱਡਣ ਦੀ ਲੋੜ ਸੀ, ਅਤੇ ਜਲ ਭੰਡਾਰਾਂ ਦੇ ਨਿਕਾਸੀ 'ਤੇ ਸੀਮਾਵਾਂ ਨੂੰ ਮਜ਼ਬੂਤ ਕੀਤਾ ਗਿਆ ਸੀ। ਇਹ ਸਫਲ ਮਤਾ ਗੁੰਝਲਦਾਰ ਇੰਜੀਨੀਅਰਿੰਗ ਮਤਭੇਦਾਂ ਦਾ ਪ੍ਰਬੰਧਨ ਕਰਨ ਦੀ ਸੰਧੀ ਦੀ ਯੋਗਤਾ ਦੀ ਨਿਰੰਤਰਤਾ ਸੀ। ਪਰ 2016 ਦੇ ਉੜੀ ਹਮਲੇ ਪਿੱਛੋਂ ਇਹ ਪੈਟਰਨ ਬਦਲਣਾ ਸ਼ੁਰੂ ਹੋ ਗਿਆ।*

ਭਾਰਤ ਦੁਆਰਾ ਵਿਘਨਾਂ 'ਤੇ ਭੌਤਿਕ ਅਤੇ ਰਾਜਨੀਤਿਕ ਸੀਮਾਵਾਂ ਅਸਲ ਹਨ, ਪਰ ਸੰਧੀ ਸੁਰੱਖਿਆ ਦਾ ਖੋਰਾ ਅਜੇ ਵੀ ਮਾਇਨੇ ਰੱਖਦਾ ਹੈ। ਇਹ ਇਸ ਲਈ ਨਹੀਂ ਹੈ ਕਿ ਪਾਣੀ ਕੱਲ੍ਹ ਰੁਕ ਜਾਵੇਗਾ, ਪਰ ਕਿਉਂਕਿ ਇਹ ਜਿਸ ਪ੍ਰਣਾਲੀ ਦਾ ਸਮਰਥਨ ਕਰਦਾ ਹੈ, ਉਹ ਕਦੇ ਵੀ ਅਨਿਸ਼ਚਿਤਤਾ ਲਈ ਨਹੀਂ ਬਣਾਈ ਗਈ ਸੀ। ਸਿੰਧੂ, ਜੇਹਲਮ ਅਤੇ ਚਨਾਬ ਦੇ ਵਹਾਅ ਸਾਡੀ ਖੇਤੀਬਾੜੀ, ਸਾਡੇ ਸ਼ਹਿਰਾਂ, ਸਾਡੀ ਊਰਜਾ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ। ਇਸ ਸਮੇਂ ਸਾਡੇ ਕੋਲ ਇਨ੍ਹਾਂ ਪਾਣੀਆਂ ਦਾ ਕੋਈ ਬਦਲ ਨਹੀਂ ਹੈ। ਪਾਕਿਸਤਾਨ ਦੀ ਸਿੰਚਾਈ ਪ੍ਰਣਾਲੀ ਦੁਨੀਆ ਦੇ ਸਭ ਤੋਂ ਵੱਡੇ ਦਰਿਆਵਾਂ ਵਿੱਚੋਂ ਇੱਕ ਹੈ, ਅਤੇ ਇਹ ਲਗਭਗ ਪੂਰੀ ਤਰ੍ਹਾਂ ਪੱਛਮੀ ਦਰਿਆਵਾਂ ਤੋਂ ਵਹਾਅ ਦੇ ਅਨੁਮਾਨਤ ਸਮੇਂ 'ਤੇ ਨਿਰਭਰ ਕਰਦਾ ਹੈ। ਕਿਸਾਨ ਉਨ੍ਹਾਂ ਵਹਾਅ ਦੇ ਆਲੇ-ਦੁਆਲੇ ਆਪਣੀ ਬਿਜਾਈ ਦੀ ਯੋਜਨਾ ਬਣਾਉਂਦੇ ਹਨ। ਨਹਿਰੀ ਸਮਾਂ-ਸਾਰਣੀ ਉਨ੍ਹਾਂ ਧਾਰਨਾਵਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ, ਜੋ ਦਹਾਕਿਆਂ ਤੋਂ ਚੱਲੀਆਂ ਆ ਰਹੀਆਂ ਹਨ।

ਭਾਵੇਂ ਪਾਕਿਸਤਾਨ ਵਿੱਚ ਆਉਣ ਵਾਲੇ ਪਾਣੀ ਦੀ ਕੁੱਲ ਮਾਤਰਾ ਤੁਰੰਤ ਨਹੀਂ ਬਦਲਦੀ, ਪਰ ਉਸ ਪਾਣੀ ਦੇ ਆਉਣ ਦੇ ਸਮੇਂ ਵਿੱਚ ਛੋਟੀਆਂ ਤਬਦੀਲੀਆਂ ਅਸਲ ਸਮੱਸਿਆਵਾਂ ਪੈਦਾ ਕਰ ਸਕਦੀਆਂ ਹਨ। ਸਿੰਧ ਡੈਲਟਾ ਪਹਿਲਾਂ ਹੀ ਤਾਜ਼ੇ ਪਾਣੀ ਦੇ ਵਹਾਅ ਵਿੱਚ ਕਮੀ ਕਾਰਨ ਸੁੰਗੜ ਰਿਹਾ ਹੈ। ਨਦੀ ਦੇ ਸਮੇਂ ਵਿੱਚ ਕੋਈ ਵੀ ਕਮੀ ਜਾਂ ਤਬਦੀਲੀ ਰਾਜ ਨੂੰ ਪਾਣੀ ਦੀ ਵੰਡ ਬਾਰੇ ਸਖ਼ਤ ਫੈਸਲੇ ਲੈਣ ਲਈ ਮਜਬੂਰ ਕਰੇਗੀ। ਇਸ ਨਾਲ ਅੰਤਰ-ਸੂਬਾਈ ਤਣਾਅ ਤੇਜ਼ ਹੋਣ ਦਾ ਖ਼ਤਰਾ ਹੈ, ਖਾਸ ਕਰਕੇ ਪੰਜਾਬ ਅਤੇ ਸਿੰਧ ਵਿਚਕਾਰ, ਜਿੱਥੇ ਪਾਣੀ ਦੀ ਵੰਡ ਬਾਰੇ ਬਹਿਸ ਪਹਿਲਾਂ ਹੀ ਰਾਜਨੀਤਿਕ ਤੌਰ 'ਤੇ ਕੀਤੀ ਜਾ ਰਹੀ ਹੈ। ਪਾਕਿਸਤਾਨ ਦੀ ਬਿਜਲੀ ਦਾ ਇੱਕ ਤਿਹਾਈ ਹਿੱਸਾ ਪਣ-ਬਿਜਲੀ ਤੋਂ ਆਉਂਦਾ ਹੈ, ਜੋ ਤਰਬੇਲਾ, ਮੰਗਲਾ ਅਤੇ ਹੋਰ ਜਲ ਭੰਡਾਰਾਂ ਵਿੱਚੋਂ ਵਹਿਣ ਵਾਲੇ ਪਾਣੀ ਦੁਆਰਾ ਪੈਦਾ ਹੁੰਦਾ ਹੈ। ਪਾਕਿਸਤਾਨ ਪਹਿਲਾਂ ਹੀ ਪਾਣੀ ਦੀ ਘਾਟ ਵਾਲਾ ਦੇਸ਼ ਹੈ। ਇੱਕ ਪ੍ਰਣਾਲੀ ਜੋ ਲੰਬੇ ਸਮੇਂ ਤੋਂ ਪਤਲੇ ਹਾਸ਼ੀਏ 'ਤੇ ਚਲਾਈ ਜਾ ਰਹੀ ਹੈ, ਹੁਣ ਅਨਿਸ਼ਚਿਤਤਾ ਦੀ ਇੱਕ ਨਵੀਂ ਪਰਤ ਦਾ ਸਾਹਮਣਾ ਕਰ ਰਹੀ ਹੈ।

ਇਤਿਹਾਸਕ ਸੰਦਰਭ ਵਿੱਚ ਸਿੰਧੂ ਜਲ ਸੰਧੀ ਦੀ ਲੰਬੇ ਸਮੇਂ ਤੋਂ ਇਸਦੀ ਟਿਕਾਊਤਾ ਲਈ ਪ੍ਰਸ਼ੰਸਾ ਹੁੰਦੀ ਰਹੀ ਹੈ, ਪਰ ਆਖਰੀ ਦਹਾਕਾ ਵਧਦੇ ਤਣਾਅ ਦੀ ਕਹਾਣੀ ਦੱਸਦਾ ਹੈ। 2013 ਵਿੱਚ ਇੱਕ ਆਰਬਿਟਰੇਸ਼ਨ ਅਦਾਲਤ ਨੇ ਪਾਕਿਸਤਾਨ ਦੇ ਹੱਕ ਵਿੱਚ ਫੈਸਲਾ ਸੁਣਾਇਆ, ਜਿਸ ਵਿੱਚ ਭਾਰਤ ਨੂੰ ਕਿਸ਼ਨਗੰਗਾ ਪ੍ਰੋਜੈਕਟ (ਜੇਹਲਮ 'ਤੇ ਉੱਪਰ ਵੱਲ) ਦੇ ਹੇਠਾਂ ਘੱਟੋ-ਘੱਟ ਵਾਤਾਵਰਣ ਪ੍ਰਵਾਹ ਛੱਡਣ ਦੀ ਲੋੜ ਸੀ, ਅਤੇ ਜਲ ਭੰਡਾਰਾਂ ਦੇ ਨਿਕਾਸੀ 'ਤੇ ਸੀਮਾਵਾਂ ਨੂੰ ਮਜ਼ਬੂਤ ਕੀਤਾ ਗਿਆ ਸੀ। ਇਹ ਸਫਲ ਮਤਾ ਗੁੰਝਲਦਾਰ ਇੰਜੀਨੀਅਰਿੰਗ ਮਤਭੇਦਾਂ ਦਾ ਪ੍ਰਬੰਧਨ ਕਰਨ ਦੀ ਸੰਧੀ ਦੀ ਯੋਗਤਾ ਦੀ ਨਿਰੰਤਰਤਾ ਸੀ। ਪਰ 2016 ਦੇ ਉੜੀ ਹਮਲੇ ਤੋਂ ਬਾਅਦ ਇਹ ਪੈਟਰਨ ਬਦਲਣਾ ਸ਼ੁਰੂ ਹੋ ਗਿਆ। ਭਾਰਤ ਨੇ ਰੁਟੀਨ ਸਹਿਯੋਗ ਨੂੰ ਮੁਅੱਤਲ ਕਰ ਦਿੱਤਾ, ਲੰਬੇ ਸਮੇਂ ਤੋਂ ਦੇਰੀ ਨਾਲ ਚੱਲ ਰਹੇ ਡੈਮ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਪਾਣੀ ਨੂੰ ਵਿਆਪਕ ਸੁਰੱਖਿਆ ਬਿਰਤਾਂਤਾਂ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਫਿਰ ਵੀ ਭਾਰਤ ਨੇ ਕਿਹਾ ਕਿ ਉਹ 'ਸਮਝੌਤੇ ਦੇ ਅੰਦਰ' ਕੰਮ ਕਰੇਗਾ।

ਇਹ ਵੀ 2023 ਵਿੱਚ ਬਦਲਣਾ ਸ਼ੁਰੂ ਹੋਇਆ, ਜਦੋਂ ਭਾਰਤ ਨੇ ਰਸਮੀ ਤੌਰ 'ਤੇ ਧਾਰਾ XII(3) (ਉਹ ਵਿਵਸਥਾ ਜੋ ਸਿਰਫ ਆਪਸੀ ਸਹਿਮਤੀ ਨਾਲ ਸੰਧੀ ਸੋਧ ਦੀ ਆਗਿਆ ਦਿੰਦੀ ਹੈ) ਨੂੰ ਲਾਗੂ ਕੀਤਾ ਅਤੇ ਜਲਵਾਯੂ ਪਰਿਵਰਤਨ, ਰਾਸ਼ਟਰੀ ਵਿਕਾਸ ਦੀਆਂ ਜ਼ਰੂਰਤਾਂ ਅਤੇ ਪਾਕਿਸਤਾਨੀ ਰੁਕਾਵਟ ਦਾ ਹਵਾਲਾ ਦਿੰਦੇ ਹੋਏ ਮੁੜ ਗੱਲਬਾਤ ਦੀ ਬੇਨਤੀ ਕੀਤੀ। ਪਾਕਿਸਤਾਨ ਨੇ ਮੁੜ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ। ਅਗਲੇ ਮਹੀਨਿਆਂ ਵਿੱਚ ਦੋਵੇਂ ਦੇਸ਼ਾਂ ਨੇ ਮੁਕਾਬਲੇ ਵਾਲੀਆਂ ਕਾਨੂੰਨੀ ਰਣਨੀਤੀਆਂ 'ਤੇ ਦੁੱਗਣਾ ਜ਼ੋਰ ਦਿੱਤਾ। ਭਾਰਤ ਨੇ ਤਕਨੀਕੀ ਡੈਮ ਡਿਜ਼ਾਈਨ ਸਵਾਲਾਂ ਦੀ ਸਮੀਖਿਆ ਕਰਨ ਲਈ ਇੱਕ ਨਿਰਪੱਖ ਮਾਹਰ ਦੀ ਪੈਰਵੀ ਕੀਤੀ; ਪਾਕਿਸਤਾਨ ਨੇ ਸਾਲਸੀ ਅਦਾਲਤ ਨਾਲ ਅੱਗੇ ਵਧਾਇਆ। 2025 ਦੇ ਸ਼ੁਰੂ ਤੱਕ ਦੋਵੇਂ ਵਿਧੀਆਂ ਸਮਾਨੰਤਰ ਸਰਗਰਮ ਸਨ; ਇਹ ਉਹ ਚੀਜ਼ ਹੈ, ਜੋ ਸੰਧੀ ਨੇ ਕਦੇ ਕਲਪਨਾ ਨਹੀਂ ਕੀਤੀ ਸੀ।

1960 ਤੋਂ ਬਾਅਦ ਪਹਿਲੀ ਵਾਰ ਇੱਕ ਦੇਸ਼ ਨੇ ਸੰਧੀ ਦੇ ਪ੍ਰਕਿਰਿਆਤਮਕ ਅਤੇ ਸਹਿਯੋਗੀ ਢਾਂਚੇ ਤੋਂ ਬਾਹਰ ਪ੍ਰਭਾਵਸ਼ਾਲੀ ਢੰਗ ਨਾਲ ਕਦਮ ਰੱਖਿਆ ਹੈ। ਕੀ ਇਹ ਇੱਕ ਗੱਲਬਾਤ ਦੀ ਰਣਨੀਤੀ ਹੈ ਜਾਂ ਇੱਕ ਸਥਾਈ ਬ੍ਰੇਕ, ਇਹ ਦੇਖਣਾ ਬਾਕੀ ਹੈ। ਸਿੰਧੂ ਜਲ ਸੰਧੀ ਸੰਪੂਰਨ ਨਹੀਂ ਹੈ, ਪਰ ਇਹ ਦਰਿਆਵਾਂ ਨੂੰ ਵਗਦਾ ਰੱਖਦੀ ਹੈ ਅਤੇ ਦੋਵਾਂ ਦੇਸ਼ਾਂ ਨੂੰ ਗੱਲਬਾਤ ਕਰਦੇ ਰਹਿਣ ਦਾ ਕਾਰਨ ਦਿੰਦੀ ਹੈ, ਭਾਵੇਂ ਬਾਕੀ ਸਭ ਕੁਝ ਟੁੱਟ ਗਿਆ ਹੋਵੇ। ਉਹ ਢਾਂਚਾ ਹੁਣ ਦਬਾਅ ਹੇਠ ਹੈ। ਭਾਵੇਂ ਸੰਧੀ ਨੂੰ ਪੂਰੀ ਤਰ੍ਹਾਂ ਬਹਾਲ ਕੀਤਾ ਜਾਵੇ, ਦੁਬਾਰਾ ਗੱਲਬਾਤ ਕੀਤੀ ਜਾਵੇ, ਜਾਂ ਅਮਲ ਵਿੱਚ ਫਿੱਕਾ ਪੈਣ ਲਈ ਛੱਡ ਦਿੱਤਾ ਜਾਵੇ, ਇਸ ਤੋਂ ਬਾਅਦ ਕੀ ਹੋਵੇਗਾ, ਇਹ ਹੋਰ ਵੀ ਔਖਾ ਹੋਵੇਗਾ।

ਪੱਛਮੀ ਦਰਿਆ ਸਿਰਫ਼ ਸਾਂਝੇ ਦਰਿਆ ਨਹੀਂ ਹਨ। ਇਹ ਪਾਕਿਸਤਾਨ ਦੇ ਪਾਣੀ ਦਾ ਮੁੱਖ ਸਰੋਤ ਹਨ। ਇਹ ਦਰਿਆ ਦੇਸ਼ ਭਰ ਵਿੱਚ ਜੀਵਨ, ਰੋਜ਼ੀ-ਰੋਟੀ ਅਤੇ ਲੈਂਡਸਕੇਪ ਨੂੰ ਕਾਇਮ ਰੱਖਦੇ ਹਨ, ਇਸ ਲਈ ਇਸ ਨੂੰ ਰੋਕਣ ਦੇ ਨਤੀਜੇ ਦੋਵਾਂ ਦੇਸ਼ਾਂ ਲਈ ਬਹੁਤ ਵੱਡੇ ਹਨ। ਆਉਣ ਵਾਲੇ ਮਹੀਨੇ ਅਤੇ ਸਾਲ ਇਹ ਦੱਸਣਗੇ ਕਿ ਕੀ ਬੁੱਧੀਮਾਨ ਦਿਮਾਗ ਜਿੱਤਣਗੇ, ਜਾਂ ਕੀ ਉਪ-ਮਹਾਂਦੀਪ ਆਪਣੇ ਸਭ ਤੋਂ ਕੀਮਤੀ ਸਰੋਤ ਪਾਣੀ 'ਤੇ ਇਕਪਾਸੜਵਾਦ ਦੇ ਇੱਕ ਨਵੇਂ ਅਨਿਸ਼ਚਿਤ ਯੁੱਗ ਵਿੱਚ ਦਾਖਲ ਹੋਵੇਗਾ!

ਮੁੱਦੇ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



# ਪ੍ਰਮਾਣੂ ਬੰਬਾਂ ਦੀ ਦਾਸਤਾਨ

ਦੂਸਰੇ ਵਿਸ਼ਵ ਯੁੱਧ ਦੌਰਾਨ ਸੰਯੁਕਤ ਰਾਜ ਅਮਰੀਕਾ ਵੱਲੋਂ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਸਾਕੀ ਉੱਤੇ 6 ਅਤੇ 9 ਅਗਸਤ 1945 ਨੂੰ ਦੋ ਐਟਮ ਬੰਬ ਸੁੱਟੇ ਗਏ, ਜਿਨ੍ਹਾਂ ਦੁਆਰਾ ਕੀਤੀ ਗਈ ਜਾਨੀ ਤੇ ਮਾਲੀ ਤਬਾਹੀ ਨੂੰ ਯਾਦ ਕਰਕੇ ਅੱਜ ਵੀ ਰੂਹ ਕੰਬ ਜਾਂਦੀ ਹੈ। ਇਨ੍ਹਾਂ ਦੋਹਾਂ ਐਟਮ ਬੰਬਾਂ ਨੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਨੂੰ ਪ੍ਰਮਾਣੂ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ ਕਰ ਲਿਆ। ਇਹ ਪ੍ਰਮਾਣੂ ਬੰਬਾਂ ਦੀ ਦੌੜ ਅੱਜ ਵੀ ਜਾਰੀ ਹੈ। ਜਿਸ ਦੇਸ਼ ਪਾਸ ਵਧੇਰੇ ਪ੍ਰਮਾਣੂ ਬੰਬ ਹੋਣਗੇ, ਦੁਨੀਆਂ ਵਿੱਚ ਉਸਦੀ ਦਾਦਾਗਿਰੀ ਚੱਲਦੀ ਹੈ। ਅੱਠ ਪ੍ਰਭੂਸੱਤਾ ਸੰਪੰਨ ਰਾਜਾਂ ਨੇ ਜਨਤਕ ਤੌਰ 'ਤੇ ਪ੍ਰਮਾਣੂ ਹਥਿਆਰਾਂ ਦੇ ਸਫਲ ਧਮਾਕੇ ਦਾ ਐਲਾਨ ਕੀਤਾ ਹੈ। ਪ੍ਰਮਾਣੂ ਹਥਿਆਰਾਂ ਦੇ ਗੈਰ-ਪ੍ਰਸਾਰ ਸੰਧੀ (ਐਨ.ਪੀ.ਟੀ.) ਦੀਆਂ ਸਰਤਾਂ ਅਧੀਨ ਪੰਜ ਦੇਸ਼ਾਂ- ਸੰਯੁਕਤ ਰਾਜ ਅਮਰੀਕਾ, ਰੂਸ, ਯੁਨਾਈਟਿਡ ਕਿੰਗਡਮ, ਫਰਾਂਸ ਅਤੇ ਚੀਨ ਤੋਂ ਇਲਾਵਾ ਭਾਰਤ, ਉੱਤਰੀ ਕੋਰੀਆ, ਪਾਕਿਸਤਾਨ, ਇਜ਼ਰਾਇਲ, ਇਰਾਕ, ਬੈਲਜੀਅਮ, ਜਰਮਨੀ, ਇਟਲੀ, ਨੀਦਰਲੈਂਡ, ਤੁਰਕੀ, ਬੇਲਾਰੂਸ, ਕੱਲਕਿਸਤਾਨ, ਦੱਖਣੀ ਅਫਰੀਕਾ, ਯੁਕਰੇਨ ਆਦਿ ਪਾਸ ਪ੍ਰਮਾਣੂ ਹਥਿਆਰ ਹਨ ਜਾਂ ਪ੍ਰਮਾਣੂ ਹਥਿਆਰ ਬਣਾਉਣ ਦੀ ਸਮੱਰਥਾ ਹੈ।

ਫੈਡਰੇਸ਼ਨ ਆਫ ਅਮੈਰਿਕਨ ਸਾਇੰਟਿਸਟਸ ਅਨੁਸਾਰ 2025 ਤੱਕ ਦੁਨੀਆਂ ਵਿੱਚ ਲਗਭਗ 3904 ਸਮਗਰਮ ਪ੍ਰਮਾਣੂ ਹਥਿਆਰ ਅਤੇ ਕੁੱਲ 12,331 ਪ੍ਰਮਾਣੂ ਹਥਿਆਰ ਹਨ, ਜੋ ਲਗਭਗ 9585 ਫੌਜੀ ਭੰਡਾਰਾਂ ਵਿੱਚ ਰੱਖੇ ਗਏ ਹਨ। ਲਗਭਗ 3904 ਹਥਿਆਰ ਕਾਰਜਸ਼ੀਲ ਬਲਾਂ ਨਾਲ ਤਾਇਨਾਤ ਹਨ। ਪ੍ਰਮਾਣੂ ਯੁੱਗ ਦੀ ਸ਼ੁਰੂਆਤ ਤੋਂ ਲੈ ਕੇ ਪ੍ਰਮਾਣੂ ਹਥਿਆਰਾਂ ਵਾਲੇ ਜ਼ਿਆਦਾਤਰ ਰਾਜਾਂ ਦੇ ਡਿਲਵਰੀ ਢੰਗ ਵੀ ਵਿਕਸਿਤ ਹੋਏ ਹਨ। ਅੰਕੜਿਆਂ ਅਨੁਸਾਰ ਵਿਸ਼ਵ ਪੱਧਰ 'ਤੇ ਪ੍ਰਮਾਣੂ ਹਥਿਆਰ ਰੂਸ (44%) ਅਮਰੀਕਾ (43%) ਚੀਨ (5%), ਫਰਾਂਸ (2.35%), ਭਾਰਤ (1.46%), ਪਾਕਿਸਤਾਨ (1.38%), ਇਜ਼ਰਾਇਲ (0.73%), ਉਤਰੀ ਕੋਰੀਆ (0.41%), ਆਦਿ ਦੇ ਕੋਲ ਹਨ। ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦਾ ਫ਼ੈਸਲਾ ਹਮੇਸ਼ਾ ਇਕ ਵਿਅਕਤੀ ਜਾਂ ਲੋਕਾਂ ਦੇ ਛੋਟੇ ਸਮੂਹ ਤੱਕ ਸੀਮਤ ਹੁੰਦਾ ਹੈ। ਪ੍ਰਮਾਣੂ ਹਥਿਆਰਾਂ ਨੂੰ ਚਲਾਉਣ ਦੀ ਇਜਾਜ਼ਤ ਅਕਸਰ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਫੌਜਾਂ ਦੇ ਸੁਪਰੀਮ ਕਮਾਂਡਰ ਵੱਲੋਂ ਦਿੱਤੀ ਜਾਂਦੀ ਹੈ। 'ਪ੍ਰਮਾਣੂ ਯੁੱਧ' ਤੋਂ ਭਾਵ ਇਕ ਫੌਜ਼ੀ ਟਕਰਾਅ ਜਾਂ ਤਿਆਰ ਕੀਤੀ ਰਾਜਨੀਤਿਕ ਰਣਨੀਤੀ ਹੈ, ਜੋ ਪ੍ਰਮਾਣੂ ਹਥਿਆਰਾਂ ਨੂੰ ਤਾਇਨਾਤ ਕਰਦੀ ਹੈ। ਪ੍ਰਮਾਣੂ ਹਥਿਆਰ ਸਮੂਹਿਕ ਵਿਨਾਸ ਦੇ ਹਥਿਆਰ ਹਨ, ਜੋ ਰਵਾਇਤੀ ਯੁੱਧ ਦੇ ਉਲਟ ਪ੍ਰਮਾਣੂ ਯੁੱਧ ਬਹੁਤ ਘੱਟ ਸਮੇਂ ਵਿੱਚ ਬਹੁਤ ਜ਼ਿਆਦਾ ਵਿਕਾਸ ਪੈਦਾ ਕਰਦੇ ਹਨ ਅਤੇ ਇਸ ਦਾ ਲੰਬੇ ਸਮੇਂ ਤੱਕ ਚੱਲਣ ਵਾਲਾ ਰੇਡੀਓਲੌਜੀਕਲ ਨਤੀਜਾ ਹੋ ਸਕਦਾ ਹੈ।

ਅੱਜ ਤੱਕ ਹਥਿਆਰਬੰਦ ਟਕਰਾਅ ਵਿੱਚ ਪ੍ਰਮਾਣੂ ਹਥਿਆਰ ਦੀ ਇਕੋ ਇਕ ਵਰਤੋਂ ਅਗਸਤ 1945 ਵਿੱਚ ਹੀਰੋ ਸ਼ੀਮਾ ਅਤੇ ਨਾਗਾਸਾਕੀ ਦੇ ਅਮਰੀਕੀ ਪ੍ਰਮਾਣੂ ਬੰਬ ਧਮਾਕਿਆਂ ਨਾਲ ਹੋਈ ਸੀ, ਜਿਸ ਵਿੱਚ ਦੋ ਲੱਖ ਤੋਂ ਵਧੇਰੇ ਲੋਕ ਮਾਰੇ ਗਏ। ਦੱਖਣੀ ਅਫਰੀਕਾ ਨੇ 1980 ਦੇ ਦਹਾਕੇ ਵਿੱਚ ਪ੍ਰਮਾਣੂ ਬੰਬ ਬਣਾਏ, ਪਰ 1990 ਦੇ ਦਹਾਕੇ ਵਿੱਚ ਸਵੈ-ਇੱਛਾ ਨਾਲ ਆਪਣੇ ਘਰੇਲੂ ਤੌਰ 'ਤੇ ਬਣਾਏ ਸਾਰੇ ਪ੍ਰਮਾਣੂ ਹਥਿਆਰ ਨਸ਼ਟ ਕਰ ਦਿੱਤੇ ਅਤੇ ਹੋਰ ਪ੍ਰਮਾਣੂ ਹਥਿਆਰਾਂ ਜਾਂ ਉਤਪਾਦਨ ਕਰਨਾ ਛੱਡ ਦਿੱਤਾ; ਜਦ ਕਿ ਹੋਰ ਪ੍ਰਮਾਣੂ ਸੰਪਨ ਦੇਸ਼ਾਂ ਨੇ ਵੱਖ-ਵੱਖ ਸਮੇਂ 2000 ਤੋਂ ਵਧੇਰੇ ਮੌਕਿਆਂ 'ਤੇ ਪ੍ਰਮਾਣੂ ਹਥਿਆਰਾਂ ਦਾ ਵਿਸਫੋਟ ਕੀਤਾ ਹੈ।

ਪ੍ਰਮਾਣੂ ਯੁੱਧ ਦੇ ਦ੍ਰਿਸ਼ਾਂ ਨੂੰ ਆਮ ਤੌਰ 'ਤੇ ਦੋ ਸਮੂਹਾਂ ਵਿੱਚ ਵੰਡਿਆ ਗਿਆ ਹੈ- ਇਕ ਸੀਮਤ ਪ੍ਰਮਾਣੂ ਯੁੱਧ ਅਤੇ ਦੂਜਾ ਪੂਰੇ ਪੈਮਾਨੇ ਦਾ ਪ੍ਰਮਾਣੂ ਯੁੱਧ। ਪਹਿਲੀ ਦਸੰਬਰ 2006 ਵਿੱਚ ਅਮਰੀਕਨ ਜੀਓਫਿਜੀਕਲ ਯੂਨੀਅਨ ਦੀ ਸਾਲਾਨਾ ਮੀਟਿੰਗ ਵਿੱਚ ਪੇਸ਼ ਕੀਤੇ ਗਏ ਇਕ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਕ ਛੋਟੇ ਪੈਮਾਨੇ ਦੇ ਖੇਤਰੀ ਪ੍ਰਮਾਣੂ ਯੁੱਧ ਦੂਜੇ ਵਿਸ਼ਵ ਯੁੱਧ ਨਾਲੋਂ ਵਧੇਰੇ ਜਾਨੀ ਤੇ ਮਾਲੀ ਨੁਕਸਾਨ ਕਰ ਸਕਦਾ ਹੈ ਅਤੇ ਵਿਸ਼ਵ ਜਲਵਾਯੂ ਨੂੰ ਵਿਗਾੜ ਸਕਦਾ ਹੈ। ਇਸਤੋਂ ਇਲਾਵਾ ਇਕ ਦੁਰਘਟਨਾ ਪੂਰਨ ਪ੍ਰਮਾਣੂ ਯੁੱਧ ਦੌਰਾਨ ਸੀਮਤ ਜਾਂ ਪੂਰੇ ਪੈਮਾਨੇ 'ਤੇ ਪ੍ਰਮਾਣੂ ਆਦਾਨ-ਪ੍ਰਦਾਨ ਹੋ ਸਕਦਾ ਹੈ, ਜਿਸ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਅਣਜਾਣੇ ਵਿੱਚ ਸ਼ੁਰੂ ਹੋ ਸਕਦੀ ਹੈ। ਇਸ ਦ੍ਰਿਸ਼ ਵਿੱਚ ਨਿਰਧਾਰਤ ਢਾਚਿਆਂ ਵਿੱਚ ਸ਼ੁਰੂਆਤੀ ਚੇਤਾਵਨੀ ਯੰਤਰਾਂ ਵਿੱਚ ਖਰਾਬੀ ਜਾਂ ਕੰਪਿਊਟਰਾਂ ਨੂੰ ਨਿਸ਼ਾਨਾ ਬਣਾਉਣਾ, ਠੱਗ ਫੌਜੀ ਕਮਾਂਡਰਾਂ ਦੁਆਰਾ ਜਾਣ-ਬੁਝ ਕੇ ਗਲਤੀ, ਦੁਸ਼ਮਣ ਦੇ ਹਵਾਈ ਖੇਤਰ ਜੰਗੀ ਜਹਾਜ਼ਾਂ ਦੇ ਗਲਤੀ ਨਾਲ ਭਟਕਣ ਦੇ ਨਤੀਜੇ, ਤਣਾਅਪੂਰਨ ਕੂਟਨੀਤਿਕ ਸਮੇਂ ਦੌਰਾਨ ਅਣ-ਐਲਾਨੀ ਮਿਜ਼ਾਇਲ ਪ੍ਰੀਖਣ ਦੇ ਪ੍ਰਤੀਕਰਮ, ਫੌਜੀ ਅਭਿਆਸ ਪ੍ਰਤੀਕਰਮ, ਗਲਤ ਅਨੁਵਾਦ ਕੀਤੇ ਜਾਂ ਗਲਤ ਸੰਚਾਰਿਤ ਸੰਦੇਸ਼ ਕਾਰਨ ਸ਼ਾਮਲ ਹਨ। ਪ੍ਰਮਾਣੂ ਹਥਿਆਰਾਂ ਦੀ ਰਣਨੀਤਿਕ ਵਰਤੋਂ ਦਾ ਇਕ ਹੋਰ ਪਹਿਲੂ ਸਮੁੰਦਰ ਵਿੱਚ ਸਤ੍ਹਾ ਅਤੇ ਪਣਡੁੱਬੀ ਜਹਾਜ਼ਾਂ ਦੇ ਵਿਰੁੱਧ ਵਰਤੋ ਲਈ ਤਾਇਨਾਤ ਕੀਤੇ ਗਏ ਪ੍ਰਮਾਣੂ ਹਥਿਆਰਾਂ ਹਨ।



ਪ੍ਰਮਾਣੂ ਪ੍ਰੀਖਣ ਦੌਰਾਨ ਤਬਾਹੀ ਦਾ ਇਕ ਮੰਜ਼ਰ

ਐਸੀ ਤਾਇਨਾਤੀ ਵਿੱਚ ਕੀਤੀ ਗਈ ਗਲਤੀ ਵੱਡੇ ਪ੍ਰਮਾਣੂ ਯੁੱਧ ਦਾ ਰੂਪ ਧਾਰਨ ਕਰ ਸਕਦੀ ਹੈ। ਗੈਰ-ਰਾਜੀ ਸੰਗਠਨਾਂ ਦੁਆਰਾ ਪ੍ਰਮਾਣੂ ਅਤਿਵਾਦ ਵੀ ਪ੍ਰਮਾਣੂ ਯੁੱਧ ਦਾ ਕਾਰਨ ਬਣ ਸਕਦਾ ਹੈ। ਇਕ ਹੋਰ ਸੰਭਾਵੀ ਪ੍ਰਮਾਣੂ ਅਤਿਵਾਦ ਖਤਰਾ ਉਹ ਯੰਤਰ ਹਨ, ਜੋ ਰਵਾਇਤੀ ਵਿਸਫੋਟਕਾਂ ਦੀ ਵਰਤੋਂ ਕਰਕੇ ਇਕ ਵੱਡੇ ਖੇਤਰ ਵਿੱਚ ਰੇਡੀਓਐਕਟਿਵ ਸਮਗਰੀ ਨੂੰ ਖ਼ਿੰਡਾਉਣ ਲਈ ਤਿਆਰ ਕੀਤੇ ਗਏ ਹਨ, ਜਿਨ੍ਹਾਂ ਨੂੰ ਡਰਦੀ ਬੰਬ ਕਿਹਾ ਜਾਂਦਾ ਹੈ। ਰੇਡੀਓਐਕਟਿਵ ਸਮਗਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਕਤਲਾਂ ਲਈ ਵੀ ਵਰਤਿਆ ਜਾ ਸਕਦਾ ਹੈ। ਪ੍ਰਮਾਣੂ ਯੁੱਧ ਦੇ ਵਿਕਲਪਾਂ ਵਿੱਚ ਪ੍ਰਮਾਣੂ ਰੋਕਥਾਮ, ਪ੍ਰਮਾਣੂ ਨਿਸ਼ਤਰੀ ਕਰਨ ਅਤੇ ਪ੍ਰਮਾਣੂ ਹਥਿਆਰਾਂ ਦੇ ਗੈਰ-ਪ੍ਰਸਾਰ ਸੰਧੀ ਸ਼ਾਮਲ ਹਨ।

ਪਬਲਿਕ ਡੋਮੇਨ ਵਿੱਚ ਉਪਲੱਬਧ ਜਾਣਕਾਰੀ ਅਨੁਸਾਰ ਸ਼ੀਤ ਯੁੱਧ ਚਲਦੇ ਦੌਰਾਨ 1966 ਵਿੱਚ ਅਮਰੀਕਾ ਨੇ ਸਪੇਨ ਦੇ ਪਾਲੋਮੇਰਸ ਪਿੰਡ 'ਤੇ ਚਾਰ ਹਾਈਡਰੋਜਨ ਬੰਬ ਸੁੱਟੇ, ਜੋ ਹੀਰੋਸ਼ੀਮਾ 'ਤੇ ਸੁੱਟੇ ਗਏ ਪ੍ਰਮਾਣੂ ਬੰਬ ਨਾਲੋਂ 100 ਗੁਣਾਂ ਜ਼ਿਆਦਾ ਸ਼ਕਤੀਸ਼ਾਲੀ ਸਨ। ਇਸ ਹਾਦਸੇ ਨੇ ਯੂਰਪ ਨੂੰ ਪ੍ਰਮਾਣੂ ਤਬਾਹੀ ਦੇ ਨੇੜੇ ਪਹੁੰਚਾ ਦਿੱਤਾ। ਅਮਰੀਕਾ ਨੇ ਹਾਦਸੇ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ, ਪਰ ਬੰਬਾਂ ਦੇ ਰੇਡੀਓਐਕਟਿਵ ਪ੍ਰਭਾਵ ਅੱਜ ਵੀ ਮੌਜੂਦ ਹਨ। ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ 17 ਜਨਵਰੀ 1966 ਨੂੰ ਅਮਰੀਕੀ ਬੀ-52 ਬੰਬਾਰ ਸਪੇਨ ਦੇ ਨੀਲੇ ਅਸਮਾਨ ਵਿੱਚ ਆਪਣੀ ਨਿਯਮਤ ਗਸ਼ਤ ਉੱਤੇ ਸੀ। ਇਸ ਮਿਸ਼ਨ ਦਾ ਉਦੇਸ਼ ਅਮਰੀਕਾ ਦੀ ਰੋਕਥਾਮ ਸਮਰਥਾ ਨੂੰ ਬਣਾਈ ਰੱਖਣਾ ਸੀ, ਭਾਵ ਯੂਰਪ ਦੇ ਅਸਮਾਨ ਵਿੱਚ ਸ਼ਕਤੀ ਦਾ ਪ੍ਰਦਰਸ਼ਨ। ਇਹ ਅਮਰੀਕੀ ਜਹਾਜ਼ ਉਸ ਸਮੇਂ ਪ੍ਰਮਾਣੂ ਹਥਿਆਰਾਂ ਨਾਲ ਲੈਸ ਸੀ। ਇਸ ਨੂੰ ਹਵਾ ਵਿੱਚ ਈਂਧਨ ਭਰਨਾ ਪਿਆ, ਪਰ ਇਸਦੇ ਲਈ ਕੇਸੀ-135 ਟੈਂਕਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਇਸ ਸਮੇਂ ਦੌਰਾਨ ਗਲਤੀ ਹੋ ਗਈ। ਇਕ ਟੈਂਕਰ ਅਤੇ ਬੰਬਾਰ ਆਪਸ ਵਿੱਚ ਟਕਰਾਅ ਗਏ। ਅੱਗ ਦਾ ਭਿਆਨਕ ਗੋਲਾ ਅਸਮਾਨ ਵਿੱਚ ਉੱਠਿਆ ਅਤੇ ਸੜਦਾ ਮਲਬਾ ਜਮੀਨ 'ਤੇ ਡਿੱਗਣ ਲੱਗਾ। ਇਹ ਇਕ ਅਜਿਹੀ ਗਲਤੀ ਸੀ, ਜੋ ਪੂਰੇ ਯੂਰਪ ਨੂੰ ਤਬਾਹ ਕਰ ਸਕਦੀ ਸੀ। ਇਸ ਸਮੇਂ ਦੌਰਾਨ ਟਕਰਾਏ ਗਏ ਬੰਬਾਰ ਤੋਂ ਚਾਰ ਪ੍ਰਮਾਣੂ ਬੰਬ ਜਮੀਨ ਉੱਤੇ ਡਿਗ ਪਏ; ਚੰਗੀ ਕਿਸਮਤ ਨਾਲ ਬੰਬ ਫਟੇ ਨਹੀਂ, ਪਰ ਰਵਾਇਤੀ ਵਿਸਫੋਟਕਾਂ ਦੇ ਧਮਾਕੇ ਨੇ ਪਿੰਡ ਉੱਤੇ ਰੇਡੀਓਐਕਟਿਵ ਪਲੂਟੋਨੀਅਮ ਖਿਲਾਰ ਦਿੱਤੇ। ਇਹ ਜ਼ਹਿਰ ਸਪੇਨ ਦੇ ਲੋਕਾਂ ਨੇ ਖੇਤਾਂ, ਗਲੀਆਂ ਅਤੇ ਜ਼ਿੰਦਗੀਆਂ ਵਿੱਚ ਫੈਲ ਗਿਆ, ਪਰ ਇਹ ਪ੍ਰਮਾਣੂ ਹਥਿਆਰਾਂ ਨਾਲ ਸੰਬਧਤ ਪਹਿਲਾ ਹਾਦਸਾ ਨਹੀਂ ਸੀ।

ਪੈਂਟਾਗਨ ਅਨੁਸਾਰ ਹਾਈਡਰੋਜਨ ਬੰਬ ਲੈ ਜਾਣ ਵਾਲੇ ਜਹਾਜ਼ਾਂ ਨਾਲ ਸੰਬਧਤ ਘੱਟੋ-ਘੱਟ 9 ਹਾਦਸੇ ਹੋਏ ਸਨ, ਪਰ ਵਿਦੇਸ਼ੀ ਧਰਤੀ 'ਤੇ ਅਮਰੀਕਾ ਬੰਬਾਰ ਦਾ ਇਹ ਪਹਿਲਾ ਹਾਦਸਾ ਸੀ, ਜਿਸ ਨੇ ਪੂਰੀ ਦੁਨੀਆਂ ਦਾ ਧਿਆਨ ਖਿਚਿਆ। ਜੇ ਬੰਬ ਫੱਟ ਜਾਂਦੇ ਤਾਂ ਯੂਰਪ ਤਬਾਹ ਹੋ ਸਕਦਾ ਸੀ। ਸ਼ੁਕਰ ਹੈ ਕਿ ਇਸ ਨਾਲ ਪ੍ਰਮਾਣੂ ਧਮਾਕਾ ਨਹੀਂ ਹੋਇਆ। ਸਪੇਨ ਅਤੇ ਅਮਰੀਕਾ ਨੇ ਇਸ ਘਟਨਾ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਇਕ ਹਾਦਸਾ ਨਹੀਂ, ਸਗੋਂ ਸ਼ੀਤ ਯੁੱਧ ਦੇ ਖਤਰਨਾਕ ਪਰਛਾਵੇਂ ਦਾ ਸਬੂਤ ਹੈ। ਪਾਲੋਮੇਰਸ ਦੀ ਧਰਤੀ ਨੂੰ ਅਜੇ ਵੀ 'ਰੈੱਡ ਜ਼ੋਨ' ਕਿਹਾ ਜਾਂਦਾ ਹੈ। ਪ੍ਰਮਾਣੂ ਬੰਬ ਮਨੁੱਖਤਾ ਲਈ ਸਦਾ ਲਈ ਚਿੰਤਾ ਦਾ ਵਿਸ਼ਾ ਬਣੇ ਰਹਿਣਗੇ। ਪੈਂਟਾਗਨ ਦੇ ਲੀਕ ਹੋਏ ਦਸਤਾਵੇਜ਼ਾਂ ਨੇ ਖੁਲਾਸਾ ਕੀਤਾ ਹੈ ਕਿ ਅਮਰੀਕਾ ਨੇ ਬਿਜਲੀ ਦੀ ਰਫ਼ਤਾਰ ਨਾਲ ਪ੍ਰਮਾਣੂ ਬੰਬ ਸੁੱਟਣ ਦੀ ਤਿਆਰੀ ਦੇ ਹੁਕਮ ਦੇ ਰੱਖੇ ਹਨ।

ਤਨਜ਼

ਮੁਹੰਮਦ ਹਨੀਫ਼



# 'ਜੰਗ ਦੇ ਮਾਹੌਲ 'ਚ ਜੰਗ ਦੀ ਮੁਖ਼ਾਲਫ਼ਤ'

ਜੰਗ ਦੇ ਨੁਕਸਾਨ ਤਾਂ ਬੜੇ ਨੇ, ਪਰ ਜੰਗ ਦਾ ਇੱਕ ਛੋਟਾ ਜਿਹਾ ਫ਼ਾਇਦਾ ਵੀ ਹੈ। ਨੁਕਸਾਨ ਸਾਨੂੰ ਸਾਰਿਆਂ ਨੂੰ ਪਤਾ ਹੈ! ਫ਼ੌਜੀ ਤਾਂ ਫ਼ੌਜ ਵਿੱਚ ਭਰਤੀ ਹੀ ਜੰਗ ਲੜਨ ਲਈ ਹੁੰਦੇ ਨੇ, ਪਰ ਜਦੋਂ ਜੰਗ ਹੋਵੇ ਉਹਦੇ ਵਿੱਚ ਆਮ ਨਾਗਰਿਕ ਵੀ ਮਾਰੇ ਜਾਂਦੇ ਨੇ। ਆਟੇ-ਦਾਲ ਦਾ ਭਾਅ ਵੱਧ ਜਾਂਦਾ ਹੈ, ਕਈ ਵਿਚਾਰੇ ਘਰੋਂ ਬੇਘਰ ਹੋ ਜਾਂਦੇ ਨੇ, ਪਰ ਜੰਗ ਦੇ ਇਸ ਮਾਹੌਲ ਵਿੱਚ ਜੰਗ ਦੇ ਖ਼ਿਲਾਫ਼ ਖੜ੍ਹਨ ਵਾਲਾ ਬੰਦਾ ਆਪਣੇ ਆਪ ਨੂੰ ਗੱਦਾਰ ਹੀ ਕਹਾਉਂਦਾ ਹੈ। ਇਸ ਲਈ ਅਸੀਂ ਵੀ ਕਹਿ ਦਿੰਦੇ ਹਾਂ, "ਜੰਗ ਹੂਈ ਤੋਂ ਹਮ ਆਪਣੀ ਜ਼ਮੀਨ ਕੇ ਚੱਪੇ-ਚੱਪੇ ਕੀ ਹਿਫ਼ਾਜ਼ਤ ਕਰੇਂਗੇ।"

ਪਾਕਿਸਤਾਨ ਵਿੱਚ ਹਕੂਮਤ ਕੋਈ ਵੀ ਹੋਵੇ, ਵਜ਼ੀਰ-ਏ-ਆਜ਼ਮ ਦਾ ਨਾਮ ਕੋਈ ਵੀ ਹੋਵੇ, ਵਜ਼ੀਰ-ਏ-ਦਿਫ਼ਾ (ਰੱਖਿਆ ਮੰਤਰੀ) ਕੋਈ ਵੀ ਹੋਵੇ, ਪਰ ਅਸਲੀ ਸਰਕਾਰ ਅੱਜ-ਕੱਲ੍ਹ ਵਰਦੀ ਵਾਲਿਆਂ ਦੀ ਹੈ। ਤੇ ਪਾਕਿਸਤਾਨ ਦੀ ਵਰਦੀ ਵਾਲੀ ਸਰਕਾਰ ਨੂੰ ਜਿਹੜੇ ਪਿਆਰ ਦੀ ਆਦਤ ਸੀ, ਉਹ ਥੋੜ੍ਹਾ ਜਿਹਾ ਘੱਟ ਹੋਇਆ ਸੀ; ਉਦੋਂ ਦਾ, ਜਦੋਂ ਦਾ ਉਨ੍ਹਾਂ ਨੇ ਇਮਰਾਨ ਖ਼ਾਨ ਨੂੰ ਹਕੂਮਤੋਂ ਕੱਢਿਆ ਹੈ ਤੇ ਜੇਲ੍ਹ ਪਾਇਆ ਹੈ। ਖ਼ਾਸ ਤੌਰ 'ਤੇ ਪੰਜਾਬ ਵਿੱਚ ਜਿੱਥੇ ਫ਼ੌਜ ਨੂੰ ਪਿਆਰ ਹੀ ਪਿਆਰ ਮਿਲ ਰਿਹਾ ਸੀ, ਉਹ ਐਸੀ ਜਗ੍ਹਾ ਹੈ ਜਿੱਥੇ ਲੋਕ ਕਹਿੰਦੇ ਸਨ, "ਮੇਰਿਆ ਢੋਲ ਸਿਪਾਹੀਆ ਤੈਨੂੰ ਰੱਬ ਦੀਆਂ ਰੱਖਾਂ।"

ਹੁਣ ਲੋਕ ਖੱਲੇ ਵਿਖਾਉਣ ਲੱਗੇ ਪਏ ਸਨ। ਜਿੱਥੇ ਗਾਣਾ ਵਜਦਾ ਸੀ, 'ਮੇਰਾ ਮਾਹੀ ਸ਼ੈਲ-ਛਬੀਲਾ... ਹਾਏ ਨੀ ਕਰਨੈਲ ਨੀ ਜਰਨੈਲ ਨੀ', ਉੱਥੇ ਲੋਕ ਇਹ ਕਹਿਣ ਲੱਗ ਪਏ ਸਨ, ਬਈ ਇਹ ਅਸੀਂ ਕਿਹੜੇ ਕਬਜ਼ਾ ਗਰੁੱਪ ਦੇ ਵਸ ਪੈ ਗਏ ਹਾਂ। ਫ਼ੌਜ ਨੂੰ ਦਿਲੋਂ ਪਿਆਰ ਕਰਨ ਵਾਲੇ ਪੰਜਾਬੀ ਇਹ ਕਹਿੰਦੇ ਫ਼ਿਰਦੇ ਸਨ, "ਮੁਝਸੇ ਪਹਿਲੀ ਸੀ ਮੁਹੱਬਤ ਮੇਰੇ ਮਹਿਬੂਬ ਨਾ ਮਾਂਗ...।"

ਫ਼ਿਰ ਹੋਇਆ ਪਹਿਲਗਾਮ ਹਮਲਾ। ਮਰੇ ਬੇਚਾਰੇ ਭਾਰਤੀ ਟੂਰਿਸਟ, ਸ਼ਾਮਤ ਆਈ ਕਸ਼ਮੀਰੀਆਂ ਦੀ...। ਟੀਵੀ ਐਂਕਰਾਂ ਨੇ ਆਪੋ-ਆਪਣੇ ਸਟੂਡੀਓਜ਼ ਵਿੱਚ ਮੋਰਚੇ ਬੰਨ੍ਹ ਲਏ। ਕਈ ਪਾਕਿਸਤਾਨੀਆਂ ਨੂੰ ਫ਼ੌਜ ਦਾ ਪਿਆਰ ਦੁਬਾਰਾ ਯਾਦ ਆਇਆ, ਜਿਵੇਂ ਕਦੀ ਕਦੀ ਵਿਛੜੇ ਸੱਜਣ ਦੀ ਯਾਦ ਆਉਂਦੀ ਹੈ। ਇਹਨੂੰ ਧਰਤੀ ਦਾ ਪਿਆਰ ਕਹਿ ਲਓ ਜਾਂ ਮਜਬੂਰੀ, ਕਿਉਂਕਿ ਜੇ ਇੰਡੀਆ ਨੇ ਹਮਲਾ ਕੀਤਾ, ਜੰਗ ਤਾਂ ਫ਼ੌਜੀਆਂ ਨੇ ਹੀ ਲੜਨੀ ਹੈ! ਟੈਂਕ ਵੀ ਉਨ੍ਹਾਂ ਕੋਲ, ਮਿਜ਼ਾਈਲ, ਲੜਾਕੂ ਜਹਾਜ਼, ਵੱਡਾ ਬੰਬ- ਸਭ ਉਨ੍ਹਾਂ ਕੋਲ ਹੈ। ਬਲਕਿ ਜੰਗੀ ਤਰਾਨੇ ਵੀ ਉਹ ਆਪ ਹੀ ਬਣਵਾ ਲੈਂਦੇ ਨੇ। ਪਾਕਿਸਤਾਨੀ ਹੁਣ ਜੇ ਫ਼ੌਜ ਦੇ ਪਿੱਛੇ ਨਾ ਖੜਨ ਤਾਂ ਕਿਹਦੀ ਮਾਂ ਨੂੰ ਮਾਸੀ ਕਹਿਣ!

ਵੱਡੀ ਜੰਗ ਦਾ ਇੱਕ ਇਹ ਵੀ ਫ਼ਾਇਦਾ ਹੁੰਦਾ ਹੈ ਕਿ ਸਾਡੀਆਂ ਛੋਟੀਆਂ-ਛੋਟੀਆਂ ਜੰਗਾਂ ਲੁਕ ਜਾਂਦੀਆਂ ਨੇ। ਸਿੰਧੀ ਭਰਾ ਦੋ ਹਫ਼ਤਿਆਂ ਤੋਂ ਸੜਕਾਂ ਬੰਦ ਕਰਕੇ ਬੈਠੇ ਸਨ, ਬਈ ਪੰਜਾਬ ਸਾਡਾ ਪਾਣੀ ਚੋਰੀ ਕਰਨ ਲੱਗਿਆ ਹੈ। ਹੁਣ ਹਕੂਮਤ ਉਨ੍ਹਾਂ ਨੂੰ ਦਿਖਾਉਂਦੀ ਹੈ ਕਿ ਇੰਡੀਆ ਸਾਡਾ ਸਾਰਿਆਂ ਦਾ ਹੀ ਪਾਣੀ ਚੋਰੀ ਕਰਨ ਲੱਗਿਆ ਹੈ, ਆਓ ਇਹਦੇ ਨਾਲ ਲੜੀਏ। ਬਲੋਚ ਫ਼ਿਰਦੇ ਸਨ, 'ਬਈ ਸਾਡੇ ਬੱਚੇ ਗਾਇਬ ਕੀਤੇ ਸਨ, ਉਹ ਵਾਪਸ ਕਰੋ।' ਉਨ੍ਹਾਂ ਨੂੰ ਵੀ ਇਹ ਹੀ ਜਵਾਬ ਹੈ ਕਿ ਆਓ ਪਹਿਲਾਂ ਅਸੀਂ ਇੰਡੀਆ ਨਾਲ ਨਿਬੜ ਲਈਏ! ਉੱਤੋਂ ਇੱਕ ਇਮਰਾਨ ਖ਼ਾਨ ਸੀ। ਜਿਹੜਾ ਦੋ ਸਾਲਾਂ ਤੋਂ ਜੇਲ੍ਹ ਵਿੱਚ ਹੈ, ਉਸ ਨੂੰ ਭੈਣਾਂ ਨੂੰ ਵੀ ਨਹੀਂ ਮਿਲਣ ਦਿੰਦੇ। ਡੇਢ ਸੌ ਕੇਸ ਉਹਦੇ ਉੱਤੇ ਪਹਿਲਾਂ ਹੀ ਹੈ। ਜਦੋਂ ਦੀਆਂ ਜੰਗ ਦੀਆਂ ਗੱਲਾਂ ਸ਼ੁਰੂ ਹੋਈਆਂ ਹਨ, ਇਹ ਕਹਿੰਦੇ ਪਏ ਨੇ, 'ਕਿੱਡਾ ਵਤਨ ਦੁਸ਼ਮਣ ਹੈ, ਆਪਣੇ ਜੇਲ੍ਹ ਦੇ ਸੈੱਲ ਵਿੱਚੋਂ ਇੰਡੀਆ ਨੂੰ ਕਿਉਂ ਨਹੀਂ ਲਲਕਾਰਦਾ!' ਤੇ ਜੇ ਉਹਦੇ ਹਮਾਇਤੀ ਕਹਿੰਦੇ ਸਨ, ਪਹਿਲਾਂ ਇਹਨੂੰ ਜੇਲ੍ਹ ਤੋਂ ਕੱਢੋ ਤਾਂ ਜਵਾਬ ਆਉਂਦਾ ਸੀ, 'ਬਈ ਦੇਖੋ ਇਹ ਤਾਂ ਹੈ ਹੀ ਗੱਦਾਰ। ਇੱਥੇ ਜੰਗ ਲੱਗਣ ਵਾਲੀ ਹੈ ਤੇ ਇਹਨੂੰ ਆਪਣੀ ਆਜ਼ਾਦੀ ਦੀ ਪਈ ਹੈ।'

ਆਖ਼ਰ ਜੇਲ੍ਹ ਵਿੱਚੋਂ ਇਮਰਾਨ ਖ਼ਾਨ ਬੋਲ ਪਿਆ, ਉਹਦੇ ਆਸ਼ਿਕ ਕਹਿੰਦੇ ਨੇ ਬਈ ਉਹਨੇ ਮੋਦੀ ਨੂੰ ਬਹੁਤ ਲਲਕਾਰਿਆ ਹੈ। ਦੇਖ ਲਓ, ਜੇ ਹੁਣ ਜੇਲ੍ਹ ਵਿੱਚ ਬੈਠਾ ਕੈਦੀ ਤੇ ਉਹਨੂੰ ਕੈਦ ਕਰਨ ਵਾਲੇ, ਇੱਕੋ ਬੋਲੀ ਬੋਲਣ ਲੱਗ ਪੈਣ ਤਾਂ ਇਸ ਜੰਗ ਦੇ ਮਾਹੌਲ ਵਿੱਚ ਅਸੀਂ ਕਿਉਂ ਗੱਦਾਰ ਕਹਾਈਏ?

ਖੈਰ! ਦੋਵੇਂ ਪਾਸੇ ਬੈਠੇ ਹੁਕਮਰਾਨਾਂ ਨੇ ਮਰਨ ਵਾਲਿਆਂ ਦੇ ਖ਼ਾਨਦਾਨ ਨੂੰ ਨਾ ਕਦੇ ਪਹਿਲਾਂ ਇਨਸਾਫ਼ ਦਵਾਇਆ ਹੈ ਤੇ ਨਾ ਹੁਣ ਦਵਾਉਣਾ ਹੈ। ਸੰਨ ਸੰਤਾਲੀ 'ਚ ਲੜ-ਭਿੜ ਕੇ, ਲੱਖਾਂ ਬੰਦੇ ਕੋਹ ਕੇ, ਕਰੋੜਾਂ ਨੂੰ ਉਜਾੜ ਕੇ ਅਸੀਂ ਇੱਕ-ਦੂਜੇ ਤੋਂ ਜਾਨ ਛੁਡਾਈ ਸੀ। ਅਜੇ ਸਾਲ ਵੀ ਨਹੀਂ ਸੀ ਲੰਘਿਆ ਕਿ ਸੰਨ ਅੜ੍ਹਤਾਲੀ 'ਚ ਕਸ਼ਮੀਰ ਵਾਲਾ ਯੁੱਧ ਪੈ ਗਿਆ। 1965 'ਚ ਫਿਰ ਲੜ੍ਹ ਪਏ। ਦੋਵਾਂ ਦੇ ਹੱਥ ਕੁਝ ਨਹੀਂ ਆਇਆ। 1971 'ਚ ਫਿਰ ਭਰਵੀਂ ਜੰਗ ਹੋਈ ਤੇ ਪਾਕਿਸਤਾਨ ਦੇ ਦੋ ਟੋਟੇ ਹੋ ਗਏ। ਖਿਆਲ ਸੀ ਕਿ ਹੁਣ ਠੰਢ ਪੈ ਜਾਵੇਗੀ। ਸ਼ਿਮਲਾ ਮੁਆਇਦਾ ਵੀ ਹੋ ਗਿਆ, ਕੈਦੀ ਘਰਾਂ ਨੂੰ ਵਾਪਸ ਆ ਗਏ ਅਤੇ ਲੱਗਾ ਕਿ ਦੋਵੇਂ ਗੁਆਂਢੀ ਹੁਣ ਬੰਦੇ ਦੇ ਪੁੱਤਾਂ ਦੀ ਤਰ੍ਹਾਂ ਰਹਿਣਾ ਸਿੱਖ ਲੈਣਗੇ।

ਇੰਡੀਆ ਨੇ ਐਟਮ ਬੰਬ ਬਣਾਇਆ ਤੇ ਪਾਕਿਸਤਾਨ ਨੇ ਵੀ ਬਣਾ ਲਿਆ। ਉਦੋਂ ਸੁਣੀਦਾ ਸੀ ਕਿ ਜਿਹੜੇ ਦੋ ਮੁਲਕਾਂ ਕੋਲ ਐਟਮ ਬੰਬ ਹੁੰਦਾ ਹੈ, ਉਹ ਕਦੇ ਵੀ ਇੱਕ-ਦੂਜੇ ਨਾਲ ਜੰਗ ਨਹੀਂ ਕਰਦੇ। ਪਰ, ਸਿਆਚਿਨ ਦੀਆਂ ਬਰਫਾਂ 'ਚ ਫੌਜੀ ਮਰਵਾਏ, ਕਾਰਗਿਲ ਦੇ ਪਹਾੜ੍ਹਾਂ ਤੋਂ ਲਾਸ਼ਾਂ ਚੁੱਕੀਆਂ ਲੇਕਿਨ ਸਬਰ ਨਹੀਂ ਆਇਆ। ਬਾਰਡਰਾਂ 'ਤੇ ਬਿਜਲੀ ਵਾਲੀਆਂ ਤਾਰਾਂ ਖਿੱਚ ਛੱਡੀਆਂ। ਕਦੇ ਕੋਈ ਆਲੂ-ਪਿਆਜ਼ ਦਾ ਧੰਦਾ ਹੁੰਦਾ ਸੀ ਤੇ ਉਹ ਵੀ ਬੰਦ। ਜਿਹੜੇ ਬਾਰਡਰ 'ਤੇ ਕਦੇ-ਕਦੇ ਮੋਮਬੱਤੀਆਂ ਲੈ ਕੇ ਆਉਂਦੇ ਸਨ ਤੇ ਭਾਈਚਾਰੇ ਵਾਲੀ ਹਲਕੀ-ਹਲਕੀ ਢੋਲਕੀ ਵਜਾਉਂਦੇ ਸਨ, ਉਹ ਵੀ ਜਾ ਕੇ ਘਰਾਂ ਨੂੰ ਬੈਠ ਗਏ।

ਨਾਲ ਹੀ ਇੱਕ ਦੂਜੀ ਜੰਗ ਵੀ ਸ਼ੁਰੂ ਹੋ ਗਈ- ਦਹਿਸ਼ਤਗਰਦੀ ਵਾਲੀ ਜੰਗ। ਪਾਕਿਸਤਾਨ ਹੁਣ ਮੰਨਦਾ ਵੀ ਹੈ। ਵਜ਼ੀਰ-ਏ-ਦਫਾ ਨੇ ਕਿਹਾ ਹੈ ਕਿ ਅਸੀਂ ਇਸ ਤਰ੍ਹਾਂ ਦੇ ਪਹਿਲਾਂ ਗੰਦੇ ਕੰਮ ਕਰਦੇ ਹੁੰਦੇ ਸਾਂ, ਅਮਰੀਕਾ ਅਤੇ ਯੂਰਪ ਦੇ ਕਹਿਣ 'ਤੇ; ਪਰ ਹੁਣ ਸਾਨੂੰ ਅਕਲ ਆ ਗਈ ਹੈ। ਅਸੀਂ ਇਹ ਕੰਮ ਛੱਡ ਦਿੱਤੇ ਹਨ। ਉਨ੍ਹਾਂ ਇਹ ਨਹੀਂ ਦੱਸਿਆ ਕਿ ਅਸੀਂ ਪਹਿਲਾਂ ਨਾ ਇਹ ਕੰਮ ਅਵਾਮ ਕੋਲੋਂ ਪੁੱਛ ਕੇ ਸ਼ੁਰੂ ਕੀਤੇ ਸਨ ਅਤੇ ਨਾ ਅਸੀਂ ਅਵਾਮ ਕਲੋਂ ਪੁੱਛ ਕੇ ਬੰਦ ਕੀਤੇ ਹਨ। ਇੰਡੀਆ ਕਹਿੰਦਾ ਹੈ ਕਿ ਅਸੀਂ ਇਸ ਤਰ੍ਹਾਂ ਦਾ ਕੰਮ ਕਦੇ ਕੀਤਾ ਹੀ ਨਹੀਂ, ਪਰ ਹੁਣ ਕਰਾਂਗੇ ਤੇ ਖੁੱਲ੍ਹ ਕੇ ਕਰਾਂਗੇ। ਉਹੀ ਪੁਰਾਣਾ ਨਾਅਰਾ ਕਿ 'ਘੁਸ ਕੇ ਮਾਰੇਂਗੇ।' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਅਤੇ ਅੰਗਰੇਜ਼ੀ 'ਚ ਕਿਹਾ ਹੈ ਤਾਂ ਜੋ ਪੂਰੀ ਦੁਨੀਆਂ ਸੁਣ ਸਕੇ ਕਿ ਇਸ ਵਾਰ ਤੁਹਾਡੀ ਸੋਚ ਤੋਂ ਵੀ ਅੱਗੇ ਮਾਰ ਪਵੇਗੀ।

ਦਹਿਸ਼ਤਗਰਦਾਂ ਨੇ ਮਜ਼ਹਬ ਪੁੱਛ-ਪੁੱਛ ਕੇ ਕਸ਼ਮੀਰ 'ਚ ਟੂਰਿਸਟਾਂ ਨੂੰ ਮਾਰਿਆ ਹੈ, ਬੇਦਰਦੀ ਨਾਲ ਮਾਰਿਆ ਹੈ। ਹੁਣ ਉਸ ਦੀ ਸਜ਼ਾ ਉਨ੍ਹਾਂ ਨੂੰ ਮਿਲੇਗੀ, ਜਿਨ੍ਹਾਂ ਨੇ ਹਿੰਦੁਸਤਾਨ ਅਤੇ ਕਸ਼ਮੀਰ ਸਿਰਫ ਫਿਲਮਾਂ 'ਚ ਵੇਖਿਆ ਹੈ। ਹਿੰਦੁਸਤਾਨ ਵਿੱਚ ਸ਼ਾਇਦ ਹੀ ਕੋਈ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਦਾ ਨਾਮ ਜਾਣਦਾ ਹੋਵੇ, ਆਰਮੀ ਚੀਫ਼ ਦਾ ਸ਼ਾਇਦ ਪਤਾ ਹੋਵੇ। ਪਾਕਿਸਤਾਨ ਵਿੱਚ ਇੰਡੀਆ ਦੇ ਆਰਮੀ ਚੀਫ਼ ਦਾ ਨਾਮ ਕੋਈ ਨਹੀਂ ਜਾਣਦਾ, ਵਜ਼ੀਰ-ਏ-ਆਜ਼ਮ ਮੋਦੀ ਦਾ ਸਭ ਨੂੰ ਪਤਾ ਹੈ।

ਦੋਵੇਂ ਪਾਸੇ ਬੈਠੇ ਹੁਕਮਰਾਨਾਂ ਨੇ ਮਰਨ ਵਾਲਿਆਂ ਦੇ ਖਾਨਦਾਨ ਨੂੰ ਨਾ ਕਦੇ ਪਹਿਲਾਂ ਇਨਸਾਫ਼ ਦਵਾਇਆ ਹੈ ਤੇ ਨਾ ਹੁਣ ਦਵਾਉਣਾ ਹੈ। ਜੰਗਾਂ, ਦਹਿਸ਼ਤਗਰਦੀਆਂ, ਘੁਸ ਕੇ ਮਾਰੇਂਗੇ ਵਰਗੇ ਨਾਅਰੇ- ਇਹ ਤਾਂ ਆਪਣੀ ਗੱਦੀ ਮਜ਼ਬੂਤ ਕਰਨ ਲਈ ਹਨ ਅਤੇ ਇਹ ਨਾਅਰੇ ਵੱਜਦੇ ਰਹਿਣਗੇ। ਪਰ ਇਹ ਨਾ ਭੁੱਲੋ ਕਿ ਜ਼ੁਲਮ ਕਸ਼ਮੀਰ 'ਚ ਹੋਇਆ ਹੈ ਅਤੇ ਕਸ਼ਮੀਰੀਆਂ ਦੇ ਨਾਲ ਵੀ ਹੋਇਆ ਹੈ। ਉੱਥੇ ਜੇਕਰ ਕਿਸੇ ਗਰੀਬ ਦਾ ਟੂਰਿਜ਼ਮ ਨਾਲ ਰੋਟੀ-ਪਾਣੀ ਜੁੜਿਆ ਸੀ, ਉਹ ਉਹਦੇ ਤੋਂ ਵੀ ਗਿਆ।

ਪਾਕਿਸਤਾਨ ਅਤੇ ਹਿੰਦੁਸਤਾਨ ਨੇ ਕਸ਼ਮੀਰ ਨੂੰ ਕੋਈ ਖਾਨਦਾਨੀ ਜਾਇਦਾਦ ਦਾ ਝਗੜਾ ਬਣਾ ਲਿਆ ਹੈ, ਜਿਸ 'ਚ ਨਸਲਾਂ ਇੱਕ-ਦੂਜੇ ਨੂੰ ਕੱਟਦੀਆਂ-ਵੱਢਦੀਆਂ ਰਹਿੰਦੀਆਂ ਹਨ। ਪਾਕਿਸਤਾਨ ਕਸ਼ਮੀਰ ਨੂੰ ਆਪਣੀ ਸ਼ਾਹਰਗ ਕਹਿੰਦਾ ਹੈ, ਪਰ ਕੀ ਕੋਈ ਆਪਣੀ ਸ਼ਾਹਰਗ 'ਤੇ ਇੰਨੀ ਵਾਰੀ ਛੁਰੀ/ਚਾਕੂ ਫੇਰਦਾ ਹੈ? ਇੰਡੀਆ ਕਸ਼ਮੀਰ ਨੂੰ ਆਪਣਾ ਅਟੁੱਟ ਅੰਗ ਕਹਿੰਦਾ ਹੈ, ਪਰ ਕੀ ਕੋਈ ਆਪਣੇ ਅੰਗ ਨੂੰ ਇਸ ਤਰ੍ਹਾਂ ਟੌਰਚਰ ਚੈਂਬਰ 'ਚ ਸੁੱਟ ਸਕਦਾ ਹੈ?

ਜਦੋਂ ਜੰਗ ਦੇ ਢੋਲ ਵੱਜਦੇ ਹਨ ਤਾਂ ਮਾੜਿਆਂ ਦੀ ਗੱਲ ਕੋਈ ਨਹੀਂ ਸੁਣਦਾ। ਜਦੋਂ ਬਦਲੇ ਦੀ ਅੱਗ ਥੋੜ੍ਹੀ ਠੰਡੀ ਹੋ ਜਾਵੇ, ਜਦੋਂ ਰੌਲ਼ਾ ਘਟ ਜਾਵੇ, ਅਗਲੀ ਜੰਗ ਦਾ ਫਿਰ ਇੰਤਜ਼ਾਰ ਸ਼ੁਰੂ ਹੋ ਜਾਵੇ ਤਾਂ ਕਸ਼ਮੀਰੀਆਂ ਨੂੰ ਵੀ ਪੁੱਛਣਾ। ਹਾਲਾਂਕਿ ਅਸੀਂ ਉਨ੍ਹਾਂ ਦੀ ਮੰਨਣੀ ਕੋਈ ਨਹੀਂ, ਪਰ ਪੁੱਛਣਾ ਤਾਂ ਬਣਦਾ ਹੈ ਕਿ 'ਬਈ ਭਰਾਵੋ ਤੁਸੀਂ ਕੀ ਚਾਹੁੰਦੇ ਹੋ?'

### ਵਿਸਾਖੀ ਨੂੰ ਸਮਰਪਿਤ ਪੀ.ਸੀ.ਐੱਸ. ਦਾ ਸਾਲਾਨਾ ਸਮਾਗਮ

# 'ਰੰਗਲਾ ਪੰਜਾਬ' 'ਚ ਸੱਭਿਆਚਾਰਕ ਵੰਨਗੀਆਂ ਦੀ ਸੁਨਹਿਰੀ ਪੇਸ਼ਕਾਰੀ

**ਕੁਲਜੀਤ ਦਿਆਲਪੁਰੀ**

***'ਗੱਭਰੂ ਪੰਜਾਬ ਦੇ' ਟੀਮ ਨੇ ਪਾਇਆ 'ਯੁਨੀਕ' ਭੰਗੜਾ**
***ਗਿੱਧੇ ਦੀਆਂ ਟੀਮਾਂ ਨੇ ਵੀ ਦਿਖਾਇਆ ਆਪਣਾ ਜਲਵਾ**

**ਸ਼ਿਕਾਗੋ:** ਖੇਤ 'ਚ ਖੜ੍ਹੀ ਕਣਕ ਜਦੋਂ ਸੁਨਹਿਰੀ ਭਾਅ ਮਾਰਨ ਲੱਗ ਜਾਂਦੀ ਹੈ ਤਾਂ ਕਿਸਾਨ ਦਾ ਚਿੱਤ ਉਡੂੰ-ਉਡੂੰ ਕਰਨ ਲੱਗ ਜਾਂਦਾ ਹੈ, ਜਾਣੋ ਸੁਨਹਿਰੀ ਰੰਗ ਉਡ ਕੇ ਉਸ ਨੂੰ ਹੀ ਚੜ੍ਹ ਗਿਆ ਹੋਵੇ ਤੇ ਉਹ ਵੱਟਾਂ ਉਤੇ ਤੁਰਿਆ ਜਾਂਦਾ ਕਣਕ ਦੀਆਂ ਬੱਲੀਆਂ ਨੂੰ ਨਿਹਾਰ ਨਿਹਾਰ ਕੇ ਪੂਰਾ ਖੁਸ਼ ਹੋਇਆ ਤੇ ਰੱਬ ਦਾ ਸ਼ੁਕਰ ਕਰਦਾ ਮੌਜ ਵਿੱਚ ਤੁਰਿਆ ਜਾਂਦਾ ਹੈ। ਇਸੇ ਤਰ੍ਹਾਂ 'ਰੰਗਲਾ ਪੰਜਾਬ' ਸਮਾਗਮ ਵਿੱਚ





ਆਪਣੀ ਪੇਸ਼ਕਾਰੀ ਕਰਨ ਪਹੁੰਚੇ ਬੱਚੇ ਤੇ ਵੱਡੇ ਭੰਗੜੇ-ਗਿੱਧੇ ਦੀਆਂ ਵਰਦੀਆਂ ਵਿੱਚ ਫੱਬੇ ਆਪੋ-ਆਪਣੀ ਲੋਰ ਵਿੱਚ ਸਨ ਤੇ ਚਾਅ ਉਨ੍ਹਾਂ ਦੇ ਮੁਖੜਿਆਂ ਤੋਂ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ। ਕੋਈ ਮਾਵਾ ਲੱਗੀ ਪੱਗ ਨੂੰ ਰਤਾ ਕੁ ਲੋਟ ਕਰਦਾ/ਕਰਵਾਉਂਦਾ ਜਾਂ ਸ਼ੀਸ਼ੇ ਅੱਗੇ ਖੜ੍ਹ ਖੁਦ ਨੂੰ ਨਿਹਾਰਦਾ, ਤਾਂ ਜੋ ਟੌਹਰ ਵਾਲੀ ਕੋਈ ਕਸਰ ਬਾਕੀ ਨਾ ਰਹਿ ਜਾਵੇ; ਤੇ ਕੁੜੀਆਂ ਆਪਣੀਆਂ ਚੁੰਨੀਆਂ ਮਾਵਾਂ ਅਤੇ ਕੋਆਰਡੀਨੇਟਰਾਂ ਦੀ ਮਦਦ ਨਾਲ ਸੰਵਾਰਦੀਆਂ ਰੁੱਝੀਆਂ ਹੋਈਆਂ ਸਨ; ਕਿਉਂਕਿ ਅਖੀਰ ਉਹ ਦਿਨ ਜੋ ਆ ਢੁੱਕਿਆ ਸੀ ਕਿ ਪਿਛਲੇ ਕਈ ਹਫਤਿਆਂ ਦੀ ਮਿਹਨਤ ਦਾ ਸਟੇਜ ਉਤੇ ਪ੍ਰਗਟਾਵਾ ਹੋਣਾ ਸੀ।

ਸਮਾਗਮ ਦੌਰਾਨ ਕੁਝ ਟੀਮਾਂ ਦੀ ਪੇਸ਼ਕਾਰੀ ਤਾਂ ਇਉਂ ਸੀ, ਜਿਵੇਂ ਸਟੇਜ 'ਤੇ ਟੀਮਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ ਹੋਵੇ। ਲੱਗ ਰਿਹਾ ਸੀ ਜਿਵੇਂ ਵਧੀਆ ਟੀਮਾਂ ਤਿਆਰ ਕਰਦਿਆਂ ਰਿਹਰਸਲਾਂ ਦੌਰਾਨ ਕੋਆਰਡੀਨੇਟਰਾਂ ਦਾ ਪੂਰਾ ਜ਼ੋਰ ਲੱਗਿਆ ਹੋਵੇ। ਵੱਖ-ਵੱਖ ਰੰਗਾਂ ਦੀਆਂ ਪੋਸ਼ਾਕਾਂ ਪਹਿਨੀ ਬੱਚੇ ਫੁੱਲਾਂ ਦੀ ਬਗੀਚੀ ਵਾਂਗ ਫੱਬ ਰਹੇ ਸਨ। 'ਗੱਭਰੂ ਪੰਜਾਬ ਦੇ' ਟੀਮ ਦਾ ਭੰਗੜਾ ਤਾਂ ਬਾਕਮਾਲ ਸੀ; ਜੇ ਇਹ ਕਹਿ ਲਿਆ ਜਾਵੇ ਕਿ ਰਵਾਇਤੀ ਭੰਗੜੇ ਦੀ ਪੇਸ਼ਕਾਰੀ ਵਿੱਚ ਇਸ ਟੀਮ ਦੀ ਪੂਰੀ ਚੜ੍ਹਤ ਸੀ, ਤਾਂ ਕੋਈ ਅਤਿਕਥਨੀ ਨਹੀਂ। ਇਸ ਟੀਮ ਦੇ ਭੰਗੜੇ ਨਾਲ ਪਿੱਠਵਰਤੀ ਢੋਲ ਦੀ ਤਾਲ ਅਤੇ ਨਾਲ ਨਾਲ ਅਲਗੋਜ਼ੇ ਤੇ ਕਿਤੇ ਕਿਤੇ ਗੁਬਚੂ ਦੀਆਂ ਧੁਨਾਂ ਅਲਾਪ ਹੋ ਰਹੀਆਂ ਸਨ। ਜਦੋਂ ਅੱਠ ਮੈਂਬਰੀ ਟੀਮ ਦੇ ਚੋਬਰਾਂ- ਅਕਾਸ਼ਦੀਪ ਸਿੰਘ ਛੀਨਾ, ਗੁਰਮਨ ਸਿੰਘ ਰਾਣਾ, ਹਰਮਨ ਸਿੰਘ ਰਾਣਾ, ਜਸ਼ਨ ਸਿੰਘ ਢਿੱਲੋਂ, ਕਰਨਜੀਤ ਸਿੰਘ ਜੱਜ, ਰਣਸ਼ੇਰ ਸਿੰਘ ਕਲੇਰ, ਸ਼ਹਿਬੇਗ ਸਿੰਘ ਵਿਰਕ ਤੇ ਸੁਖਤਾਜ ਸਿੰਘ ਰੰਧਾਵਾ ਨੇ ਇੱਕ ਤਾਲ ਵਿੱਚ ਛਿੱਕੇ ਖੜਕਾਏ ਤਾਂ ਨਜ਼ਾਰਾ ਹੀ ਬੰਨ੍ਹ ਦਿੱਤਾ, ਉਤੋਂ ਬੋਲੀਆਂ ਵੀ ਪੂਰੀਆਂ ਢੁਕਵੀਆਂ ਸਨ। ਟੀਮ ਨੇ ਅੱਜ-ਕੱਲ੍ਹ ਦੇ ਡਾਂਸ ਭਰਪੂਰ ਸਟੇਪਾਂ ਤੋਂ ਗੁਰੇਜ ਕਰਦਿਆਂ ਅਸਲ ਭੰਗੜੇ ਦੀਆਂ ਚਾਲਾਂ ਨਾਲ ਦ੍ਰਿਸ਼ ਦਿਲਕਸ਼ ਬਣਾ ਦਿੱਤਾ। ਮੋਢਿਆਂ 'ਤੇ ਰੱਖ ਤੇ ਫਿਰ ਮੂੰਹ ਨਾਲ ਫੜ੍ਹ ਜਦੋਂ ਖੂੰਡੇ ਲਹਿਰਾਏ ਤਾਂ ਖੂੰਡਿਆਂ ਦੇ ਸਿਰਾਂ ਉਤੇ ਬੰਨ੍ਹੇ ਵੱਖ-ਵੱਖ ਰੰਗਾਂ ਦੇ ਰੁਮਾਲ ਅਤੇ ਫਿਰ 'ਕੈਂਠੇ ਵਾਲਾ ਨੱਚਦਾ ਤੇ ਡਾਂਗ ਵਾਲਾ ਨੱਚਦਾ, ਯਾਰ ਨੱਚਦੇ ਜੁੰਡੀ ਦੇ ਸਾਰੇ' ਬੋਲੀ ਉਤੇ ਕਾਟੋਆਂ ਵੀ ਆਪਣੇ ਨਾਲ ਨੱਚਣ ਲਾਈਆਂ। ਲੱਗ ਰਿਹਾ ਸੀ ਜਿਵੇਂ ਕਿਸੇ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਵਿੱਚ ਚੋਬਰ ਭੰਗੜਾ ਪਾ ਰਹੇ ਹੋਣ। ਪੱਟਾਂ ਦੇ ਜ਼ੋਰ ਨੱਚਦੀ 'ਗੱਭਰੂ ਪੰਜਾਬ ਦੇ' ਟੀਮ ਗੱਡਾ ਬਣਾ ਕੇ ਸਟੇਜ 'ਤੇ ਆਈ, ਭੜਥੂ ਪਾਇਆ ਅਤੇ ਗੱਡੇ ਉਤੇ ਚੜ੍ਹ ਕੇ ਹੀ ਚਲੇ ਗਈ; ਤੇ ਸਟੇਜ ਉਤੇ ਆਪਣੀ ਚੜ੍ਹਤ ਦੀ ਛਾਪ ਛੱਡ ਗਈ। ਦਰਸ਼ਕਾਂ ਨੇ ਤਾੜੀਆਂ ਤੇ ਕੂਕਾਂ ਮਾਰ ਕੇ ਪੂਰੀ ਹੌਸਲਾ ਅਫਜ਼ਾਈ ਕੀਤੀ।

ਇਸ ਟੀਮ ਨੂੰ ਆਪਣੇ ਸਮੇਂ ਦੇ ਵਧੀਆ ਭੰਗੜਚੀ ਰਹੇ ਸੋਨੀ ਜੱਜ ਨੇ ਤਿਆਰ ਕੀਤਾ ਸੀ, ਤੇ ਉਨ੍ਹਾਂ ਦਾ ਕੀਤਾ ਤਰੱਦਦ ਇਸ ਟੀਮ ਦੀ ਪੇਸ਼ਕਾਰੀ ਦੌਰਾਨ ਪ੍ਰਤੱਖ ਦਿਸ ਰਿਹਾ ਸੀ। ਪੇਸ਼ਕਾਰੀ ਉਪਰੰਤ ਉਨ੍ਹਾਂ ਟੀਮ ਨੂੰ ਥਾਪੜਾ ਦਿੱਤਾ ਅਤੇ ਆਪਣੀ ਖੁਸ਼ੀ ਪ੍ਰਗਟਾਈ। ਭੰਗੜਾ ਦੇਖ ਕੇ ਪੀ.ਸੀ.ਐੱਸ. ਦੇ ਸਾਬਕਾ ਚੇਅਰਮੈਨ ਡਾ. ਵਿਕਰਮ ਗਿੱਲ ਨੇ ਤਾਰੀਫ ਵਿੱਚ ਕਿਹਾ ਕਿ 'ਇਹ ਸੀ ਯੁਨੀਕ ਭੰਗੜਾ।' ਹਰਵੀਰ ਵਿਰਕ ਦੇ ਸ਼ਬਦ ਸਨ, ਟੀਮ ਤਿਆਰ ਕਰਦਿਆਂ ਸੋਨੀ ਜੱਜ ਦਾ ਇਹੋ ਟੀਚਾ ਸੀ ਕਿ ਪੇਸ਼ਕਾਰੀ ਪੂਰੀ ਤਰ੍ਹਾਂ ਨਿਖਰ ਕੇ ਸਾਹਮਣੇ ਆਵੇ।

ਅਜਿਹਾ ਹੀ ਨਜ਼ਾਰਾ ਬੱਝ ਰਿਹਾ ਸੀ ਨਵਤੇਜ ਸਿੰਘ ਸੋਹੀ ਦੀ ਟੀਮ 'ਪੀ.ਸੀ.ਐੱਸ. ਯੂਥ ਭੰਗੜਾ' ਦਾ। ਇਸ ਟੀਮ ਦੇ ਕਬੀਰ ਸਿੰਘ ਵਿਰਕ, ਐਰਨ ਸੋਹੀ, ਅਦਿੱਤਵੀਰ ਗਰੇਵਾਲ, ਅਨਮੋਲ ਸਿੰਘ, ਗਗਨ ਸਿੰਘ ਨਨੂਆ, ਅਨਮੋਲਦੀਪ ਸਿੰਘ, ਹਰਜੋਬਨ ਸਿੰਘ, ਜਸਦੀਪ ਸਿੰਘ, ਜਸਕਿਰਤ ਸੂਦਨ, ਕੁਨਾਲ ਸਿੰਘ ਗਰੋਵਰ, ਨਵਪ੍ਰੀਤ ਸਿੰਘ ਤੇ ਸਾਹਿਬ ਸਿੰਘ ਨੇ ਐਨਰਜੀ ਭਰਪੂਰ ਪੇਸ਼ਕਾਰੀ ਕੀਤੀ। ਅਖੀਰ ਵਿੱਚ ਕਾਟੋ ਨਚਾਉਂਦੀ ਤੇ ਆਪ ਕਾਟੋ ਵਾਂਗ ਨੱਚਦੀ ਬੱਚੀ ਖੇਮ ਕੌਰ ਨੇ ਵੀ ਕਾਬਿਲ-ਏ-ਤਾਰੀਫ ਪੇਸ਼ਕਾਰੀ ਕੀਤੀ। 'ਭੰਗੜਾ ਰਾਈਮਜ਼' ਅਕੈਡਮੀ ਦੇ ਭੰਗੜਾ ਕੋਚ ਅਮਨਦੀਪ ਸਿੰਘ ਕੁਲਾਰ ਦੀ 'ਕੁਈਨਜ਼ ਆਫ ਭੰਗੜਾ ਰਾਈਮਜ਼' ਦੀਆਂ ਹਰਨੂਰ ਕੌਰ ਸਿੱਧੂ, ਕੀਰਤ ਕੌਰ ਗਿੱਲ, ਕਿਰਤੀ ਦੇਵ, ਮਹਿਕ ਕੌਰ ਢੀਂਡਸਾ, ਪ੍ਰੀਤ ਕੌਰ ਢੀਂਡਸਾ, ਰਾਇਨਾ ਬੈਕਟਰ, ਰੀਤ ਕੌਰ ਸਿੱਧੂ ਤੇ ਸਹਿਜ ਕੌਰ ਸਿੱਧੂ ਦੀ ਰਿਦਮ ਤੇ ਅਦਾਕਾਰੀ ਭਰਪੂਰ ਪੇਸ਼ਕਾਰੀ ਨੇ ਵੀ ਸਭ ਦਾ ਧਿਆਨ ਖਿੱਚਿਆ।

ਗੀਤਾਂ-ਬੋਲੀਆਂ 'ਤੇ ਭੰਗੜਾ ਪੈਂਦਾ ਹੋਵੇ ਤਾਂ ਬੀਬੀਆਂ-ਕੁੜੀਆਂ ਨੇ ਕਿੱਥੋਂ ਘੱਟ ਰਹਿਣਾ ਸੀ! ਕੋਆਰਡੀਨੇਟਰਾਂ-



ਟੀਮ 'ਗੱਭਰੂ ਪੰਜਾਬ ਦੇ' ਭੰਗੜਾ ਕੋਚ ਸੋਨੀ ਜੱਜ ਤੇ ਪਰਿਵਾਰਕ ਮੈਂਬਰਾਂ ਨਾਲ



ਰਾਜਪ੍ਰੀਤ ਕੌਰ, ਕੰਵਲਜੀਤ ਕੌਰ ਤੇ ਪਾਇਲ ਵਿਰਦੀ ਦੀ ਤਿਆਰ ਟੀਮ 'ਸ਼ੌਂਕਣਾਂ ਸ਼ਿਕਾਗੋ ਦੀਆਂ' ਨੇ ਰਿਕਾਰਡ ਕੀਤੀਆਂ ਬੋਲੀਆਂ 'ਤੇ ਗਿੱਧੇ ਦਾ ਧਮੱਚੜ ਪਾਇਆ। ਪਾਇਲ ਵਿਰਦੀ ਦੀ ਟੀਮ 'ਗਿੱਧਾ ਧੀਆਂ ਦਾ'; ਹਰਮਨ ਕੌਰ ਦੀ ਟੀਮ 'ਮੁਟਿਆਰਾਂ ਸਾਊਥ ਵੈਸਟ ਦੀਆਂ' ਅਤੇ 'ਅਸ਼ਕੇ ਭੰਗੜਾ ਕਲੱਬ - ਲੁੱਡੀ' ਦੀ ਪੇਸ਼ਕਾਰੀ ਦਾ ਵੀ ਆਪਣਾ ਰੰਗ ਸੀ। ਗਿੱਧੇ ਦੌਰਾਨ ਚੁੰਨੀਆਂ ਸੁਕਾਉਂਦੀਆਂ, ਚਰਖਾ ਕੱਤਦੀਆਂ, ਫੁਲਕਾਰੀ ਕੱਢਦੀਆਂ, ਪੱਖੀਆਂ ਨੂੰ ਝਾਲਰ ਲਾਉਂਦੀਆਂ ਕੁੜੀਆਂ ਦੇ ਝੁਰਮਟ ਅਤੇ ਤ੍ਰਿੰਜਣਾਂ ਦਾ ਦ੍ਰਿਸ਼ ਬਹੁਤ ਖੂਬਸੂਰਤ ਸੀ। ਰੰਗਦਾਰ ਸੂਟਾਂ-ਲਹਿੰਗਿਆਂ, ਚੁੰਨੀਆਂ-ਫੁਲਕਾਰੀਆਂ, ਸੱਗੀਫੁੱਲ-ਗੁੱਤਾਂ 'ਚ ਡੋਰੀਏ ਅਤੇ ਹੋਰ ਗਹਿਣੇ-ਗੱਟਿਆਂ ਵਿੱਚ ਸਜੀਆਂ ਮੁਟਿਆਰਾਂ/ਬੀਬੀਆਂ ਨੇ ਬੋਲੀਆਂ ਤੇ ਗਿੱਧਾ ਪਾਉਂਦਿਆਂ ਖੂਬ ਤਰਥੱਲੀ ਮਚਾਈ।

ਕੋਆਰਡੀਨੇਟਰ ਸਹਿਜ ਕੌਰ ਸਿੱਧੂ ਤੇ ਗੁਨਤਾਸ ਕੌਰ ਦੀ ਟੀਮ 'ਰੂਹ ਪੰਜਾਬ ਦੀ' ਅਤੇ ਅਸ਼ਕੇ ਭੰਗੜਾ ਗਰੁੱਪ ਦੀਆਂ ਦੋਵੇਂ ਟੀਮਾਂ ਦੀਆਂ ਪੇਸ਼ਕਾਰੀਆਂ ਵੀ ਪ੍ਰਭਾਵਸ਼ਾਲੀ ਸਨ। ਸੰਤਰੀ ਰੰਗ ਦੀ ਵਰਦੀ ਵਿੱਚ 'ਪੀ.ਸੀ.ਐੱਸ. ਪਾਇਨੀਅਰਜ਼ ਭੰਗੜਾ' ਟੀਮ ਤਾਂ ਇੰਜ ਲੱਗ ਰਹੀ ਸੀ ਜਿਵੇਂ ਸੰਤਰਿਆਂ ਦਾ ਬਾਗ ਝੂਮ ਰਿਹਾ ਹੋਵੇ। ਨੇਹਾ ਸੋਬਤੀ ਵੱਲੋਂ ਤਿਆਰ 'ਏ.ਬੀ.ਸੀ. ਆਪਣਾ ਭੰਗੜਾ ਕਰਿਊ' ਅਤੇ 'ਵੱਖਰਾ ਸਵੈਗ' ਟੀਮਾਂ ਦੀ ਖਾਸੀਅਤ ਇਸ ਸੀ ਕਿ ਇਨ੍ਹਾਂ ਵਿੱਚ ਇੱਕ-ਦੋ ਨੂੰ ਛੱਡ ਕੇ ਭਾਗ ਲੈਣ ਵਾਲੀਆਂ ਬਾਕੀ ਦੀਆਂ ਕੁੜੀਆਂ-ਬੀਬੀਆਂ ਹੋਰਨਾਂ ਭਾਈਚਾਰਿਆਂ ਤੋਂ ਸਨ।

ਇਸ ਤੋਂ ਇਲਾਵਾ ਹਰਪਿੰਦਰ ਕੌਰ ਦੀ ਟੀਮ 'ਵਿਰਸੇ ਦੇ ਵਾਰਿਸ'; ਬਲਜੀਤ ਕੌਰ ਦੀ ਟੀਮ 'ਵਿਰਾਸਤ-ਏ-ਪੰਜਾਬ' ਅਤੇ ਕਮਲ ਢੀਂਡਸਾ ਦੀ ਟੀਮ 'ਪੰਜਾਬੀ ਮੁਟਿਆਰਾਂ' ਦੀ ਕੋਰਿਓਗ੍ਰਾਫੀ ਦਾ ਵੀ ਦਰਸ਼ਕਾਂ ਨੇ ਅਨੰਦ ਮਾਣਿਆ। ਗੁਰਇਕਬਾਲ ਭੁੱਲਰ ਦੀ 'ਰਾਖੇ ਵਿਰਸੇ ਦੇ ਅਕੈਡਮੀ' ਦੇ 25-26 ਭੰਗੜਚੀ ਜਦੋਂ ਸਟੇਜ 'ਤੇ ਆ ਕੇ ਨੱਚਣ ਲੱਗੇ ਤਾਂ ਭੜਥੂ ਜਿਹਾ ਪੈ ਗਿਆ। 'ਭੰਗੜਾ ਵਾਈਬ', 'ਸ਼ਾਨ ਪੰਜਾਬ ਦੀ', 'ਗੱਭਰੂ ਚੰਨ ਵਰਗੇ' ਅਤੇ 'ਸ਼ਿਕਾਗੋ ਰੰਗਲਾ ਸਕੁਐਡ' ਟੀਮ ਦੇ ਛੋਟੇ ਛੋਟੇ ਬੱਚਿਆਂ ਨੇ ਵੀ ਆਪਣੀ ਸਮਰੱਥਾ ਮੁਤਾਬਕ ਮੰਚ ਨੂੰ ਭਾਗ ਲਾਏ। ਹਾਲਾਂਕਿ ਇਹ ਬੱਚੇ ਆਪਣੀ ਮਸਤੀ ਵਿੱਚ ਨੱਚ ਰਹੇ ਸਨ, ਪਰ ਜਾਹਿਰ ਸੀ ਕਿ ਟੀਮਾਂ ਤਿਆਰ ਕਰਨ ਵਿੱਚ ਕਾਫੀ ਊਰਜਾ ਲੱਗੀ ਹੈ। ਇਨ੍ਹਾਂ ਟੀਮਾਂ ਦੇ ਕੋਆਰਡੀਨੇਟਰ ਸਨ- ਡੀ.ਜੇ. ਸੈਣੀ ਤੇ ਜਸਪਾਲ ਭੱਚੂ; ਗਗਨਦੀਪ ਸਿੰਘ, ਕਮਲਜੀਤ ਗਿੱਲ ਤੇ ਅਮਨਜੋਤ ਮਿਹਰਾ ਅਤੇ ਕੇਵਿਨਦੀਪ ਅਟਵਾਲ ਤੇ ਜਸਪਾਲ ਸਿੰਘ ਸੈਣੀ। ਬਾਲੀਵੁੱਡ ਭੰਗੜਾ ਡਾਂਸ ਸਕੂਲ ਅਤੇ ਸੰਗੀਤਾ ਠੱਕਰ ਦੀਆਂ ਟੀਮਾਂ ਨੇ ਵੀ ਆਪਣੀ ਕਲਾਕਾਰੀ ਦਾ ਰੰਗ ਬਖੇਰਿਆ। ਸਟੇਜ 'ਤੇ ਬੱਚਿਆਂ ਦੀ ਪੇਸ਼ਕਾਰੀ ਦੇਖ-ਦੇਖ ਮਾਪਿਆਂ ਦੀ ਖੁਸ਼ੀ ਦਾ ਵੀ ਕੋਈ ਠਿਕਾਣਾ ਨਹੀਂ ਸੀ। ਉਤੋਂ ਰੰਗ-ਬਰੰਗੇ ਪਹਿਰਾਵੇ ਅਤੇ ਹਾਰ-ਸ਼ਿੰਗਾਰ ਕਾਰਨ ਟੀਮਾਂ ਦੀ ਅਲੱਗ ਹੀ ਖੂਬਸੂਰਤੀ ਬਣੀ ਹੋਈ ਸੀ।

ਪ੍ਰੋਗਰਾਮ ਸ਼ੁਰੂ ਹੋਣ ਸਮੇਂ ਪੀ.ਸੀ.ਐੱਸ. ਦੇ ਮੀਤ ਪ੍ਰਧਾਨ ਬਿਕਰਮ ਸੋਹੀ ਨੇ ਸਰੋਤਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਸੰਸਥਾ ਪਿਛਲੇ 31 ਸਾਲਾਂ ਤੋਂ ਭਾਈਚਾਰੇ ਵਿੱਚ ਸੇਵਾਵਾਂ ਨਿਭਾਅ ਰਹੀ ਹੈ ਅਤੇ ਸਾਡਾ ਇੱਕੋ ਗੋਲ ਹੈ- ਪੰਜਾਬੀ ਸੱਭਿਆਚਾਰ, ਖੇਡਾਂ, ਐਜੂਕੇਸ਼ਨ ਆਦਿ ਨੂੰ ਉਤਸ਼ਾਹਿਤ ਕਰਨਾ। ਉਨ੍ਹਾਂ ਪੀ.ਸੀ.ਐੱਸ. ਟੀਮ, ਸਮਾਗਮ ਦੇ ਸਾਰੇ ਕੋਆਰਡੀਨੇਟਰਾਂ, ਹਿੱਸਾ ਲੈਣ ਵਾਲਿਆਂ ਅਤੇ ਸਪਾਂਸਰਾਂ ਦਾ ਉਚੇਚਾ ਧੰਨਵਾਦ ਕੀਤਾ। ਇਸ ਪਿੱਛੋਂ ਮਿੰਨੀ ਸਿੰਘ ਨੇ ਅਮਰੀਕੀ ਤਰਾਨਾ ਗਾਉਂਦਿਆਂ ਸਮਾਗਮ ਦਾ ਰਸਮੀ ਆਗਾਜ਼ ਕੀਤਾ। ਪਰਮਵੀਰ ਕੌਰ ਵੱਲੋਂ ਤਿਆਰ ਬੱਚਿਆਂ ਦੀ ਟੀਮ ਨੇ 'ਨਿਸਚੈ ਕਰ ਆਪਨੀ ਜੀਤ ਕਰੋਂ' ਸ਼ਬਦ ਦਾ ਕੀਰਤਨ ਕੀਤਾ। ਅੰਮ੍ਰਿਤ ਪਾਲ ਕੌਰ ਨੇ 'ਵਿੱਚ ਸ਼ਿਕਾਗੋ ਦੇ, ਰੰਗਲੇ ਪੰਜਾਬ ਨੇ ਰੌਣਕਾਂ ਲਾਈਆਂ' ਆਖਦਿਆਂ ਸਟੇਜ ਸੰਭਾਲੀ ਅਤੇ ਵਾਰੋ-ਵਾਰੀ ਕੁਝ ਟੀਮਾਂ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਕਿਰਨਦੀਪ ਕੌਰ ਨੇ ਵੀ ਸ਼ੇਅਰੋ-ਸ਼ਾਇਰੀ ਨਾਲ ਮੰਚ ਨੂੰ ਅੱਗੇ ਤੋਰਿਆ, ਉਸ ਦੇ ਬੋਲ ਸਨ- ਫੁੱਲਾਂ ਵਿੱਚ ਫੁੱਲ ਹੈ ਗੁਲਾਬ ਦਾ, ਸ਼ਿਕਾਗੋ ਵਿੱਚ ਮੇਲਾ 'ਰੰਗਲਾ ਪੰਜਾਬ' ਦਾ। ਉਹ ਟਿਕਾਅ-ਟਿਕਾਅ ਕੇ ਸ਼ਬਦ ਉਚਾਰ ਰਹੀ ਸੀ। ਜੈਸਮੀਨ ਕੌਰ ਹੁੰਝਣ ਤੇ ਰੀਆ ਹੁੰਝਣ- ਦੋਹਾਂ ਭੈਣਾਂ ਨੇ ਪੰਜਾਬੀ ਭਰਪੂਰ ਲਹਿਜ਼ੇ ਵਿੱਚ ਅਤੇ ਕਬੀਰ ਵਿਰਕ ਤੇ ਐਰਨ ਸੋਹੀ ਨੇ ਅੰਗਰੇਜ਼ੀ/ਅੰਗਜ਼ਾਬੀ ਵਿੱਚ ਮਾਈਕ ਸੰਭਾਲਿਆ। ਉਨ੍ਹਾਂ ਚੁਟਕਲੇ ਵੀ ਸੁਣਾਏ, ਪਰ ਦਿਲਚਸਪ ਇਹ ਸੀ ਕਿ ਚੁਟਕਲਿਆਂ ਨਾਲੋਂ ਉਨ੍ਹਾਂ ਦਾ ਪੰਜਾਬੀ ਬੋਲਣ ਦਾ ਲਹਿਜ਼ਾ ਵਧੇਰੇ ਹਾਸਾ ਖਿੜਾ ਰਿਹਾ ਸੀ। ਉਂਜ ਇਹ ਚੰਗੀ ਗੱਲ ਹੈ ਕਿ ਪੀ.ਸੀ.ਐਸ. ਸਟੇਜ ਤੋਂ ਨਵੀਂ ਪਨੀਰੀ ਨੂੰ ਮੌਕਾ ਦੇਣ ਤੋਂ ਨਹੀਂ ਖੁੰਝਦੀ।

ਇਹ ਗੱਲ ਨੋਟ ਕੀਤੀ ਗਈ ਕਿ ਦੋ ਮੰਚ ਸੰਚਾਲਕਾਂ ਨੇ ਦੋ-ਤਿੰਨ ਵਾਰ 'ਮਾਝੇ, ਮਾਲਵੇ ਤੇ ਦੁਆਬੇ' ਦੀ ਹੀ ਗੱਲ ਕੀਤੀ, ਜਦਕਿ ਪੰਜਾਬ ਦੇ ਇੱਕ ਖਿੱਤੇ 'ਪੁਆਧ' ਦਾ ਜ਼ਿਕਰ ਨਹੀਂ ਛੋਹਿਆ; ਹਾਲਾਂਕਿ ਇਹ ਪ੍ਰੋਗਰਾਮ ਧਾਰਮਿਕ ਤੇ ਸੱਭਿਆਚਾਰਕ ਤਿਓਹਾਰ ਵਿਸਾਖੀ ਨਾਲ ਸਬੰਧਤ ਸੀ। ਚੇਤੇ ਰਹੇ, ਦਸਮ ਪਾਤਸ਼ਾਹ ਨੇ ਖਾਲਸਾ ਪੰਥ ਦੀ ਸਿਰਜਣਾ 'ਪੁਆਧ ਦੀ ਧਰਤੀ - ਅਨੰਦਪੁਰ ਸਾਹਿਬ' ਵਿਖੇ ਕੀਤੀ ਸੀ ਅਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਨੂੰ ਵੀ ਪੰਜਾਬੀ ਦੀ ਖੇਤਰੀ ਬੋਲੀ ਪੁਆਧੀ ਵਿੱਚ ਉਚਾਰਿਆ ਜਾਂਦਾ ਹੈ।

ਇਸ ਮੌਕੇ ਆਪਣੀ ਤਕਰੀਰ ਦੌਰਾਨ ਸ਼ਿਕਾਗੋ ਵਿੱਚ ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਪਿਛਲੇ ਦਿਨੀਂ ਹੋਏ ਪਹਿਲਗਾਮ ਘਟਨਾਕ੍ਰਮ ਦੀ ਨਿਖੇਧੀ ਕੀਤੀ। ਉਨ੍ਹਾਂ ਚਿੱਟੀਸਿੰਘਪੁਰਾ, ਉਰੀ, ਮੁੰਬਈ ਹਮਲੇ ਤੇ ਹੋਰ ਅਤਿਵਾਦੀ ਹਮਲਿਆਂ ਦਾ ਵੀ ਜ਼ਿਕਰ ਕੀਤਾ ਅਤੇ ਅਤਿਵਾਦ/ਦਤਿਹਸ਼ਤਗਰਦੀ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਬਦਕਿਸਮਤੀ ਨਾਲ ਸਾਰੀਆਂ ਵਿਚਾਰਧਾਰਾਵਾਂ ਸੱਭਿਆਚਾਰ ਦੇ ਪ੍ਰਗਟਾਵੇ ਤੇ ਜੀਵਨ ਦੀ ਭੂਮਿਕਾ ਵਿੱਚ ਮਦਦਗਾਰ ਸਾਬਤ ਨਹੀਂ ਹੁੰਦੀਆਂ!

ਇਸ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਕੋਈ 325 ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਅਤੇ ਉਦੋਂ ਤੋਂ ਸਿੱਖ ਭਾਈਚਾਰੇ ਵਿੱਚ ਵਿਸਾਖੀ ਦੀ ਧਾਰਮਿਕ ਮਹੱਤਤਾ ਹੈ। ਇਹ ਉਹ ਵਿਚਾਰਧਾਰਾ ਹੈ, ਜਿੱਥੇ ਸਭ ਦੀ ਪ੍ਰਸ਼ੰਸਾ ਹੈ ਤੇ ਇਹ ਹੀ ਸਾਡਾ ਸੱਭਿਆਚਾਰ ਹੈ। ਉਦੋਂ ਵੀ ਅਤੇ ਅੱਜ ਵੀ ਪੰਜਾਬ ਦੀ ਧਰਤੀ ਇਨਸਾਫਪਸੰਦ ਹੋਣ ਦੇ ਨਾਲ ਨਾਲ ਵੱਖ-ਵੱਖ ਰੰਗਾਂ ਨਾਲ ਭਰਪੂਰ ਹੈ ਅਤੇ ਉਥੋਂ ਦਾ ਭਾਈਚਾਰਾ ਜ਼ਿੰਦਗੀ ਦੀਆਂ ਪਹਿਲਕਦਮੀਆਂ ਤੇ ਨਵੀਨਤਾਵਾਂ ਦੀ ਪਹੁੰਚ ਰੱਖਣ ਵਾਲਾ ਹੈ; ਤੇ ਅਸੀਂ ਇਸ ਵਿਸ਼ੇਸ਼ਤਾ ਦਾ ਸਤਿਕਾਰ ਕਰਦੇ ਹਾਂ। ਦੋ ਸੂਬਿਆਂ ਦੀ ਸਾਂਝ ਦਾ ਜ਼ਿਕਰ ਕਰਦਿਆਂ ਸ੍ਰੀ ਘੋਸ਼ ਨੇ ਕਿਹਾ ਕਿ ਪੰਜਾਬ ਤੇ ਬੰਗਾਲ ਨੇ ਬਹੁਤ ਕੁਝ ਸਹਿਆ ਹੈ, ਇਸ ਲਈ ਅਸੀਂ ਜਾਣਦੇ ਹਾਂ ਕਿ ਪੀੜ ਅਤੇ ਤਿਆਗ ਕੀ ਹੈ, ਤੇ ਸਾਡੀ ਭਾਸ਼ਾ ਕੀ ਹੈ! ਵਿਸਾਖੀ ਇਕੱਲੇ ਪੰਜਾਬ ਤੱਕ ਹੀ ਸੀਮਤ ਨਹੀਂ, ਸਗੋਂ ਭਾਰਤ ਤੇ ਬਾਹਰਲੇ ਦੇਸ਼ਾਂ ਵਿੱਚ ਵੀ ਇਸ ਦੀ ਮਨੌਤ ਹੈ। ਉਨ੍ਹਾਂ ਪੀ.ਸੀ.ਐਸ. ਵੱਲੋਂ ਵਿਸਾਖੀ ਸਬੰਧੀ ਅਜਿਹੇ ਸਮਾਗਮ ਕਰਵਾਏ ਜਾਣ ਦੀ ਸ਼ਲਾਘਾ ਕੀਤੀ, ਜਿਸ ਨਾਲ ਬੱਚਿਆਂ ਵਿੱਚ ਸੱਭਿਆਚਾਰਕ ਕਦਰਾਂ-ਕੀਮਤਾਂ

⇒ ਬਾਕੀ ਸਫਾ 12 ਉਤੇ ਪੜ੍ਹੋ

# ਪੀ.ਸੀ.ਐੱਸ. 'ਰੰਗਲਾ ਪੰਜਾਬ-2025': ਕੁਝ ਯਾਦਗਾਰੀ ਤਸਵੀਰਾਂ




ਤਸਵੀਰਾਂ: ਬਲਿੰਗ ਕ੍ਰੀਏਸ਼ਨਜ਼

# ਤੰਦਰੁਸਤੀ ਤੇ ਖ਼ੂਬਸੂਰਤੀ ਦੀ ਵਿਲੱਖਣ ਮਿਸਾਲ: ਹੁੰਜ਼ਾ ਸਮਾਜ

ਜਾਣਕਾਰੀ

**ਅਸ਼ਵਨੀ ਚਤਰਥ**
ਫੋਨ:+91-6284220595



ਪਾਕਿਸਤਾਨ ਦੇ ਉੱਤਰੀ ਇਲਾਕੇ ਦੇ ਗਿਲਗਿਤ ਬਾਲਤਿਸਤਾਨ ਖਿੱਤੇ ਵਿੱਚ ਹੁੰਜ਼ਾ ਨਦੀ ਦੇ ਕੰਢੇ 'ਹੁੰਜ਼ਾ ਘਾਟੀ' ਇਕ ਬੇਹੱਦ ਖ਼ੂਬਸੂਰਤ ਪਹਾੜੀ ਵਾਦੀ ਹੈ। ਇਸ ਘਾਟੀ 'ਚ ਰਹਿੰਦੇ 'ਹੁੰਜ਼ਾ' ਕਬੀਲਾਈ ਲੋਕ ਦੁਨੀਆ ਦੇ ਸਭ ਤੋਂ ਜ਼ਿਆਦਾ ਉਮਰਦਰਾਜ, ਰੋਗਰਹਿਤ-ਸਿਹਤਮੰਦ ਅਤੇ ਬੇਹੱਦ ਖ਼ੂਬਸੂਰਤ ਸ਼ਖਸੀਅਤ ਦੇ ਮਾਲਕ ਹਨ। ਹੁੰਜ਼ਾ ਘਾਟੀ ਸਮੁੰਦਰੀ ਤਲ ਤੋਂ 8000 ਫੁੱਟ ਦੀ ਉਚਾਈ 'ਤੇ ਦੁਨੀਆ ਤੋਂ ਨਿਵੇਕਲੀ ਅਤੇ ਸ਼ਾਨਦਾਰ ਉਪਜਾਊ ਘਾਟੀ ਹੈ। ਇੱਥੋਂ ਦੇ ਲੋਕਾਂ ਦਾ ਸੰਭਾਵੀ ਜੀਵਨ ਕਾਲ ਭਾਵ ਕਿ ਜਿਉਂਦੇ ਰਹਿਣ ਦੀ ਔਸਤ ਉਮਰ 120 ਸਾਲ ਦੇ ਕਰੀਬ ਦੱਸੀ ਜਾਂਦੀ ਹੈ। ਦੁਨੀਆ ਦੇ ਬਾਕੀ ਹਿੱਸਿਆਂ ਤੋਂ ਲੋਕ ਅਕਸਰ ਇੱਥੇ 'ਹੁੰਜ਼ਾ ਲੋਕਾਂ' ਦੀ ਸਿਹਤਯਾਬੀ ਅਤੇ ਖ਼ੂਬਸੂਰਤੀ ਦਾ ਰਾਜ਼ ਜਾਣਨ ਲਈ ਚੱਕਰ ਲਗਾਉਂਦੇ ਰਹਿੰਦੇ ਹਨ। ਪੱਛਮੀ ਦੇਸ਼ਾਂ ਦੇ ਲੋਕਾਂ ਲਈ ਤਾਂ ਇਹ ਘਾਟੀ ਅਕਸਰ ਖਿੱਚ ਦਾ ਕੇਂਦਰ ਬਣੀ ਰਹਿੰਦੀ ਹੈ। ਇਨ੍ਹਾਂ ਲੋਕਾਂ ਦੀ ਤੰਦਰੁਸਤ ਸਿਹਤ ਦਾ ਰਾਜ਼ ਇਨ੍ਹਾਂ ਦਾ ਸਾਦਗੀ ਵਾਲਾ ਜੀਵਨ ਢੰਗ ਅਤੇ ਸੰਤੁਲਿਤ-ਕੁਦਰਤੀ ਖ਼ੁਰਾਕ ਹੈ। ਅਜੋਕੇ ਸਮੇਂ ਵਿੱਚ ਵੀ ਇਹ ਲੋਕ ਆਪਣੇ ਪੁਰਾਣੇ ਰੀਤੀ ਰਿਵਾਜਾਂ ਵਾਲਾ ਅਤੇ ਆਧੁਨਿਕ ਜੀਵਨ ਸ਼ੈਲੀ ਵਾਲਾ ਮਿਸ਼ਰਿਤ ਜੀਵਨ ਜਿਉਂਦੇ ਹਨ।

ਇਨ੍ਹਾਂ ਲੋਕਾਂ 'ਤੇ ਕੀਤੇ ਗਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਹੁੰਜ਼ਾ ਲੋਕ ਪਹਾੜਾਂ ਦੇ ਬੇਹੱਦ ਉੱਬੜ-ਖਾਬੜ ਇਲਾਕਿਆਂ ਵਿੱਚ ਰਹਿੰਦੇ ਹੋਏ ਸਖ਼ਤ ਮਿਹਨਤ ਭਰਿਆ ਜੀਵਨ ਬਤੀਤ ਕਰਦੇ ਹਨ। ਇਨ੍ਹਾਂ ਨੂੰ ਖੇਤੀਬਾੜੀ ਕਰਨ ਲਈ ਅਤੇ ਰੋਜ਼ਾਨਾ ਜੀਵਨ ਦੇ ਹੋਰ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਅਕਸਰ ਲੰਮਾ-ਲੰਮਾ ਸਫ਼ਰ ਪੈਦਲ ਹੀ ਤੈਅ ਕਰਨਾ ਪੈਂਦਾ ਹੈ। ਇਨ੍ਹਾਂ ਵਿੱਚ ਮੋਟਾਪਾ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ, ਕਿਉਂਕਿ ਇਹ ਸਰੀਰਕ ਤੌਰ 'ਤੇ ਹਰ ਵੇਲੇ ਸਰਗਰਮ ਰਹਿੰਦੇ ਹਨ। ਕੁਦਰਤੀ ਵਾਤਾਵਰਨ ਨਾਲ ਬੇਹੱਦ ਨੇੜਿਓਂ ਜੁੜੇ ਇਸ ਇਲਾਕੇ ਵਿੱਚ ਸਿਹਤ ਦੀਆਂ ਸੇਵਾਵਾਂ ਨਾਂਮਾਤਰ ਹੀ ਵੇਖਣ ਨੂੰ ਮਿਲਦੀਆਂ ਹਨ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਇੱਥੇ ਦੇ ਲੋਕਾਂ ਵੱਲੋਂ ਇਨ੍ਹਾਂ ਦੀ ਜ਼ਰੂਰਤ ਵੀ ਮਹਿਸੂਸ ਨਹੀਂ ਕੀਤੀ ਜਾਂਦੀ। ਇਹ ਲੋਕ ਜ਼ਿਆਦਾਤਰ ਸ਼ਾਕਾਹਾਰੀ ਭੋਜਨ ਨੂੰ ਹੀ ਪਹਿਲ ਦਿੰਦੇ ਹਨ। ਖ਼ੁਰਮਾਨੀ, ਆੜੂ, ਚੈਰੀ, ਗਿਰੀ-ਮੇਵੇ ਅਤੇ ਅੰਗੂਰ ਆਦਿ ਤੋਂ ਇਲਾਵਾ ਜੌਂ, ਬਾਜਰਾ ਅਤੇ ਮੱਕੀ ਆਦਿ ਇਨ੍ਹਾਂ ਦੀ ਖ਼ੁਰਾਕ ਵਿੱਚ ਭਰਪੂਰ ਮਾਤਰਾ ਵਿੱਚ ਸ਼ਾਮਲ ਹੁੰਦੇ ਹਨ। ਫਲਾਂ ਅਤੇ ਸਬਜ਼ੀਆਂ ਦਾ ਇਨ੍ਹਾਂ ਦੇ ਭੋਜਨ ਵਿੱਚ ਅਹਿਮ ਸਥਾਨ ਹੁੰਦਾ ਹੈ। ਖ਼ੁਰਮਾਨੀ (APRICOT) ਇੱਥੋਂ ਦੀ ਮੁੱਖ ਸਥਾਨਕ ਫਸਲ ਹੈ। ਇਸ ਲਈ ਖ਼ੁਰਮਾਨੀ ਫਲ ਦੇ ਕਿਸੇ ਨਾ ਕਿਸੇ ਹਿੱਸੇ ਨੂੰ ਇਨ੍ਹਾਂ ਦੇ ਭੋਜਨ ਦੀ ਹਰ ਵਨੰਗੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਇਸ ਦੇ ਬੀਜਾਂ ਅਤੇ ਤੇਲ ਦੀ ਵਰਤੋਂ ਹਰ ਤਰ੍ਹਾਂ ਦੇ ਭੋਜਨ ਤਿਆਰ ਕਰਨ ਵਿੱਚ ਵਿਸ਼ੇਸ਼ ਤੌਰ 'ਤੇ ਕੀਤੀ ਜਾਂਦੀ ਹੈ।

ਕਿਹਾ ਜਾਂਦਾ ਹੈ ਕਿ ਖ਼ੁਰਮਾਨੀ ਦੇ ਜੂਸ ਦੇ ਸਹਾਰੇ ਇਹ ਲੋਕ ਕਈ ਮਹੀਨਿਆਂ ਤੱਕ ਜਿਉਂਦੇ ਰਹਿ ਸਕਦੇ ਹਨ। ਖ਼ੁਰਮਾਨੀ ਦੇ ਬੀਜਾਂ ਵਿੱਚ 'ਐਮੀਗਡਾਲਿਨ' ਨਾਂ ਦਾ ਰਸਾਇਣ ਮੌਜੂਦ ਹੁੰਦਾ ਹੈ, ਜੋ ਕਿ 'ਵਿਟਾਮਿਨ ਬੀ-17' ਦਾ ਭਰਪੂਰ ਸਰੋਤ ਹੁੰਦਾ ਹੈ। ਇਸੇ ਕਰਕੇ ਇੱਥੋਂ ਦੇ ਲੋਕ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਰਹਿਤ ਹੁੰਦੇ ਹਨ। ਤਲਿਆ-ਮਿਲਿਆ ਭੋਜਨ ਖਾਣ ਦੀ ਬਜਾਏ ਇਹ ਲੋਕ ਕਚਘਰੜ ਭੋਜਨ ਖਾਣ ਨੂੰ ਪਹਿਲ ਦਿੰਦੇ ਹਨ। ਇਸ ਨਾਲ ਇਨ੍ਹਾਂ ਵਿੱਚ ਸ਼ੂਗਰ ਦੀ ਬਿਮਾਰੀ ਲੱਗਣ ਅਤੇ ਕੋਲੈਸਟਰੌਲ ਦੇ ਵਧਣ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਰੋਜ਼ਾਨਾ ਦੇ ਕੰਮ ਕਾਜ ਲਈ ਲੰਮਾ ਸਫ਼ਰ ਤੈਅ ਕਰਦਿਆਂ ਇਨ੍ਹਾਂ ਦੀ ਬਹੁਤ ਜ਼ਿਆਦਾ ਸਰੀਰਕ ਕਸਰਤ ਹੋ ਜਾਂਦੀ ਹੈ, ਜਿਸ ਕਰਕੇ ਇਨ੍ਹਾਂ ਦੀਆਂ ਹੱਡੀਆਂ ਅਤੇ ਪੱਠੇ ਮਜ਼ਬੂਤ ਰਹਿੰਦੇ ਹਨ। ਪੈਦਲ ਚੱਲਣਾ ਹੁੰਜ਼ਾ ਲੋਕਾਂ ਨੂੰ ਵਿਸ਼ੇਸ਼ ਤੌਰ 'ਤੇ ਚੰਗਾ ਲੱਗਦਾ ਹੈ। ਇੱਥੋਂ ਤੱਕ ਕਿ 80 ਸਾਲਾਂ ਦੀ ਉਮਰ ਦੇ ਆਦਮੀ ਵੀ ਆਪਣੇ ਦੂਰ-ਦਰੇਡੇ ਦੇ ਖੇਤਾਂ ਵਿੱਚ ਉੱਬੜ-ਖਾਬੜ ਰਸਤਿਆਂ 'ਤੇ ਚੱਲਦੇ ਹੋਏ ਪੈਦਲ ਹੀ ਜਾਂਦੇ ਹਨ ਅਤੇ ਹੱਥੀਂ ਕੰਮ ਕਰਨ ਨੂੰ ਪਹਿਲ ਦਿੰਦੇ ਹਨ। ਹਰਿਆਵਲ ਭਰਪੂਰ ਆਲਾ-ਦੁਆਲਾ ਹੋਣ ਕਰਕੇ ਸਾਹ ਪ੍ਰਣਾਲੀ ਦੀਆਂ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਤੋਂ ਰਹਿਤ ਇਹ ਲੋਕ ਲੰਮੀ ਉਮਰ ਤੱਕ ਨਰੋਏ ਅਤੇ ਤੰਦਰੁਸਤ ਰਹਿੰਦੇ ਹਨ।

ਇੱਥੋਂ ਦੀਆਂ ਮਹਿਲਾਵਾਂ ਦੀ ਖ਼ੂਬਸੂਰਤੀ ਬਾਰੇ ਕਿਹਾ ਜਾਂਦਾ ਹੈ ਕਿ 65 ਸਾਲ ਦੀ ਉਮਰ ਵਿੱਚ ਵੀ ਬੁਢਾਪਾ ਇਨ੍ਹਾਂ ਦੇ ਨੇੜੇ ਨਹੀਂ ਆਉਂਦਾ ਹੈ। ਇਸ ਉਮਰ ਵਿੱਚ ਵੀ ਇਹ ਮਹਿਲਾਵਾਂ 25-30 ਸਾਲ ਦੀ ਉਮਰ ਦੀਆਂ ਹੀ ਲੱਗਦੀਆਂ ਹਨ। ਇਨ੍ਹਾਂ ਦੀ ਖ਼ੂਬਸੂਰਤੀ ਦਾ ਰਾਜ਼ ਇਨ੍ਹਾਂ ਦੀ ਰਵਾਇਤੀ ਜੀਵਨਸ਼ੈਲੀ ਅਤੇ ਸ਼ੁੱਧ, ਸਾਫ਼-ਸੁਥਰਾ ਅਤੇ ਰਸਾਇਣਾਂ ਤੋਂ ਬਗੈਰ ਖਾਣ-ਪਾਣ ਦੱਸਿਆ ਗਿਆ ਹੈ। ਇਹ ਲੋਕ ਬਹੁਤ ਹੀ ਸਾਦਾ ਜੀਵਨ ਬਤੀਤ ਕਰਦੇ ਹਨ। ਇਹ ਕੁਦਰਤੀ ਤੌਰ 'ਤੇ ਉਗਾਏ ਗਏ ਫਲ, ਸਬਜ਼ੀਆਂ, ਅਨਾਜ ਅਤੇ ਦੁੱਧ ਆਦਿ ਖਾਂਦੇ-ਪੀਂਦੇ ਹਨ। ਡਰਾਈ ਫ਼ਰੂਟ ਦਾ ਸੇਵਨ ਵੀ ਕਾਫ਼ੀ ਜ਼ਿਆਦਾ ਕਰਦੇ ਹਨ।

**ਬਲੂ ਜ਼ੋਨ (ਨੀਲੇ ਖੇਤਰ) ਦਾ ਪ੍ਰਭਾਵ:** ਵਿਗਿਆਨੀਆਂ ਦਾ ਮੰਨਣਾ ਹੈ ਕਿ ਹੁੰਜ਼ਾ ਲੋਕਾਂ ਦੀ ਤੰਦਰੁਸਤੀ ਅਤੇ ਖ਼ੂਬਸੂਰਤੀ ਦਾ ਰਾਜ਼ ਇਨ੍ਹਾਂ ਦਾ 'ਬਲੂ ਜ਼ੋਨ' ਭਾਵ ਨੀਲੇ ਖੇਤਰ ਵਿੱਚ ਰਹਿਣ ਕਰਕੇ ਹੈ। ਨੀਲਾ ਖੇਤਰ ਉਹ ਖੇਤਰ ਹੁੰਦਾ ਹੈ, ਜਿਸ ਖੇਤਰ ਵਿੱਚ ਰਹਿੰਦੇ ਲੋਕਾਂ ਨੂੰ ਲੰਮੀਆਂ ਅਤੇ ਚਿਰਕਾਲੀਨ ਬਿਮਾਰੀਆਂ ਘੱਟ ਲਗਦੀਆਂ ਹਨ ਅਤੇ ਇਨ੍ਹਾਂ ਦੀ ਔਸਤ ਉਮਰ ਲੰਮੇਰੀ ਹੁੰਦੀ ਹੈ। ਇਸ ਖੇਤਰ ਵਿੱਚ ਰਹਿੰਦੇ ਲੋਕਾਂ ਦੀ ਵਿਸ਼ੇਸ਼ਤਾ ਇਹ ਹੰਦੀ ਹੈ ਕਿ ਇਨ੍ਹਾਂ ਦੀ ਜ਼ਿਆਦਾਤਰ ਖ਼ੁਰਾਕ ਸ਼ਾਕਾਹਾਰੀ ਹੁੰਦੀ ਹੈ। ਇਹ ਲੋਕ ਰੇਸ਼ੇ ਵਾਲੀਆਂ ਸਬਜ਼ੀਆਂ, ਬੀਨਸ, ਸਾਬਤ ਅਨਾਜ ਅਤੇ ਗਿਰੀ-ਮੇਵਿਆਂ ਨੂੰ ਮੁੱਖ ਤੌਰ 'ਤੇ ਆਪਣੀ ਖ਼ੁਰਾਕ ਵਿੱਚ ਸ਼ਾਮਲ ਕਰਦੇ ਹਨ। ਇਹ ਆਧੁਨਿਕ ਜੀਵਨ ਸ਼ੈਲੀ ਦੀ ਬਜਾਏ ਰਵਾਇਤੀ ਢੰਗ-ਤਰੀਕਿਆਂ ਨਾਲ ਆਪਣਾ ਜੀਵਨ ਬਿਤਾਉਣ ਨੂੰ ਪਹਿਲ ਦਿੰਦੇ ਹਨ। ਨੀਲੇ ਖੇਤਰ 'ਚ ਰਹਿੰਦੇ ਲੋਕ ਬੇਹੱਦ ਚੁਸਤ-ਦਰੁਸਤ, ਸਰੀਰਕ ਸਰਗਰਮੀ ਵਾਲਾ ਅਤੇ ਮਾਨਸਿਕ ਤਣਾਅ-ਰਹਿਤ ਜੀਵਨ ਬਤੀਤ ਕਰਦੇ ਹਨ। ਇਹ ਲੋਕ ਤਲੇ ਹੋਏ ਬਾਜ਼ਾਰੀ ਜੰਕ ਭੋਜਨ ਦੀ ਬਜਾਏ ਘਰੇਲੂ ਸਾਬਤ ਅਨਾਜ ਵਾਲੇ ਭੋਜਨ ਨੂੰ ਪਹਿਲ ਦਿੰਦੇ ਹਨ। ਇਹ ਲੋਕ ਗੂੜ੍ਹ ਪ੍ਰੇਮ-ਪਿਆਰ ਤੇ ਨਿੱਘ ਭਰੇ ਸਮਾਜਿਕ ਰਿਸ਼ਤਿਆਂ ਵਾਲਾ ਜੀਵਨ ਬਤੀਤ ਕਰਦੇ ਹਨ ਅਤੇ ਆਪਣੇ ਸਥਾਨਕ ਸੱਭਿਆਚਾਰ ਨਾਲ ਜੁੜੇ ਰਹਿੰਦੇ ਹਨ।

ਇੱਥੇ ਜਪਾਨੀ ਲੋਕਾਂ ਦੀ ਲੰਮੀ ਉਮਰ ਅਤੇ ਤੰਦਰੁਸਤੀ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ, ਜਿਨ੍ਹਾਂ ਵਿੱਚ ਔਰਤਾਂ ਦੀ ਔਸਤ ਉਮਰ 87 ਸਾਲ ਅਤੇ ਪੁਰਸ਼ਾਂ ਦੀ ਔਸਤ ਉਮਰ 81 ਸਾਲ ਹੁੰਦੀ ਹੈ। ਇਨ੍ਹਾਂ ਦੀ ਅਜਿਹੀ ਉਮਰ ਦਾ ਰਾਜ਼ ਘੱਟ ਮੋਟਾਪਾ, ਹੌਲੀ-ਹੌਲੀ ਭੋਜਨ ਖਾਣਾ, ਤਣਾਅ-ਰਹਿਤ ਜੀਵਨ ਬਤੀਤ ਕਰਨਾ ਅਤੇ ਸ਼ਾਕਾਹਾਰੀ ਭੋਜਨ ਨੂੰ ਪਹਿਲ ਦੇਣਾ ਆਦਿ ਮੰਨਿਆ ਗਿਆ ਹੈ। ਜਪਾਨੀ ਲੋਕ ਆਪਣੀ ਭੁੱਖ ਦਾ 80 ਫ਼ੀਸਦ ਭੋਜਨ ਹੀ ਖਾਂਦੇ ਹਨ ਅਤੇ 20 ਫ਼ੀਸਦ ਪੇਟ ਖਾਲੀ ਹੀ ਰੱਖਦੇ ਹਨ।

ਹੁੰਜ਼ਾ ਕਬੀਲੇ ਦੀਆਂ ਔਰਤਾਂ ਦੀ ਇਕ ਦਿਲਚਸਪ ਗੱਲ ਇਹ ਵੀ ਹੈ ਕਿ ਇਹ 60 ਸਾਲ ਤੋਂ ਬਾਅਦ ਵੀ ਗਰਭਵਤੀ ਹੋ ਸਕਦੀਆਂ ਹਨ। ਇਸ ਦੀ ਵਜ੍ਹਾ ਦਾ ਪਤਾ ਕਰਨ 'ਤੇ ਪਤਾ ਲੱਗਾ ਕਿ ਇਨ੍ਹਾਂ ਦਾ ਖਾਣ-ਪਾਣ ਕਾਫ਼ੀ ਵੱਖਰਾ ਹੁੰਦਾ ਹੈ। ਇਹ ਪੂਰੀ ਤਰ੍ਹਾਂ ਦਾ 'ਆਰਗੈਨਿਕ ਖਾਣਾ' ਖਾਂਦੇ ਹਨ, ਜਿਸ ਵਿੱਚ ਰਸਾਇਣਾਂ ਦੀ ਮਾਤਰਾ ਬਿਲਕੁਲ ਨਹੀਂ ਹੁੰਦੀ। ਇਹ ਲੋਕ 'ਗਲੇਸ਼ੀਅਰ' ਭਾਵ ਬਰਫ਼ ਦੇ ਪਹਾੜਾਂ ਦੇ ਪਿਘਲੇ ਹੋਏ ਪਾਣੀ ਨੂੰ ਹੀ ਪੀਣ ਲਈ ਵਰਤਦੇ ਹਨ। ਇਸ ਪਾਣੀ ਵਿੱਚ 'ਖਣਿਜ ਪਦਾਰਥ' ਅਤੇ 'ਐਂਟੀਆਕਸੀਡੈਂਟ' ਮੌਜੂਦ ਹੁੰਦੇ ਹਨ। ਖਣਿਜ ਪਦਾਰਥ ਹੁੰਜ਼ਾ ਲੋਕਾਂ ਦੇ ਸਰੀਰਾਂ ਦੇ ਤੱਤਾਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਐਂਟੀਆਕਸੀਡੈਂਟ ਸਰੀਰ ਦੇ ਸੈਲਾਂ ਵਿੱਚ ਪੈਦਾ ਹੋਏ ਜ਼ਹਿਰੀਲੇ ਅਤੇ ਹਾਨੀਕਾਰਕ ਪਦਾਰਥਾਂ ਨੂੰ ਪ੍ਰਭਾਵਹੀਣ ਕਰਕੇ ਸਰੀਰ ਦੀ ਤਾਜ਼ਗੀ ਨੂੰ ਬਰਕਰਾਰ ਰੱਖਦੇ ਹਨ ਅਤੇ ਸ਼ੂਗਰ, ਕੈਂਸਰ ਅਤੇ ਗੁਰਦੇ ਫੇਲ੍ਹ ਹੋਣ ਵਰਗੀਆਂ ਬਿਮਾਰੀਆਂ ਨਹੀਂ ਲੱਗਣ ਦਿੰਦੇ। ਕੁਦਰਤੀ ਤੌਰ 'ਤੇ ਮਿਲਦੇ ਖਣਿਜਾਂ ਅਤੇ ਐਂਟੀਆਕਸੀਡੈਂਟਾਂ ਕਰਕੇ ਵੀ ਹੁੰਜ਼ਾ ਲੋਕ ਲੰਮੀ ਉਮਰ ਲਈ ਜਵਾਨ ਰਹਿੰਦੇ ਹਨ।

ਹੁੰਜ਼ਾ ਲੋਕ ਆਪਣੀਆਂ ਸਮਾਜਿਕ ਕਦਰਾਂ ਕੀਮਤਾਂ ਦਾ ਬਹੁਤ ਸਤਿਕਾਰ ਕਰਦੇ ਹਨ। ਸਮਾਜਿਕ ਤਾਣੇ-ਬਾਣੇ ਵਿੱਚ ਬੱਝੇ ਹੋਏ ਇਹ ਲੋਕ ਆਪਣੇ ਸਮਾਜ ਦੇ ਬਜ਼ੁਰਗਾਂ ਦਾ ਵਿਸ਼ੇਸ਼ ਸਨਮਾਨ ਕਰਦੇ ਹਨ। ਇੱਥੇ ਕੋਈ ਬਿਰਧ ਆਸ਼ਰਮ ਵੇਖਣ ਨੂੰ ਨਹੀਂ ਮਿਲਦਾ ਹੈ। ਦੁਨੀਆ ਦੇ ਇਸ ਅਨੋਖੇ ਖਿੱਤੇ ਵਿੱਚ ਕਿਸੇ ਕਿਸਮ ਦਾ ਕੋਈ ਜ਼ੁਰਮ ਨਹੀਂ ਹੁੰਦਾ। ਬੱਚੇ ਮੋਬਾਇਲ ਅਤੇ ਕੰਪਿਊਟਰ ਦੀਆਂ ਖੇਡਾਂ ਦੀ ਬਜਾਏ ਖੁੱਲ੍ਹੀਆਂ ਥਾਵਾਂ 'ਤੇ ਰਵਾਇਤੀ ਖੇਡਾਂ ਖੇਡਣ ਨੂੰ ਪਹਿਲ ਦਿੰਦੇ ਹਨ।

ਆਧੁਨਿਕਤਾ ਦੀ ਦੌੜ ਪਿੱਛੇ ਲੱਗੇ ਸਾਡੇ ਸਮਾਜ ਦੇ ਲੋਕਾਂ ਨੂੰ ਵੀ ਹੁੰਜ਼ਾ ਲੋਕਾਂ ਦੇ ਜੀਵਨ ਢੰਗ ਤੋਂ ਕਾਫ਼ੀ ਕੁਝ ਸਿੱਖਣ ਦੀ ਲੋੜ ਹੈ।





■ ਸੁਹੱਪਣ ਦੇ ਦੋ ਰੂਪ: ਹੁੰਜ਼ਾ ਸਮਾਜ ਦੇ ਲੋਕ ਅਤੇ (ਸੱਜੇ) ਹੁੰਜ਼ਾ ਵਾਦੀ ਦਾ ਦਿਲਕਸ਼ ਨਜ਼ਾਰਾ

## 'ਰੰਗਲਾ ਪੰਜਾਬ-2025'

ਪ੍ਰਫੁਲਿਤ ਹੁੰਦੀਆਂ ਹਨ।

ਇਸ ਮੌਕੇ ਪਹਿਲਗਾਮ ਵਿਖੇ ਦਹਿਸ਼ਤਪਸੰਦਾਂ ਵੱਲੋਂ ਫੌਤ ਕੀਤੇ ਗਏ ਬੇਕਸੂਰ ਸੈਲਾਨੀਆਂ ਨਮਿੱਤ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਰਾਜਿੰਦਰ ਸਿੰਘ ਮਾਗੋ ਨੇ ਕਿਹਾ ਕਿ ਮੁਸੀਬਤ ਦੌਰਾਨ ਲੋਕਾਂ ਦੀ ਮਦਦ ਕਰਨੀ ਪੰਜਾਬੀਆਂ ਦੀ ਵਿਰਾਸਤ ਦਾ ਹਿੱਸਾ ਹੈ, ਪਹਿਲਗਾਮ ਦਹਿਸ਼ਤੀ ਹਮਲੇ ਪਿਛੋਂ ਉਥੇ ਸਥਿਤ ਗੁਰਦੁਆਰਿਆਂ ਤੋਂ ਲੋੜਵੰਦਾਂ ਦੀ ਮਦਦ ਕੀਤੀ ਗਈ- ਖਾਣ ਪੀਣ ਲਈ ਤੇ ਰਹਿਣ ਆਦਿ ਲਈ ਵੀ।

ਮੁੱਖ ਮਹਿਮਾਨ ਡਾ. ਦੀਵੇਸ਼ ਰੰਜਨ ਨੇ ਵਿਸਾਖੀ ਅਤੇ ਰੰਗਲਾ ਪੰਜਾਬ ਸਮਾਗਮ ਦੀ ਵਧਾਈ ਦੇਣ ਉਪਰੰਤ ਕਿਹਾ ਕਿ ਇਹ ਬਹੁਤ ਹੀ ਸ਼ਾਨਦਾਰ ਸਮਾਗਮ ਹੈ, ਜਿੱਥੇ ਸੱਭਿਆਚਾਰ, ਵਿਰਾਸਤ ਤੇ ਕਦਰਾਂ-ਕੀਮਤਾਂ ਇੱਕ ਮੰਚ 'ਤੇ ਪੇਸ਼ ਹਨ। ਆਪਣੇ ਵਿਚਾਰ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ, ਮੈਂ ਭਾਗਾਂ ਵਾਲਾ ਮਹਿਸੂਸ ਕਰਦਾ ਹਾਂ ਕਿ ਮੇਰਾ ਜਨਮ ਪਟਨਾ ਦਾ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ। ਮੈਂ ਜਦੋਂ ਪਟਨਾ ਵਿੱਚ ਸਾਂ ਤਾਂ ਸਿੱਖ ਭਾਈਚਾਰੇ ਦੀਆਂ ਸੇਵਾਵਾਂ ਤੇ ਧਰਮ ਵਿੱਚ ਸ਼ਰਧਾ ਨੂੰ ਦੇਖਿਆ ਹੈ ਅਤੇ ਇਹ ਹੈਰਾਨੀਜਨਕ ਚੀਜ਼ ਹੈ ਕਿ ਭਾਈਚਾਰਾ ਸਮਾਜ ਨੂੰ ਕੁਝ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਭਾਰਤੀ ਡਾਇਸਪੋਰਾ ਅਮਰੀਕਾ ਵਿੱਚ ਮਜ਼ਬੂਤ ਹੈ। ਉਨ੍ਹਾਂ ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਸੁਨੇਹਾ ਦਿੱਤਾ ਕਿ ਉਹ ਨਿਸ਼ਾਨਾ ਮਿਥ ਕੇ ਪੜ੍ਹਾਈ ਕਰਨ ਅਤੇ ਇਹ ਵਿਚਾਰਨ ਕਿ ਉਹ ਸੰਸਾਰ ਦੀ ਬਿਹਤਰੀ ਲਈ ਕੀ ਕਰ ਸਕਦੇ ਹਨ।

ਪੀ.ਸੀ.ਐੱਸ. ਦੇ ਚੇਅਰਮੈਨ ਡਾ. ਪਰਮ ਪੁਨੀਤ ਸਿੰਘ ਨੇ ਕਿਹਾ ਕਿ ਸੰਸਥਾ ਵੱਖ-ਵੱਖ ਭਾਈਚਾਰਕ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਸੱਭਿਆਚਾਰ ਨਾਲ ਜੋੜਨ ਦਾ ਯਤਨ ਕਰ ਰਹੀ ਹੈ। ਉਨ੍ਹਾਂ ਸੰਸਥਾ ਵੱਲੋਂ ਕਰਵਾਏ ਗਏ ਡਰਾਇੰਗ ਮੁਕਾਬਲੇ ਦਾ ਜ਼ਿਕਰ ਵੀ ਕੀਤਾ, ਜਿਸ ਦਾ ਥੀਮ ਸੀ- 'ਪਿੰਡ ਦੀ ਸਵੇਰ।' ਉਨ੍ਹਾਂ ਕਿਹਾ ਕਿ ਇਲੀਨਾਏ ਸਟੇਟ ਵਿੱਚ ਅਪਰੈਲ ਨੂੰ ਜਾਗਰੂਕਤਾ ਤੇ ਪ੍ਰਸ਼ੰਸਾ ਮਹੀਨਾ ਐਲਾਨਣ ਦੇ ਨਾਲ ਨਾਲ ਸਾਲ 2025 ਵਿੱਚ ਫਰਵਰੀ ਮਹੀਨੇ ਨੂੰ 'ਪੰਜਾਬੀ ਲੈਂਗੂਏਜ ਮੰਥ' ਐਲਾਨਿਆ ਗਿਆ ਹੈ, ਜੋ ਪੰਜਾਬੀ ਭਾਈਚਾਰੇ ਦੀ ਵੱਡੀ ਪ੍ਰਾਪਤੀ ਹੈ।

ਸੰਸਥਾ ਦੇ ਪ੍ਰਧਾਨ ਨਵਤੇਜ ਸਿੰਘ ਸੋਹੀ ਨੇ ਪੀ.ਸੀ.ਐੱਸ. ਦੀ ਸਮੁੱਚੀ ਟੀਮ ਵੱਲੋਂ ਇੱਕ-ਜੁੱਟ ਹੋ ਕੇ ਕੰਮ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸੰਸਥਾ ਦੀ ਸ਼ੁਰੂਆਤ ਅਤੇ ਹੁਣ ਤੱਕ ਦੇ ਪੈਂਡੇ 'ਤੇ ਤਰਦੀ ਝਾਤ ਪੁਆਈ। ਉਨ੍ਹਾਂ ਸੰਸਥਾ ਦੇ ਚੇਅਰਮੈਨ ਡਾ. ਪਰਮ ਪੁਨੀਤ ਸਿੰਘ ਅਤੇ ਸਮਾਗਮ ਦੇ ਮੁੱਖ ਮਹਿਮਾਨ ਤੇ ਯੂਨੀਵਰਸਿਟੀ ਆਫ ਮੈਡੀਸਨ, ਵਿਸਕਾਨਸਿਨ ਦੇ ਭਵਿੱਖ ਦੇ ਇੰਜੀਨੀਅਰਿੰਗ ਦੇ ਡੀਨ ਡਾ. ਦੀਵੇਸ਼ ਰੰਜਨ ਦਾ ਤੁਆਰਫ ਕਰਵਾਇਆ। ਉਪਰੰਤ ਸੰਸਥਾ ਦੇ ਨੁਮਾਇੰਦਿਆਂ ਦੀ ਜਾਣ-ਪਛਾਣ ਕਰਵਾਉਂਦਿਆਂ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ, ਜਿਨ੍ਹਾਂ ਵਿੱਚ ਬੋਰਡ ਆਫ ਡਾਇਰੈਕਟਰਜ਼- ਗੁਰਲਾਲ ਸਿੰਘ ਭੱਠਲ, ਬਿਕਰਮ ਸਿੰਘ ਸੋਹੀ, ਗੁਰਪ੍ਰੀਤ ਸਿੰਘ ਸਿੱਧੂ, ਜਿਗਰਦੀਪ ਸਿੰਘ ਢਿੱਲੋਂ, ਅਮਿਤ ਪਾਲ ਗਿੱਲ, ਪਰਮਜੋਤ ਸਿੰਘ ਪਰਮਾਰ, ਪਰਮਵੀਰ ਕੌਰ, ਤੇਜਵੀਰ ਸਿੰਘ ਸੂਦਨ, ਸਾਬਕਾ ਪ੍ਰਧਾਨ ਮਨਜੀਤ ਸਿੰਘ ਭੱਲਾ, ਸਾਬਕਾ ਚੇਅਰਮੈਨ ਡਾ. ਵਿਕਰਮ ਗਿੱਲ; ਬੋਰਡ ਆਫ ਗਵਰਨਰਜ਼- ਰਾਜਿੰਦਰ ਸਿੰਘ ਮਾਗੋ, ਮਹਿੰਦਰਜੀਤ ਸਿੰਘ ਸੈਣੀ, ਹਰਵਿੰਦਰ ਸਿੰਘ ਲੈਲ, ਭਿੰਦਰ ਸਿੰਘ ਪੰਮਾ, ਜਸਬੀਰ ਸਿੰਘ ਪਾਲੀਆ, ਬਲਵਿੰਦਰ ਸਿੰਘ ਗਿਰਨ, ਅਮਰਜੀਤ ਕੌਰ ਅਟਵਾਲ, ਵਿੱਕ ਸਿੰਘ ਅਤੇ ਬੋਰਡ ਆਫ ਅਡਵਾਈਜ਼ਰਜ਼- ਭੁਪਿੰਦਰ ਸਿੰਘ ਧਾਲੀਵਾਲ, ਪਰਵਿੰਦਰ ਸਿੰਘ ਨਨੂਆ, ਗੁਰਮੀਤ ਸਿੰਘ ਢਿੱਲੋਂ ਤੇ ਸੁਰਿੰਦਰ ਸਿੰਘ ਪਾਲੀਆ ਸ਼ਾਮਲ ਸਨ। ਪ੍ਰਧਾਨ ਸੋਹੀ ਨੇ ਹਾਜ਼ਰੀਨ ਨੂੰ ਸੁਨੇਹਾ ਦਿੱਤਾ ਕਿ ਆਪਣੇ ਦੇਸ਼ ਭਾਰਤ, ਆਪਣੇ ਪੰਜਾਬ ਨਾਲ ਜੁੜ ਕੇ ਰਹੀਏ, ਕਿਉਂਕਿ ਆਪਣੀਆਂ ਜੜ੍ਹਾਂ ਉੱਥੇ ਹਨ। ਉਨ੍ਹਾਂ ਭੰਗੜਾ ਕੋਚ- ਅਮਨਦੀਪ ਕੁਲਾਰ, ਨਵਜੋਧ ਬਾਜਵਾ, ਪ੍ਰੇਰਣਾ ਆਰੀਆ, ਨੇਹਾ ਸੋਬਤੀ ਅਤੇ ਸਾਰੇ ਕੋਆਰਡੀਨੇਟਰਾਂ, ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਸਾਬਕਾ ਚੇਅਰਮੈਨ ਡਾ. ਵਿਕਰਮ ਗਿੱਲ ਨੇ ਪੰਜਾਬੀਆਂ ਤੇ ਬੰਗਾਲੀਆਂ ਦੀ ਸਾਂਝ ਦਾ ਕਿੱਸਾ ਅੱਗੇ ਤੋਰਦਿਆਂ ਕਿਹਾ ਕਿ ਦੋਹਾਂ ਦੀ ਵੰਡ ਹੋਈ, ਆਜ਼ਾਦੀ ਲਈ ਦੋਹਾਂ ਨੇ ਗੋਲੀਆਂ ਖਾਧੀਆਂ, ਦੋਹਾਂ ਨੇ ਤਿੰਨ-ਤਿੰਨ ਨੋਬਲ ਪ੍ਰਾਈਜ਼ ਜਿੱਤੇ; ਇੱਥੋਂ ਤੱਕ ਕੇ ਹਿੰਦੀ ਫਿਲਮਾਂ ਵਿੱਚ ਸਾਡੇ ਐਕਟਰ ਹਨ ਤੇ ਇਨ੍ਹਾਂ ਦੇ ਡਾਇਰੈਕਟਰ ਹਨ। ਉਨ੍ਹਾਂ ਪੰਜਾਬ ਦੀ ਵਿਸ਼ਾਲਤਾ ਦੀ ਗੱਲ ਕਰਦਿਆਂ ਕਿਹਾ ਕਿ ਜਦੋਂ ਤੱਕ ਅਸੀਂ ਪੰਜਾਬ ਨੂੰ ਨਹੀਂ ਸਮਝਾਂਗੇ, ਹਿੰਦੋਸਤਾਨ ਨੂੰ ਨਹੀਂ ਸਮਝ ਸਕਾਂਗੇ। ਸੱਭਿਆਚਾਰ ਚੱਲਦੀ ਧਾਰਾ ਦੀ ਤਰ੍ਹਾਂ ਹੈ, ਜਿਸ ਵਿੱਚ ਕਈ ਕਈ ਧਾਰਾਵਾਂ ਰਲਮਿਲ ਜਾਂਦੀਆਂ ਹਨ। ਉਨ੍ਹਾਂ ਭੰਗੜੇ ਦੇ ਬਦਲਦੇ ਰੂਪਾਂ ਦੀ ਗੱਲ ਵੀ ਕੀਤੀ। ਅਖੀਰ ਵਿੱਚ ਉਨ੍ਹਾਂ ਆਪਣੀ ਕਵਿਤਾ ਪੜ੍ਹੀ, "ਇਨ੍ਹਾਂ ਪੋਰਸ ਦੇ ਜਾਇਆਂ ਵਿੱਚ, ਇਨ੍ਹਾਂ ਉਜੜੇ ਵਸਾਇਆਂ ਵਿੱਚ, ਕੁਝ ਗੱਲ ਤਾਂ ਹੈ; ਇਹ ਵਾਂਗ ਖੱਬਲ ਖਾਹ ਦੇ ਨੇ, ਇਹ ਆਸ਼ਕ ਨਦੀ ਰਾਹ ਦੇ ਨੇ; ਇਹ ਦੱਬਿਆਂ ਵੀ ਉਗ ਪੈਂਦੇ ਨੇ, ਇਹ ਨਿੱਤ ਮੁਹਿੰਮ 'ਤੇ ਰਹਿੰਦੇ ਨੇ।"

ਸਮਾਗਮ ਦੌਰਾਨ ਗੁਰਜੋਤ ਸਿੰਘ ਮੁਲਤਾਨੀ, ਸੁਰਿੰਦਰ ਸੇਠੀ ਅਤੇ ਅਦਿੱਤੀ ਤੇ ਅਨਿਕਾ ਵਿਜ ਨੇ ਗੀਤ ਗਾਏ। ਸਮਾਗਮ ਦੇ ਅੱਧ ਸਮੇਂ ਸਪਾਂਸਰਾਂ ਦਾ ਸਨਮਾਨ ਵੀ ਕੀਤਾ ਗਿਆ। ਸਟੇਜ 'ਤੇ ਪਿਛਲੇ ਪਾਸੇ ਚੱਲਦੀ ਸਕਰੀਨ ਉਤੇ ਕਣਕ ਦੇ ਸਿੱਟਿਆਂ ਦੀ ਤਸਵੀਰ ਤੋਂ ਇਲਾਵਾ ਸਪਾਂਸਰਾਂ ਤੇ ਸਹਿਯੋਗੀਆਂ ਅਤੇ ਸੰਸਥਾ ਦੇ ਨੁਮਾਇੰਦਿਆਂ ਦੀਆਂ ਤਸਵੀਰਾਂ ਦਿਖਾਈਆਂ ਜਾ ਰਹੀਆਂ ਸਨ। ਅਖੀਰ ਵਿੱਚ ਰੈਫਲ ਵੀ ਕੱਢਿਆ ਗਿਆ, ਜਿਸ ਵਿੱਚ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਇਨਾਮ ਆਈਫੋਨ-16, ਆਈਪੈਡ ਅਤੇ ਏਅਰਪੌਡ ਸਨ। 'ਟੇਸਟ ਆਫ ਇੰਡੀਆ' ਦੇ ਮਨਜੀਤ ਸਿੰਘ ਤੇ ਟੀਮ ਸਵਾਦੀ ਖਾਣਾ ਪਰੋਸਣ ਵਿੱਚ ਮਸ਼ਰੂਫ ਸੀ।

ਹਾਲ ਦੇ ਬਾਹਰ ਵੱਖਰਾ ਮੇਲਾ ਲੱਗਿਆ ਹੋਇਆ ਸੀ। ਹਾਲਾਂਕਿ ਪ੍ਰਬੰਧਕਾਂ ਵੱਲੋਂ ਸਟੇਜ ਤੋਂ ਵਾਰ-ਵਾਰ ਉਨ੍ਹਾਂ ਨੂੰ ਹਾਲ ਅੰਦਰ ਪ੍ਰੋਗਰਾਮ ਦਾ ਅਨੰਦ ਮਾਣਨ ਦੀਆਂ ਬੇਨਤੀਆਂ ਕੀਤੀਆਂ ਜਾ ਰਹੀਆਂ ਸਨ, ਪਰ ਸਾਰਾ ਸਮਾਂ ਬਹੁਤੇ ਲੋਕਾਂ ਦਾ ਹਾਲ ਦੇ ਅੰਦਰ-ਬਾਹਰ ਆਉਣ-ਜਾਣ ਲੱਗਿਆ ਰਿਹਾ। ਇੱਕ ਕਾਰਨ ਇਹ ਵੀ ਸੀ ਕਿ ਜਿਨ੍ਹਾਂ ਬੱਚਿਆਂ ਦੀ ਪੇਸ਼ਕਾਰੀ ਹੋ ਚੁਕੀ ਹੁੰਦੀ, ਉਨ੍ਹਾਂ ਦੇ ਮਾਪੇ ਕੁਝ ਬਰੇਕ ਲੈਣ ਲਈ ਹਾਲ ਦੇ ਬਾਹਰ ਹੋ ਆਉਂਦੇ; ਤੇ ਹਵਾ-ਪਿਆਜ਼ੀ ਹੋਣ ਦੇ ਸ਼ੌਕੀਨ ਬਾਰ ਵੱਲ ਜਾਂ ਬਾਹਰ ਕਾਰਾਂ ਵੱਲ ਗੇੜਾ ਮਾਰ ਆਉਂਦੇ। ਸੁਰੱਖਿਆ ਦੇ ਮੱਦੇਨਜ਼ਰ ਹਾਲ ਦੇ ਅੰਦਰ ਵੜ੍ਹਨ ਤੋਂ ਪਹਿਲਾਂ ਟਿਕਟਾਂ ਚੈੱਕ ਹੋਣ ਉਪਰੰਤ ਸਿਕਿਉਰਿਟੀ ਵਾਲੇ ਤਲਾਸ਼ੀ ਲੈ ਰਹੇ ਸਨ।

### 27 ਵਰ੍ਹੇ ਪਹਿਲਾਂ 27 ਵਰ੍ਹਿਆਂ ਦੀ ਉਮਰ ਦੇ ਹਰਜੀਤ ਦੇ ਵਿਛੋੜੇ ’ਤੇ...

# ਕਬੱਡੀ ਦਾ ਧੱਕੜ ਧਾਵੀ ਸੀ ਹਰਜੀਤ ਬਾਜਾਖਾਨਾ

**ਖਿਡਾਰੀ ਪੰਜ-ਆਬ ਦੇ (40)**

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



***ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ‘ਖਿਡਾਰੀ ਪੰਜ-ਆਬ ਦੇ’ ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਪੰਜਾਬ ਦੀਆਂ ਖੇਡਾਂ ਵਿੱਚ ਜੇ ਕਬੱਡੀ ਦਾ ਜ਼ਿਕਰ ਨਾ ਹੋਵੇ ਤਾਂ ਗੱਲ ਅਧੂਰੀ ਅਧੂਰੀ ਲੱਗਦੀ ਹੈ। ਕਬੱਡੀ ਖੇਡ ਜਗਤ ਵਿੱਚ ਕਈ ਨਾਮੀ ਖਿਡਾਰੀ ਹੋਏ ਹਨ ਅਤੇ ਹੈਨ ਵੀ। ਹਥਲੇ ਲੇਖ ਵਿੱਚ ਕਬੱਡੀ ਦੇ ਧੱਕੜ ਖਿਡਾਰੀ ਰਹੇ ਹਰਜੀਤ ਬਾਜਾਖਾਨਾ ਦੇ ਖੇਡ ਜੀਵਨ ਬਾਰੇ ਸੰਖੇਪ ਵੇਰਵਾ ਹੈ। ਕਬੱਡੀ ਖੇਡ ਵਿੱਚ ਤਕੜਾ ਅਤੇ ਦਰਸ਼ਨੀ ਸਰੀਰ ਬਣਾਉਣ ਦਾ ਰੁਝਾਨ ਉਸ ਤੋਂ ਬਾਅਦ ਵਧਿਆ। ਹਰਜੀਤ ਦੀ ਹਰਮਨਪਿਆਰਤਾ ਦੇਖੋ, ਦੇਹਾਂਤ ਪਿੱਛੋਂ ਉਸ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਇੱਕ ਥਾਂ ਜਾਂ ਪਿੰਡ ਵਿੱਚ ਨਹੀਂ, ਸਗੋਂ ਪਿੰਡ-ਪਿੰਡ ਹੋਈ ਸੀ। ਬਾਜਾਖਾਨਾ ਪਿੰਡ ਤੋਂ ਉਠ ਕੇ ਕੁੱਲ ਦੁਨੀਆਂ ਵਿੱਚ ਆਪਣੀ ਖੇਡ ਦੀ ਧਾਕ ਜਮਾਉਣ ਵਾਲੇ ਹਰਜੀਤ ਦੀ ਯਾਦ ਵਿੱਚ ਅੱਜ ਵੀ ਕਬੱਡੀ ਕੱਪ ਹੁੰਦੇ ਹਨ।***





ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਦੇ ਧੱਕੜ ਧਾਵੀ ਹਰਜੀਤ ਸਿੰਘ ਬਾਜਾਖਾਨਾ ਬਿਨਾ ਕਬੱਡੀ ਖੇਡ ਦਾ ਜ਼ਿਕਰ ਅਧੂਰਾ ਹੈ। ਕਰੀਬ 27 ਵਰ੍ਹੇ ਪਹਿਲਾਂ 27 ਵਰ੍ਹਿਆਂ ਦੀ ਉਮਰੇ ਹਰਜੀਤ ਆਪਣੇ ਸਾਥੀ ਖਿਡਾਰੀਆਂ- ਤਲਵਾਰ ਕਾਉਂਕੇ, ਕੇਵਲ ਲੋਪੋਂ ਤੇ ਕੇਵਲ ਸੇਖਾ ਨਾਲ 16 ਅਪਰੈਲ 1998 ਵਿੱਚ ਮੋਰਿੰਡ-ਖਰੜ ਵਿਚਾਲੇ ਘੜੂੰਆ ਪਿੰਡ ਕੋਲ ਸੜਕ ਹਾਦਸੇ ਵਿੱਚ ਸਦੀਵੀ ਵਿਛੋੜਾ ਦੇ ਗਿਆ ਸੀ। ਇਸ ਦਿਲ ਕੰਬਾਊ ਤੇ ਦਰਦਨਾਕ ਹਾਦਸੇ ਵਿੱਚ ਕਬੱਡੀ ਦਾ ਚੜ੍ਹਦਾ ਸੂਰਜ ਸਿਖਰ ਦੁਪਹਿਰੇ ਹੀ ਡੁੱਬ ਗਿਆ ਸੀ, ਜਿਸ ਨਾਲ ਸਮੁੱਚਾ ਖੇਡ ਜਗਤ ਸੁੰਨ ਹੋ ਗਿਆ ਸੀ।

ਬਾਜਾਖਾਨਾ ਪਿੰਡ ਤੋਂ ਉਠ ਕੇ ਕੁੱਲ ਦੁਨੀਆਂ ਵਿੱਚ ਆਪਣੀ ਖੇਡ ਦੀ ਧਾਕ ਜਮਾਉਣ ਵਾਲੇ ਹਰਜੀਤ ਦੀ ਯਾਦ ਵਿੱਚ ਅੱਜ ਵੀ ਕਬੱਡੀ ਕੱਪ ਹੁੰਦੇ ਹਨ। ਉਸ ਦੇ ਨਾਮ ਉਤੇ ਉਭਰਦੇ ਖਿਡਾਰੀਆਂ ਨੂੰ ਐਵਾਰਡ ਦਿੱਤੇ ਜਾਂਦੇ ਹਨ। ਬਾਜਾਖਾਨਾ ਵਿਖੇ ਹਰਜੀਤ ਦੇ ਨਾਮ ਉਤੇ ਰੱਖੇ ਸਰਕਾਰੀ ਸਕੂਲ ਦੇ ਨਾਲ ਉਸ ਦੀ ਯਾਦਗਾਰ ਬਣਾਈ ਗਈ ਹੈ, ਜਿੱਥੇ ਹਰਜੀਤ ਦੇ ਦੋ ਬੁੱਤ, ਤਸਵੀਰਾਂ, ਪੇਂਟਿੰਗ, ਜੀਵਨ ਵੇਰਵਾ ਅਤੇ ਉਸ ਵੱਲੋਂ ਜਿੱਤੀਆਂ ਟਰਾਫੀਆਂ ਤੇ ਕੱਪ ਰੱਖੇ ਗਏ ਹਨ। ਹਰਜੀਤ ਕਬੱਡੀ ਖੇਡ ਵਿੱਚ ਸਦਾ ਲਈ ਅਮਰ ਹੋ ਗਿਆ। ਜਦੋਂ ਹਰਜੀਤ ਦਾ ਸੜਕ ਹਾਦਸੇ ਵਿੱਚ ਦੇਹਾਂਤ ਹੋਇਆ ਸੀ ਤਾਂ ਉਸ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਇੱਕ ਥਾਂ ਜਾਂ ਪਿੰਡ ਵਿੱਚ ਨਹੀਂ, ਸਗੋਂ ਪਿੰਡ-ਪਿੰਡ ਹੋਈ ਸੀ। ਬਹੁਤ ਥਾਂਵਾਂ ਉਤੇ ਹਰਜੀਤ ਬਾਜਾਖਾਨਾ ਨਮਿੱਤ ਅੰਤਿਮ ਅਰਦਾਸ ਹੋਈ।

ਹਰਜੀਤ ਦਾ ਜਨਮ 5 ਦਸੰਬਰ 1971 ਨੂੰ ਬਾਜਾਖਾਨਾ ਵਿਖੇ ਪੁਲਿਸ ਇੰਸਪੈਕਟਰ ਬਖਸ਼ੀਸ਼ ਸਿੰਘ ਬਰਾੜ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਹੋਇਆ। ਉਹ ਤਿੰਨ ਭਰਾਵਾਂ ਵਿੱਚੋਂ ਸਭ ਤੋ ਛੋਟਾ ਸੀ। ਇੱਕ ਭਰਾ ਸਰਬਜੀਤ ਸਿੰਘ ਪਹਿਲਾਂ ਹੀ ਇਸ ਜਹਾਨੋਂ ਤੁਰ ਗਿਆ ਸੀ। ਬਾਜਾਖਾਨਾ ਵਿਖੇ ਸਰਕਾਰੀ ਸਕੂਲ ਵਿੱਚ ਪੜ੍ਹਦਿਆਂ ਹਰਜੀਤ ਨੇ ਮੱਘਰ ਸਿੰਘ ਡੀ.ਪੀ.ਈ. ਤੋਂ ਕਬੱਡੀ ਦੇ ਮੁਢਲੇ ਗੁਰ ਸਿੱਖੇ। ਇਸ ਦੌਰਾਨ ਉਹ ਪਹਿਲੀ ਵਾਰ ਗੁਹਾਟੀ ਵਿਖੇ ਜੂਨੀਅਰ ਕੌਮੀ ਸਕੂਲ ਖੇਡਾਂ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਗਿਆ। ਪਿੰਡ ਤੋਂ ਮੈਟ੍ਰਿਕ ਕਰਨ ਤੋਂ ਬਾਅਦ ਹਰਜੀਤ ਨੇ ਅਗਲੇਰੀ ਪੜ੍ਹਾਈ ਲਈ ਸਪੋਰਟਸ ਸਕੂਲ ਜਲੰਧਰ ਵਿਖੇ ਦਾਖਲਾ ਲੈ ਲਿਆ, ਜਿੱਥੇ ਪ੍ਰਸਿੱਧ ਕੋਚ ਅਜੀਤ ਸਿੰਘ ਮਾਲੜੀ ਦੀ ਦੇਖ-ਰੇਖ ਹੇਠ ਉਸ ਦੀ ਖੇਡ ਵਿੱਚ ਹੋਰ ਵੀ ਨਿਖਾਰ ਆਇਆ।

ਛੈਲ-ਛਬੀਲਾ ਗੱਭਰੂ ਹਰਜੀਤ ਨਰੋਏ ਜੁੱਸੇ ਦਾ ਮਾਲਕ ਹੋਣ ਕਾਰਨ ਕਬੱਡੀ ਤੋਂ ਪਹਿਲਾਂ ਸ਼ਾਟਪੁੱਟ ਥਰੋਅ ਸੁੱਟਦਾ ਰਿਹਾ ਅਤੇ ਕੁਸ਼ਤੀ ਅਖਾੜੇ ਵਿੱਚ ਘੁਲਦਾ ਰਿਹਾ। ਉਹ ਪੰਜਾਬ ਸਕੂਲ ਖੇਡਾਂ ਵਿੱਚ ਕੁਸ਼ਤੀ ਚੈਂਪੀਅਨ ਵੀ ਰਿਹਾ। ਇਸ ਤੋਂ ਬਾਅਦ ਉਹ ਕੁਲਵਕਤੀ ਕਬੱਡੀ ਖੇਡ ਨੂੰ ਸਮਰਪਿਤ ਹੋ ਗਿਆ। ਰੋਜ਼ਾਨਾ ਸਵੇਰੇ-ਸ਼ਾਮ ਦੋ-ਢਾਈ ਘੰਟੇ ਵਰਜ਼ਿਸ਼ ਕਰਨੀ। ਉਹ ਦੌੜਾਂ ਵੀ ਦੌੜਦਾ, ਭਾਰ ਚੁੱਕਦਾ ਅਤੇ ਡੰਡ-ਬੈਠਕਾਂ ਲਾਉਂਦਾ। ਸਖਤ ਮਿਹਨਤ ਨੇ ਉਸ ਦਾ ਸਰੀਰ ਦਰਸ਼ਨੀ ਬਣਾ ਦਿੱਤਾ। ਸ਼ੁਰੂਆਤੀ ਦੌਰ ਵਿੱਚ ਉਹ ਚੰਗਾ ਜਾਫੀ ਬਣਨਾ ਚਾਹੁੰਦਾ ਸੀ। ਮੁੱਢਲੇ ਸਮੇਂ ਵਿੱਚ ਪਿੰਡ ਗਾਜੀਆਣਾ ਵਿਖੇ ਕਾਲੇ ਦੇ ਕੋਲ ਰਹਿ ਕੇ ਹਰਜੀਤ ਪ੍ਰੈਕਟਿਸ ਵੀ ਕਰਦਾ ਰਿਹਾ। ਹੁੰਦੜਹੇਲ ਹਰਜੀਤ ਦਾ ਕੱਦ ਛੇ ਫੁੱਟ ਅਤੇ ਭਾਰ ਕੁਇੰਟਲ ਤੋਂ ਵੱਧ ਸੀ। ਗੁੰਦਵੇਂ ਸਰੀਰ ਦੇ ਮਾਲਕ ਹਰਜੀਤ ਦੇ ਪੱਟਾਂ ’ਤੇ ਘੁੱਗੀਆਂ ਅਤੇ ਡੌਲੇ ਉਤੇ ਗਠਲੀਆਂ ਪੈਂਦੀਆਂ ਸਨ। ਕਬੱਡੀ ਖੇਡ ਵਿੱਚ ਤਕੜਾ ਅਤੇ ਦਰਸ਼ਨੀ ਸਰੀਰ ਬਣਾਉਣ ਦਾ ਰੁਝਾਨ ਉਸ ਤੋਂ ਬਾਅਦ ਵਧਿਆ। ਹਰਜੀਤ ਸੁਭਾਅ ਦਾ ਚੰਗਾ ਅਤੇ ਹੱਸ ਕੇ ਕਬੱਡੀ ਪਾਉਣ ਲਈ ਜਾਣਿਆ ਜਾਂਦਾ ਸੀ। ਉਸ ਨੇ ਮਾੜੇ ਖਿਡਾਰੀ ਨਾਲ ਕਿਤੇ ਧੱਕਾ ਨਹੀਂ ਕੀਤਾ।


ਹਰਜੀਤ ਦਾ ਰੇਡ ਪਾਉਣ ਦਾ ਦਿਲਕਸ਼ ਤੇ ਖਿੱਚਵਾਂ ਸਟਾਈਲ ਸੀ, ਜੋ ਧਰਤੀ ਨੂੰ ਮੱਥਾ ਟੇਕ ਕੇ ਉਪਰ ਅਸਮਾਨ ਵੱਲ ਸਿਰ ਕਰ ਕੇ ਰੇਡ ਦੀ ਸ਼ੁਰੂਆਤ ਕਰਦਾ ਸੀ। ਉਹ ਭੱਜ ਕੇ ਜਾਣ ਤੋਂ ਬਾਅਦ ਜਾਫੀਆਂ ਕੋਲ ਹੌਲੀ-ਹੌਲੀ ਬੋਚ ਕੇ ਪੱਬ ਧਰਦਾ ਹੋਇਆ ਦੋਵੇਂ ਬਾਹਾਂ ਉਪਰ ਨੂੰ ਖਿਲਾਰ ਕੇ ਇਕਦਮ ਜਾਫੀਆਂ ਉਤੇ ਹੱਥ ਨਾਲ ਝਪਟ ਮਾਰਦਾ। ਕਈ ਵਾਰ ਤਾਂ ਉਹ ਜਾਫੀ ਨੂੰ ਛਾਤੀ ਉਤੇ ਹੀ ਆਪਣੇ ਮਣਾਂ ਮੂੰਹੀ ਜ਼ੋਰ ਨਾਲ ਪਿੱਛੇ ਧੱਕ ਕੇ ਵਾਪਸ ਪੁਆਇੰਟ ਲੈ ਕੇ ਮੁੜ ਆਉਂਦਾ। ਉਹ ਜ਼ਿਆਦਾ ਖੁਸ਼ੀ ਵਿੱਚ ਵਾਰੋ-ਵਾਰੀ ਲੱਤਾਂ ਚੁੱਕਦਾ ਹੋਇਆ ਉਪਰ ਨੂੰ ਹੱਥ ਕਰ ਕੇ ਭੰਗੜਾ ਵੀ ਪਾਉਂਦਾ। ਬਹੁਤ ਹੀ ਘੱਟ ਮੌਕਾ ਹੁੰਦਾ, ਜਦੋਂ ਉਸ ਨੂੰ ਜਾਫੀ ਕੋਲੋਂ ਪੁਆਇੰਟ ਲੈਣ ਲਈ ਸੰਘਰਸ਼ ਕਰਨਾ ਪੈਂਦਾ। ਕਈ ਵਾਰ ਤਾਂ ਉਹ ਪੂਰਾ ਮੈਚ ਆਪਣੇ ਪਿੰਡੇ ਨੂੰ ਬਿਨਾਂ ਮਿੱਟੀ ਲੁਆਏ ਗਰਾਊਂਡ ਤੋਂ ਬਾਹਰ ਆ ਜਾਂਦਾ।

ਹਰਜੀਤ ਨੇ ਬਾਜਾਖਾਨਾ ਤੋਂ ਆਪਣਾ ਖੇਡ ਕਰੀਅਰ ਸ਼ੁਰੂ ਕਰਕੇ ਫੇਰ ਮੋਗਾ, ਪੈਪਸੂ ਅਤੇ ਪੰਜਾਬ ਪੁਲਿਸ ਦੀਆਂ ਟੀਮਾਂ ਵੱਲੋਂ ਖੇਡਦਿਆਂ ਭਾਰਤ ਦੀ ਵੀ ਨੁਮਾਇੰਦਗੀ ਕੀਤੀ। ਉਹ ਪੰਜ ਸਾਲ ਪੰਜਾਬ ਪੁਲਿਸ ਵੱਲੋਂ ਖੇਡਦਾ ਰਿਹਾ। ਦੇਸ਼ ਅਤੇ ਵਿਦੇਸ਼ ਦੇ ਨਾਮੀਂ ਟੂਰਨਾਮੈਂਟਾਂ ਵਿੱਚ ਉਹ ਸਰਵੋਤਮ ਧਾਵੀ ਬਣਦਾ ਰਿਹਾ, ਜਿਨ੍ਹਾਂ ਵਿੱਚ ਪੁਰੇਵਾਲ ਖੇਡਾਂ, ਸੁੱਖੀ ਯਾਦਗਾਰੀ ਨਾਭਾ, ਕਿਲਾ ਰਾਏਪੁਰ ਖੇਡਾਂ, ਗੁੱਜਰਵਾਲ, ਕਮਾਲਪੁਰਾ ਦੀਆਂ ਖੇਡਾਂ, ਬਾਬਾ ਫਰੀਦ ਗੋਲਡ ਕੱਪ ਫਰੀਦਕੋਟ ਆਦਿ ਪ੍ਰਮੁੱਖ ਸਨ। ਭਾਰਤ ਤੋਂ ਬਾਹਰ ਉਸ ਨੇ ਇੰਗਲੈਂਡ, ਪਾਕਿਸਤਾਨ, ਕੈਨੇਡਾ ਤੇ ਅਮਰੀਕਾ ਦੀ ਧਰਤੀ ਉਤੇ ਵੀ ਆਪਣੀ ਜਿੱਤ ਦੇ ਝੰਡੇ ਗੱਡੇ।

ਗੱਲ ਨੱਬਵਿਆਂ ਦੇ ਸ਼ੁਰੂ ਦੀ ਹੈ। ਗਾਲਿਬ ਦੇ ਟੂਰਨਾਮੈਂਟ ਦਾ ਫ਼ਾਈਨਲ ਰੱਜੀਵਾਲ ਤੇ ਭਿੰਡਰ ਕਲਾਂ ਵਿਚਾਲੇ ਖੇਡਿਆ ਗਿਆ। ਫ਼ਾਈਨਲ ਬਹੁਤ ਹੀ ਫਸਵਾਂ ਸੀ ਅਤੇ ਆਖਰੀ ਰੇਡ ਤੱਕ ਸਕੋਰ ਬਰਾਬਰ ਚੱਲ ਰਿਹਾ ਸੀ, ਜਿਸ ਕਾਰਨ ਆਖਰੀ ਰੇਡ ਉਤੇ ਮੈਚ ਅਤੇ ਟੂਰਨਾਮੈਂਟ ਦੇ ਕੱਪ ਦਾ ਫੈਸਲਾ ਹੋਣਾ ਸੀ। ਆਖਰੀ ਰੇਡ ਰੱਜੀਵਾਲ ਤਰਫੋਂ ਹਰਜੀਤ ਬਾਜਾਖਾਨਾ ਪਾ ਰਿਹਾ ਸੀ। ਉਸ ਵੇਲੇ ਕਬੱਡੀ ਸਾਹ ਨਾਲ ਪਾਈ ਜਾਂਦੀ ਸੀ, ਜਦੋਂ ਰੇਡਰ ਨੇ ‘ਕਬੱਡੀ, ਕਬੱਡੀ...’ ਬੋਲਣਾ ਹੁੰਦਾ ਸੀ। ਅੱਜ ਦੇ ਸਮੇਂ ਵਾਂਗ 30 ਸਕਿੰਟ ਦੀ ਕਬੱਡੀ ਨਹੀਂ ਹੁੰਦੀ ਸੀ। ਮੈਚ ਦੀ ਰੈਫਰੀ ਕਰ ਰਹੇ ਪ੍ਰਿੰਸੀਪਲ ਸਰਵਣ ਸਿੰਘ ਨੇ ਰੇਡ ਤੋਂ ਪਹਿਲਾਂ ਹਰਜੀਤ ਨੂੰ ਚਿਤਾਵਨੀ ਦਿੰਦਿਆਂ ਆਖਿਆ ਸੀ ਕਿ ਉਚੀ ਕਬੱਡੀ ਕਬੱਡੀ ਬੋਲ ਕੇ ਰੇਡ ਪਾਉਣੀ ਹੈ ਤਾਂ ਜੋ ਦਰਸ਼ਕਾਂ ਨੂੰ ਸਾਹ ਟੁੱਟਣ ਦਾ ਕੋਈ ਵਹਿਮ ਨਾ ਰਹੇ। ਹਰਜੀਤ ਨੇ ਹੰਦਿਆਂ ਤੋਂ ਹੀ ਉਚੀ ਬੋਲ ਕੇ ਰੇਡ ਪਾਈ ਅਤੇ ਉਸ ਨੂੰ ਜੱਫਾ ਬੰਤੇ ਨੇ ਲਗਾਇਆ ਜੋ ਕਿ ਛੋਟੇ ਹੁੰਦਿਆਂ ਤੋਂ ਹਰਜੀਤ ਦਾ ਪ੍ਰੇਰਨਾ ਸ੍ਰੋਤ ਹੁੰਦਾ ਸੀ। ਹਰਜੀਤ ਨੇ ਆਪਣੇ ਦਮ ਨਾਲ ਬੰਤੇ ਨੂੰ ਖਿੱਚ ਕੇ ਲਿਜਾਂਦਿਆਂ ਹੰਦਿਆਂ ਨੂੰ ਹੱਥ ਲਗਾ ਕੇ ਜੇਤੂ ਅੰਕ ਬਟੋਰਿਆ। ਉਸ ਰੇਡ ਤੋਂ ਬਾਅਦ ਹਰਜੀਤ ਦੀ ਗੁੱਡੀ ਚੜ੍ਹ ਗਈ। ਉਸ ਸਮੇਂ ਕਰੀਬ 40-45 ਸਕਿੰਟ ਰੇਡ ਚੱਲੀ ਜਿਸ ਤੋਂ ਬਾਅਦ ਕਬੱਡੀ ਦੀ ਰੇਡ ਦਾ ਸਮਾਂ ਨਿਰਧਾਰਤ ਕਰਨ ਦੀ ਮੰਗ ਉਠੀ।

1995 ਵਿੱਚ ਕੈਨੇਡਾ ਵਿਖੇ ਕਬੱਡੀ ਕੱਪ ਹੋਇਆ। ਪਹਿਲੀ ਵਾਰ ਮੈਟ ਉਤੇ ਕਬੱਡੀ ਦਾ ਮੈਚ ਖੇਡਿਆ ਗਿਆ ਸੀ। ਮੈਚ ਵੀ ਇੰਡੋਰ ਹਾਲ ਵਿੱਚ ਹੋਇਆ। 14000 ਦਰਸ਼ਕਾਂ ਸਾਹਮਣੇ ਭਾਰਤ-ਪਾਕਿਸਤਾਨ ਵਿਚਾਲੇ ਖੇਡੇ ਇਸ ਮੈਚ ਨੂੰ ਕਬੱਡੀ ਦੇ ਸਰਵੋਤਮ ਮੈਚਾਂ ਵਿੱਚ ਗਿਣਿਆ ਜਾਂਦਾ ਹੈ। ਇਸੇ ਸਾਲ ਅਗਸਤ ਮਹੀਨੇ ਵੈਨਕੂਵਰ ਵਿਖੇ ਪਾਕਿਸਤਾਨ ਖਿਲਾਫ ਖੇਡੇ ਮੈਚ ਵਿੱਚ ਭਾਰਤ ਤਰਫੋਂ ਰੇਡਰਾਂ ਦੀ ਲਾਈਨ ਵਿੱਚ ਹਰਜੀਤ, ਫਿੱਡੂ, ਸੱਬਾ ਤੇ ਗਾਂਧੀ ਸੀ। ਉਸ ਵੇਲੇ ਪਾਕਿਸਤਾਨੀ ਖੇਡ ਪ੍ਰੋਮੋਟਰਾਂ ਨੇ ਐਲਾਨ ਕੀਤਾ ਕਿ ਜਿਹੜਾ ਵੀ ਪਾਕਿਸਤਾਨੀ ਜਾਫੀ ਭਾਰਤੀ ਰੇਡਰਾਂ ਨੂੰ ਡੱਕੇਗਾ, ਉਸ ਨੂੰ ਪਾਕਿਸਤਾਨੀ ਕਰੰਸੀ ਵਿੱਚ ਇਕ ਲੱਖ ਰੁਪਿਆ ਦਿੱਤਾ ਜਾਵੇਗਾ। ਕੋਈ ਵੀ ਜਾਫੀ ਕਿਸੇ ਵੀ ਰੇਡਰ ਨੂੰ ਜੱਫਾ ਨਾ ਲਾ ਸਕਿਆ। ਹਰਜੀਤ ਇਨ੍ਹਾਂ ਰੇਡਰਾਂ ਵਿੱਚੋਂ ਸਭ ਤੋਂ ਮੋਹਰੀ ਸੀ। ਹਰਜੀਤ ਦੀ ਪੂਰੀ ਦੁਨੀਆਂ ਵਿੱਚ ਗੁੱਡੀ ਚੜ੍ਹ ਗਈ।

ਹਰਜੀਤ ਨੇ ਆਪਣਾ ਆਖਰੀ ਮੁਕਾਬਲਾ ਅਪਰੈਲ 1998 ਵਿੱਚ ਪੰਜਾਬ ਵਿਖੇ ਹੋਏ ਭਾਰਤ-ਪਾਕਿਸਤਾਨ ਦੀ ਲੜੀ ਵਿੱਚ ਖੇਡਿਆ ਸੀ। ਫਰੀਦਕੋਟ ਵਿਖੇ ਉਸ ਨੇ ਆਪਣਾ ਆਖਰੀ ਮੈਚ ਖੇਡਿਆ ਸੀ, ਜਿਸ ਮੈਚ ਦੌਰਾਨ ਉਸ ਦਾ ਗੁੱਟ ਉਤਰ ਗਿਆ ਸੀ। ਵਿਸਾਖੀ ਮੌਕੇ ਤਲਵੰਡੀ ਸਾਬੋ ਵਿਖੇ ਹੋਏ ਭਾਰਤ-ਪਾਕਿਸਤਾਨ ਮੈਚ ਦੌਰਾਨ ਗੁੱਟ ਉਤੇ ਪਲੱਸਤਰ ਲੱਗਿਆ ਹੋਣ ਕਰਕੇ ਹਰਜੀਤ ਖੇਡ ਨਹੀਂ ਸਕਿਆ ਸੀ। ਇਸ ਤੋਂ ਕੁਝ ਦਿਨਾਂ ਬਾਅਦ ਹਰਜੀਤ ਸੜਕ ਹਾਦਸੇ ਵਿੱਚ ਅਲਵਿਦਾ ਆਖ ਗਿਆ। ਹਰਜੀਤ ਦਾ ਵਿਆਹ ਕੈਨੇਡਾ ਵਸਦੀ ਖੋਜੇਵਾਲਾ ਦੀ ਰਹਿਣ ਵਾਲੀ ਨਰਿੰਦਰਜੀਤ ਕੌਰ ਨਾਲ ਹੋਇਆ ਸੀ। ਜਦੋਂ ਉਸ ਦਾ ਦੇਹਾਂਤ ਹੋਇਆ ਤਾਂ ਉਸ ਦੀ ਬੇਟੀ ਗਗਨ ਕੁਝ ਦਿਨਾਂ ਦੀ ਸੀ। ਹਰਜੀਤ ਦੀ ਯਾਦ ਵਿੱਚ ਹਰ ਸਾਲ ਬਾਜਾਖਾਨਾ ਵਿਖੇ 1 ਤੋਂ 3 ਦਸੰਬਰ ਤੱਕ ਕਬੱਡੀ ਕੱਪ ਹੁੰਦਾ ਹੈ। ਪੰਜਾਬ ਤੋਂ ਦਿੱਲੀ ਤੱਕ ਸ਼ਾਇਦ ਹੀ ਕੋਈ ਅਜਿਹਾ ਢਾਬਾ ਹੋਵੇ, ਜਿੱਥੇ ਹਰਜੀਤ ਦਾ ਪੋਸਟਰ ਨਾ ਲੱਗਿਆ ਹੋਵੇ। ਉਸ ਉਪਰ ਅਨੇਕਾਂ ਗੀਤ ਲਿਖੇ ਗਏ ਅਤੇ ਕਈ ਗਾਇਕਾਂ ਨੇ ਗਾਇਆ। ਹਰਜੀਤ ਦਾ ਨਾਮ ਕਬੱਡੀ ਖੇਡ ਵਿੱਚ ਰਹਿੰਦੀ ਦੁਨੀਆਂ ਤੱਕ ਲਿਆ ਜਾਂਦਾ ਰਹੇਗਾ।







*ਹਰਜੀਤ ਸਿੰਘ ਬਾਜਾਖਾਨਾ, ਉਸ ਦੀ ਪਤਨੀ ਤੇ ਬੱਚੇ ਦੀ ਇੱਕ ਪੁਰਾਣੀ ਤਸਵੀਰ*

ਸਮੀਖਿਆ

# ਜਿਹਨੇ ਲਾਹੌਰ ਨਹੀਂ ਦੇਖਿਆ...

ਡਾ. ਆਤਮਜੀਤ
ਵ੍ਹੱਟਸਐਪ: +91-9876018501



ਕਿਸੇ ਟੂਰਿਸਟ ਨੇ ਲਾਹੌਰ ਅਤੇ ਸਮੁੱਚੇ ਲਹਿੰਦੇ ਪੰਜਾਬ ਬਾਰੇ ਬੜੇ ਕੌੜੇ ਬੋਲ ਲਿਖੇ ਹਨ। ਉਹ ਪੁੱਛਦਾ ਹੈ, "ਉੱਥੇ ਖਾਣ-ਪੀਣ ਤੋਂ ਇਲਾਵਾ ਹੋਰ ਹੈ ਕੀ? ਉੱਥੇ ਦੇ ਮੌਲ ਮਜ਼ਾਕ ਹਨ, ਨੌਜਵਾਨਾਂ ਵਾਸਤੇ ਕੁਝ ਵੀ ਨਹੀਂ ਹੈ, ਅਮਰੀਕਾ ਦੇ ਮੁਕਾਬਲੇ ਵਾਲੇ ਪਾਰਕ, ਮਨੋਰੰਜਨ ਦੇ ਸਥਾਨ, ਝੀਲਾਂ ਜਾਂ ਤਲਾਅ ਨਹੀਂ ਹਨ; ਕੁਦਰਤ ਦੇ ਖ਼ੂਬਸੂਰਤ ਨਜ਼ਾਰੇ ਵੀ ਨਹੀਂ ਹਨ। ਤੇ ਨਾ ਹੀ ਡੁਬਈ ਵਰਗੇ ਮੌਲ ਹਨ, ਜਿੱਥੇ ਘੱਟੋ-ਘੱਟ ਘੁੰਮਿਆ ਤਾਂ ਜਾ ਸਕਦਾ ਹੈ।" ਦੂਜੇ ਪਾਸੇ ਚੜ੍ਹਦੇ ਪੰਜਾਬ ਦੇ ਲੋਕਾਂ ਵੱਲ ਦੇਖੋ; ਉਹ ਲਾਹੌਰ 'ਤੇ ਜਾਨ ਦੇਂਦੇ ਹਨ। ਉਨ੍ਹਾਂ ਅਨੁਸਾਰ 'ਜਿਹਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆਂ ਈ ਨਹੀਂ।' ਏਸੇ ਲਈ ਵਰਿਆਮ ਸੰਧੂ ਆਪਣੇ ਸਫ਼ਰਨਾਮੇ 'ਵਗਦੀ ਏ ਰਾਵੀ' ਵਿਚ ਲਿਖਦਾ ਹੈ: "ਮੇਰੀ ਇਹ ਲਿਖਤ ਨਾਵਾਂ, ਥਾਵਾਂ ਤੇ ਇਮਾਰਤਾਂ ਦੇ ਦਰਸ਼ਨਾਂ ਦਾ ਵੇਰਵਾ ਦੇਣ ਵਾਲੀ ਨਹੀਂ...। ਇਹ ਮਨਾਂ ਤੋਂ ਮਨਾਂ ਤਕ ਦਾ ਤਰਲ ਬਿਰਤਾਂਤ ਹੈ। ਇਹ ਸਿਰਫ਼ ਸੱਤਾਂ ਦਿਨਾਂ ਦਾ ਵੇਰਵਾ ਨਹੀਂ, ਇਹਦੇ ਪਿੱਛੇ ਤਾਂ ਸੱਤਾਂ ਪੁਸ਼ਤਾਂ ਦਾ ਦਰਦ ਬੋਲਦਾ ਹੈ।"

ਭਾਰਤੀ ਪੰਜਾਬੀਆਂ ਲਈ ਲਾਹੌਰ ਇਨਸਾਨ ਹੈ; ਸ਼ਹਿਰ ਘੱਟ ਤੇ ਉਨ੍ਹਾਂ ਦਾ ਵਡੇਰਾ ਜ਼ਿਆਦਾ। ਇਸੇ ਲਈ ਰਵਿੰਦਰ ਸਹਿਰਾਅ ਉਸ ਸ਼ਹਿਰ ਨਾਲ ਗੱਲਾਂ ਕਰਨ ਗਿਆ। ਪੁਸਤਕ ਵਿਚ ਉਸਨੇ ਆਪਣੀਆਂ ਦੋ ਪਾਕਿਸਤਾਨੀ ਫ਼ੇਰੀਆਂ ਦਾ ਦੋ ਭਾਗਾਂ ਵਿਚ ਜ਼ਿਕਰ ਕੀਤਾ ਹੈ। ਰਵਿੰਦਰ ਸਹਿਰਾਅ ਦੇ ਸਫ਼ਰਨਾਮੇ ਦੀਆਂ ਬਹੁਤ ਸਾਰੀਆਂ ਵਿਲੱਖਣਤਾਵਾਂ ਹਨ: (1) ਸਾਹਨੀ ਅਤੇ ਸੰਧੂ ਦੇ ਸਫ਼ਰਨਾਮੇ ਪੁਰਾਣੇ ਸਮੇਂ ਨਾਲ ਸੰਬੰਧ ਰੱਖਦੇ ਹਨ, ਜਦੋਂ ਕਿ ਸਹਿਰਾਅ ਪਿਛਲੇ ਤਿੰਨ ਚਾਰ ਸਾਲਾਂ ਦੌਰਾਨ ਦੋ ਵਾਰੀ ਉੱਥੇ ਗਿਆ; ਇਸ ਸਮੇਂ ਵਿਚ ਪਾਕਿਸਤਾਨੀ ਸਮਾਜ, ਰਾਜਨੀਤੀ ਅਤੇ ਆਮ ਲੋਕਾਂ ਦੀ ਸੋਚ ਵਿਚ ਬਹੁਤ ਸਾਰੀਆਂ ਸਿਫ਼ਤੀ ਤਬਦੀਲੀਆਂ ਵਾਪਰੀਆਂ ਹਨ। (2) ਉਹ ਅਮਰੀਕਾ ਵਿਚ ਰਹਿੰਦਾ ਹੈ, ਇਸ ਲਈ ਉਸਦੀ ਪਾਕਿਸਤਾਨ ਨਾਲੋਂ ਟੁੱਟੇ ਹੋਣ ਦੀ ਭਾਵਨਾ ਉਨੀ ਪ੍ਰਬਲ ਨਹੀਂ, ਜਿੰਨੀ ਕਿ ਭਾਰਤੀਆਂ ਦੀ ਹੈ; ਇਸੇ ਲਈ ਉਹ ਜਜ਼ਬਾਤ ਦਾ ਬਹੁਤਾ ਬੋਝ ਨਹੀਂ ਚੁੱਕਦਾ। (3) ਜੀਵਨ ਵੱਲ ਵਿਸ਼ੇਸ਼ ਅਤੇ ਨਿਸਚਿਤ ਦ੍ਰਿਸ਼ਟੀਕੋਣ ਹੋਣ ਕਰਕੇ ਉਹ ਸਮਾਜਕ ਨਿਆਂ, ਮਨੁੱਖ ਦੀ ਬਰਾਬਰੀ ਅਤੇ ਜ਼ਿੰਦਗੀ ਪ੍ਰਤੀ ਵਿਗਿਆਨਕ ਦ੍ਰਿਸ਼ਟੀਕੋਣ ਰੱਖਦਾ ਹੈ। (4) ਉਹ ਬਹੁਤ ਸੰਖੇਪ ਹੈ; ਗੱਲ ਨੂੰ ਫ਼ੈਲਾਉਣ ਦੀ ਉਸਨੂੰ ਜਾਚ ਨਹੀਂ; ਇਹ ਕਮਜ਼ੋਰੀ ਵੀ ਹੈ ਅਤੇ ਤਾਕਤ ਵੀ। ਉਹ ਇਨ੍ਹਾਂ ਚਾਰਾਂ ਪੱਖਾਂ ਨੂੰ ਕਦੇ ਅੱਖੋਂ-ਪਰੋਖੇ ਨਹੀਂ ਕਰਦਾ। ਇਨ੍ਹਾਂ ਕਾਰਨਾਂ ਕਰਕੇ ਹੀ ਉਸਦਾ ਸਫ਼ਰਨਾਮਾ ਵੱਖਰੀ ਖਿੱਚ ਪਾਉਂਦਾ ਹੈ।

ਰਵਿੰਦਰ ਸਹਿਰਾਅ ਨੇ ਸਿਰਫ਼ ਲਾਹੌਰ ਦੀ ਹੀ ਯਾਤਰਾ ਨਹੀਂ ਕੀਤੀ, ਪਾਕਪਟਨ, ਹਸਨ ਅਬਦਾਲ (ਪੰਜਾ ਸਾਹਿਬ), ਮਲਕਾ ਹਾਂਸ, ਜੰਡਿਆਲਾ ਸ਼ੇਰ ਖਾਂ, ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ ਆਦਿ ਥਾਵਾਂ ਦਾ ਵੀ ਸਫ਼ਰ ਅਤੇ ਜ਼ਿਕਰ ਕੀਤਾ ਹੈ। ਪਾਕਿਸਤਾਨ ਦੇ ਲੋਕਾਂ ਅਤੇ ਜ਼ਿੰਦਗੀ ਬਾਰੇ ਉਸਦੇ ਠੋਸ ਵਿਚਾਰ ਹਨ। ਉਸਨੂੰ ਉੱਥੋਂ ਦੀ ਜ਼ਿੰਦਗੀ ਦੇ ਹਾਲਾਤ ਬਹੁਤੇ ਖ਼ੁਸ਼ਗਵਾਰ ਨਹੀਂ ਲਗਦੇ। ਮੋਟਰਵੇ ਤਾਂ ਵਰਲਡ-ਕਲਾਸ ਹਨ, ਪਰ ਪਿੰਡਾਂ ਵੱਲ ਜਾਂਦੀਆਂ ਸੜਕਾਂ ਦੀ ਹਾਲਤ ਖਸਤਾ ਹੈ। ਨਨਕਾਣਾ ਸਾਹਿਬ ਤੋਂ ਗੁਰਦਵਾਰਾ ਸੱਚਾ ਸੌਦਾ ਚੂਹੜਕਾਨਾ ਜਾਣ ਵਕਤ ਉਸਨੂੰ ਅੰਦਰਲੀਆਂ ਸੜਕਾਂ ਤੇ ਸਫ਼ਰ ਕਰਨਾ ਪਿਆ। ਉਸਨੇ ਉੱਥੇ ਦੇਖੇ "ਬਿਲਕੁਲ ਮਾਝੇ ਜਾਂ ਮਾਲਵੇ ਦੇ ਪੁਰਾਣੇ ਪਿੰਡਾਂ ਵਰਗੇ ਰਾਹਾਂ ਕੰਢੇ ਕੂੜੇ ਦੇ ਢੇਰ, ਪਾਥੀਆਂ, ਛੱਪੜ, ਠੂਹਲੇ, ਨੰਗ-ਧੜੰਗੇ ਖੇਡਦੇ ਬੱਚੇ ਤੇ ਡੌਰ-ਭੌਰ ਜਿਹੇ ਬਜ਼ੁਰਗ ਅਤੇ ਬਜ਼ੁਰਗ ਔਰਤਾਂ।"

ਬਾਬਾ ਫ਼ਰੀਦ ਦੀ ਪਾਕਪਟਨ ਦੀ ਦਰਗਾਹ 'ਤੇ ਕੁਝ ਮੰਗਤੀਆਂ ਨੇ ਲੇਖਕ ਦੀ ਪਤਨੀ ਨੀਰੂ ਸਹਿਰਾਅ ਦਾ ਪਰਸ ਖੋਹਣ ਦੀ ਕੋਸ਼ਿਸ਼ ਵੀ ਕੀਤੀ। ਜੇਕਰ ਇਹੋ ਜਿਹੀਆਂ ਦਰਗਾਹਾਂ ਦਾ ਇਹ ਹਾਲ ਹੈ ਤਾਂ ਬਾਕੀ ਥਾਵਾਂ 'ਤੇ ਕੀ ਹੁੰਦਾ ਹੋਵੇਗਾ? ਸਹਿਰਾਅ ਸਾਰੀਆਂ ਸਥਿਤੀਆਂ ਦਾ ਬਹੁਤ ਸੁਹਣਾ ਅਤੇ ਤਰਕਮਈ ਨਤੀਜਾ ਕੱਢਦਾ ਹੈ ਕਿ ਇਹ ਸਾਡੀਆਂ ਹਕੂਮਤਾਂ ਦਾ ਨੁਕਸ ਹੈ, ਜਿਹੜੀਆਂ ਲੋਕਾਂ ਨੂੰ ਰੋਜ਼ੀ-ਰੋਟੀ ਮੁਹੱਈਆ ਨਹੀਂ ਕਰਵਾ ਸਕੀਆਂ। ਜਦੋਂ ਪਾਕਿਸਤਾਨ




ਬਣਿਆਂ ਸੀ, ਉਦੋਂ ਕਈ ਸਾਲ ਤਕ ਉੱਥੋਂ ਦੀ ਮਈਸ਼ਤ/ਆਰਥਿਕਤਾ ਬਹੁਤ ਸਥਿਰ ਸੀ ਅਤੇ ਪਾਕਿਸਤਾਨੀ ਰੁਪਿਆ ਸਾਡੇ ਰੁਪਏ ਤੋਂ ਮਜ਼ਬੂਤ ਸੀ। ਅੱਜ ਦੀ ਹਾਲਤ ਇਹ ਹੈ ਕਿ ਇਕ ਭਾਰਤੀ ਰੁਪਏ ਵਾਸਤੇ ਸਵਾ ਤਿੰਨ ਪਾਕਿਸਤਾਨੀ ਰੁਪਏ ਦਰਕਾਰ ਹਨ। ਪਾਕਪਟਨ ਦੀਆਂ ਕੁਝ ਅੰਦਰਲੀਆ ਥਾਵਾਂ 'ਤੇ ਔਰਤਾਂ ਦੇ ਜਾਣ ਦੀ ਮਨਾਹੀ ਹੋਣੀ ਅਤੇ ਵਾਰਿਸ ਦੀ ਮੂਲ ਹੱਥ-ਲਿਖਤ ਦਾ ਮੌਲਵੀ ਦੁਆਰਾ ਚੋਰੀ ਕੀਤੇ ਜਾਣ ਦਾ ਖ਼ਦਸ਼ਾ ਵੀ ਰਵਿੰਦਰ ਨੂੰ ਦੁੱਖ ਦੇਂਦਾ ਹੈ। ਉਹ ਖ਼ੁਸ਼ ਸੀ ਕਿ ਬਾਰਡਰ ਉੱਤੇ ਭਾਰਤੀ ਪਾਸਾ ਵਧੇਰੇ ਮਾਂਜਿਆ-ਸੰਵਰਿਆ ਹੋਇਆ ਸੀ, ਜਦੋਂ ਕਿ ਪਾਕਿਸਤਾਨੀ ਪਾਸੇ ਦੀ ਹਾਲਤ ਬਹੁਤੀ ਸੁਖਾਵੀਂ ਨਹੀਂ ਸੀ।

ਪਰ ਜਦੋਂ ਰਵਿੰਦਰ ਸਹਿਰਾਅ ਸਹੀ ਮਾਇਨਿਆਂ ਵਿਚ ਲਾਹੌਰ ਨਾਲ ਗੱਲਾਂ ਕਰਦਾ ਹੈ ਤਾਂ ਉਸਦੇ ਸਨਮੁਖ ਉੱਥੋਂ ਦੇ ਬਹੁਤ ਪਿਆਰੇ ਲੋਕ ਹਨ। ਉਹ ਜਜ਼ਬਾਤੀ ਹੋਣ ਤੋਂ ਬਗੈਰ ਪੁਰਾਤਨ ਸਾਂਝ ਅਤੇ ਲੋਕਾਂ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਤੇ ਪਿਆਰ ਦੀ ਕਦਰ ਕਰਦਾ ਹੈ। ਉੱਥੇ ਜਾਣ ਤੋਂ ਪਹਿਲਾਂ ਇਸ ਜੋੜੀ ਨੂੰ ਪਤਾ ਨਹੀਂ ਸੀ ਲਗਦਾ ਕਿ ਉਨ੍ਹਾਂ ਨੂੰ ਪਾਕਿਸਤਾਨ ਕੌਣ ਦਿਖਾਏਗਾ। ਪਰ ਜਿਸ ਤਰ੍ਹਾਂ ਉੱਥੋਂ ਦੇ ਪੰਜਾਬੀਆਂ ਨੇ ਉਸਦਾ ਸਵਾਗਤ ਕੀਤਾ, ਉਸ ਵਿਚੋਂ ਲਾਹੌਰ ਦਾ ਅਸਲੀ ਚਿਹਰਾ ਦਿੱਸਦਾ ਹੈ। ਜਿਵੇਂ ਵਕੀਲ ਤਾਹਿਰ ਸੰਧੂ ਨੇ ਉਨ੍ਹਾਂ ਨੂੰ ਵਾਹਗੇ ਬਾਰਡਰ ਤੋਂ ਲਿਆਂਦਾ ਅਤੇ ਅਗਲੇ ਦਿਨ ਜਿਸ ਤਰ੍ਹਾਂ ਚਿੰਤਕ ਮੁਸ਼ਤਾਕ ਸੂਫ਼ੀ ਹੋਰੀਂ ਉਸਨੂੰ ਬਾਬਾ ਬੁਲ੍ਹਾ ਸ਼ਾਹ ਦੀ ਮਜ਼ਾਰ 'ਤੇ ਲੈ ਕੇ ਗਏ, ਗੱਡੀ ਦਾ ਡਰਾਈਵਰ ਅਤੇ ਬਜ਼ੁਰਗ ਸੂਫ਼ੀ ਗਾਇਕ ਸਭ ਨੇ ਉਸਦਾ ਮਨ ਮੋਹ ਲਿਆ। ਤਾਹਿਰ ਅਤੇ ਮੁਸ਼ਤਾਕ ਸੂਫ਼ੀ ਦਾ ਅੰਗ-ਸੰਗ ਰਹਿਣਾ ਉਸਨੂੰ ਲਾਹੌਰ ਦੇ ਬਹੁਤ ਨੇੜੇ ਲੈ ਗਿਆ ਤੇ ਦਿਲੀ ਗੱਲਾਂ ਹੋਈਆਂ। ਰਵਿੰਦਰ ਦੱਸਦਾ ਹੈ ਕਿ ਉੱਥੋਂ ਦੇ ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਬਾਰੇ ਬੜੀ ਦੇਰ ਤੋਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਸੰਬੰਧ ਵਿਚ ਇਕ ਪਾਕਿਸਤਾਨੀ ਵਕੀਲ ਨੇ ਭਗਤ ਸਿੰਘ ਫ਼ਾਊਂਡੇਸ਼ਨ ਵੱਲੋਂ 2018 ਵਿਚ ਇਕ ਪਟੀਸ਼ਨ ਵੀ ਦਾਖਲ ਕੀਤੀ ਹੋਈ ਹੈ। ਕਹਿੰਦੇ ਹਨ ਕਿ ਕੋਰਟ ਨੇ ਉਸਦੇ ਹੱਕ ਵਿਚ ਫ਼ੈਸਲਾ ਵੀ ਦੇ ਦਿੱਤਾ ਹੈ, ਪਰ ਅਜੇ ਨਾਂ ਰੱਖਣਾ ਬਾਕੀ ਹੈ। ਇਹ ਚੌਕ ਜੇਲ੍ਹ ਦਾ ਉਹ ਹਿੱਸਾ ਸੀ, ਜਿੱਥੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫ਼ਾਂਸੀ ਦਿੱਤੀ ਗਈ ਸੀ। ਬਾਅਦ ਵਿਚ ਇਸ ਹਿੱਸੇ ਨੂੰ ਢਾਹ ਕੇ ਗੌਰਮਿੰਟ ਆਫ਼ੀਸਰਜ਼ ਰੈਜ਼ੀਡੈਂਟ ਕਾਲੋਨੀ ਬਣਾ ਦਿੱਤੀ ਗਈ ਸੀ। ਬਿਨਾਂ ਭਾਵੁਕ ਹੋਇਆਂ ਕਵੀ ਸਹਿਰਾਅ ਲਾਹੌਰ ਦੀਆਂ ਕੁੜੀਆ ਨੂੰ ਅਪੀਲ ਕਰਦਾ ਹੈ:



ਰਵਿੰਦਰ ਸਹਿਰਾਅ

ਲਾਹੌਰ ਵਸੇਂਦੀਓ ਕੁੜੀਓ
ਕਦੇ ਅੰਬਰਸਰ ਵੀ ਆਉ
ਸ਼ਹਿਰ ਦੇ ਗਲੀ ਮੁਹੱਲੇ ਅੰਦਰੋਂ
ਲਾਲ ਖੂਹੀ ਬਾਜ਼ਾਰ ਦੇ ਵਿੱਚੋਂ
ਸ਼ਾਦਮਾਨ ਚੌਕ 'ਚੋਂ ਲੰਘਦਿਆਂ
ਜਿੰਨੇ ਵੀ ਗ਼ਮ ਗੁੱਸੇ ਲੱਭਣ
ਝੋਲੀਆਂ ਭਰ ਕੇ ਲਿਆਉ
ਕਦੇ ਅੰਬਰਸਰ ਵੀ ਆਉ...।

ਇਹ ਹੈ ਲੋਕਾਂ ਦੀ ਲੋਕਾਂ ਨੂੰ ਇਲਤਜਾ/ਬੇਨਤੀ। ਖੂਹੀ ਬਾਜ਼ਾਰ ਉਹ ਜਗ੍ਹਾ ਹੈ, ਜਿੱਥੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਸਨ। ਉਹ ਲਾਹੌਰ ਦੀਆਂ ਕੁੜੀਆਂ ਨੂੰ ਸ਼ਾਇਦ ਇਸ ਲਈ ਸੰਬੋਧਿਤ ਹੈ, ਕਿਉਂਕਿ ਉੱਥੋਂ ਦੀਆਂ ਆਮ ਕੁੜੀਆਂ ਨੇ ਸਹਿਰਾਅ ਜੋੜੀ ਨੂੰ ਬਹੁਤ ਪਿਆਰ ਅਤੇ ਇੱਜ਼ਤ ਦਿੱਤੀ। ਸਾਫ਼ ਹੈ ਕਿ ਆਮ ਲੋਕ ਪੁਰਾਣੇ ਜ਼ਖ਼ਮਾਂ ਨੂੰ ਭੁੱਲ ਚੁੱਕੇ ਹਨ ਜਾਂ ਘੱਟੋ-ਘੱਟ ਭੁਲਣਾ ਚਾਹੁੰਦੇ ਹਨ।

ਸੁਖਾਵੀਂ ਗੱਲ ਇਹ ਸੀ ਕਿ ਰਵਿੰਦਰ ਮੁਸ਼ਤਾਕ ਸੂਫੀ ਦੇ ਕਾਵਿ-ਸੰਗ੍ਰਹਿ 'ਖੰਭ-ਸੁਨੇਹਾ' ਦੀ ਗੁਰਮੁਖੀ ਛਾਪ ਵੀ ਨਾਲ ਲੈ ਕੇ ਗਿਆ ਸੀ। ਉਸ ਪੁਸਤਕ ਉੱਤੇ ਸਮਾਗਮ ਹੋਇਆ, ਮਾਨੋਂ ਸੋਨੇ 'ਤੇ ਸੁਹਾਗਾ ਫ਼ਿਰ ਗਿਆ। ਪੰਜਾਬੀ ਪ੍ਰੋਫ਼ੈਸਰ ਕਲਿਆਣ ਸਿੰਘ, ਸ਼ਾਇਰ ਬਾਬਾ ਨਜਮੀ, ਇਕਬਾਲ ਕੈਸਰ, ਅਫ਼ਜ਼ਲ ਸਾਹਿਰ ਤੇ ਸੁਗਰਾ ਸਦਫ਼ ਜੇਹੇ ਲੇਖਕ ਤੇ ਚਿੰਤਕ ਲੋਕ ਵੀ ਉੱਥੇ ਪਹੁੰਚੇ; ਸਹਿਰਾਅ ਦੀ ਹਾਜ਼ਰੀ ਅਤੇ ਨਜ਼ਮਾਂ ਨਾਲ ਉਸਦਾ ਘੇਰਾ ਫੈਲਣ ਲੱਗਾ। ਲੇਖਕ ਨੂੰ ਚੰਗਾ ਲੱਗਾ ਕਿ ਪਾਕਿਸਤਾਨ ਵਿਚ ਲੋਕ ਆਪਣੇ ਅਦੀਬਾਂ ਅਤੇ ਪੁਰਖਿਆਂ ਦੀ ਬਹੁਤ ਇੱਜ਼ਤ ਕਰਦੇ ਹਨ। ਬਾਬਾ ਬੁਲ੍ਹਾ ਸ਼ਾਹ, ਫ਼ਰੀਦ ਅਤੇ ਵਾਰਸ ਸ਼ਾਹ ਦੇ ਮਜ਼ਾਰਾਂ ਉੱਤੇ ਫੁੱਲ ਵਰਸਾਏ ਜਾਂਦੇ ਹਨ। ਏਥੇ ਦਹਾਕਿਆਂ ਤੋਂ ਲੋਕ ਉਨ੍ਹਾਂ ਦਾ ਕਲਾਮ ਗਾ ਕੇ ਅਕੀਦਤ ਦੇ ਫੁੱਲ ਵੀ ਵਰਸਾ ਰਹੇ ਹਨ। ਪਾਕਿਸਤਾਨ ਵਰਗੇ ਫ਼ਿਊਡਲ ਸਮਾਜ ਵਿਚ ਵੀ ਹੀਰ ਵਰਗੀ ਬਾਗ਼ੀ ਔਰਤ ਦੇ ਮਕਬਰੇ ਨੂੰ 'ਮਾਈ ਹੀਰ' ਦੇ ਨਾਂ ਨਾਲ ਯਾਦ ਕੀਤਾ ਜਾਣਾ ਸਾਧਾਰਨ ਗੱਲ ਨਹੀਂ ਹੈ; ਇਹ ਅਦਬ ਦੀ ਇੱਜ਼ਤ ਹੈ। ਵੱਡੇ ਸ਼ਹਿਰਾਂ ਦਾ ਕਲਚਰ ਵੱਡੀਆਂ ਇਮਾਰਤਾਂ ਨਾਲ ਨਹੀਂ ਬਣਦਾ ਬਲਕਿ ਉਨ੍ਹਾਂ ਛੋਟੀਆਂ ਥਾਵਾਂ ਨਾਲ ਉਸਰਦਾ ਹੈ, ਜਿਨ੍ਹਾਂ ਨੂੰ ਵੱਡੇ ਬੰਦਿਆਂ ਨੇ ਭਾਗ ਲਾਇਆ ਹੁੰਦੈ।

ਇੱਦਾਂ ਦੀ ਹੀ ਇਕ ਥਾਂ ਹੈ 'ਪਾਕਿ ਟੀ ਹਾਊਸ'। ਕਦੀ ਇਸਦਾ ਨਾਂ 'ਇੰਡੀਆ ਟੀ ਹਾਊਸ' ਹੁੰਦਾ ਸੀ, ਜਿਸਨੂੰ ਇਕ ਸਿੱਖ ਨੇ ਬਣਵਾਇਆ ਸੀ। ਤਾਹਿਰ ਨੇ ਦੱਸਿਆ ਕਿ ਇੱਥੇ ਫ਼ੈਜ਼ ਅਹਿਮਦ ਫ਼ੈਜ਼, ਇਬਨੇ ਇੰਸ਼ਾ, ਅਹਿਮਦ ਫ਼ਰਾਜ਼, ਸਆਦਤ ਹਸਨ ਮੰਟੋ, ਮੁਨੀਰ ਨਿਆਜ਼ੀ, ਕਮਾਲ ਰਿਜ਼ਵੀ, ਨਾਸਿਰ ਕਾਜ਼ਮੀ ਤੇ ਉਸਤਾਦ ਅਮਾਨਤ ਅਲੀ ਖਾਂ ਵਰਗੇ ਲੋਕ ਚਾਹ ਨੂੰ ਭਾਗ ਲਾਉਂਦੇ ਹੁੰਦੇ ਸਨ। ਠੀਕ ਹੀ ਸਹਿਰਾਅ ਨੂੰ ਜਲੰਧਰ ਦੇ ਕੰਪਨੀ ਬਾਗ ਨਾਲ ਲਗਦੇ ਕਾਫ਼ੀ ਹਾਊਸ ਦੀ ਯਾਦ ਆਈ, ਜਿੱਥੇ ਸਾਹਿਤਕਾਰ ਇਕੱਠੇ ਹੁੰਦੇ ਸਨ, ਇਵੇਂ ਹੀ ਕਨਾਟ ਪਲੇਸ ਨਾਲ ਲਗਦੇ ਮੋਹਨ ਸਿੰਘ ਪਲੇਸ ਨੂੰ ਵੀ ਚੇਤੇ ਕੀਤਾ ਜਾ ਸਕਦਾ ਹੈ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਇਹ ਸਾਰੇ ਹੀ ਬੰਦ ਹੋ ਗਏ ਸਨ, ਸਿਰਫ਼ ਲਾਹੌਰ ਵਾਲਾ ਹੀ ਦੋਬਾਰਾ ਖੁੱਲ੍ਹਾ ਹੈ। ਇਹ ਹੈ ਸ਼ਹਿਰ ਦੀ ਅੰਦਰਲੀ ਤਾਕਤ! ਸ਼ਹਿਰ ਨਾਲ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ







ਖੱਬਿਓਂ: (1) ਰਵਿੰਦਰ ਸਹਿਰਾਅ ਤੇ ਉਨ੍ਹਾਂ ਦੀ ਪਤਨੀ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਮੁਸ਼ਤਾਕ ਸੂਫੀ ਨਾਲ; (2) ਪ੍ਰੋ. ਕਲਿਆਣ ਸਿੰਘ ਨਾਲ ਅਤੇ (3) ਦੁੱਲਾ ਭੱਟੀ ਦੀ ਕਬਰ 'ਤੇ

ਗੱਲਾਂ ਕਰਨ ਦਾ ਰਵਿੰਦਰ ਨੂੰ ਇਕ ਹੋਰ ਮੌਕਾ ਹਾਈ ਕੋਰਟ ਵਿਚ ਮਿਲਿਆ। ਤਾਹਿਰ ਉਸਨੂੰ ਉੱਥੇ ਲੈ ਕੇ ਗਿਆ, ਇਕ ਹਾਲ ਦੇ ਬਾਹਰ ਅਨੇਕਾਂ ਜੁੱਤੀਆਂ ਦੇ ਜੋੜੇ ਸਨ। ਪਤਾ ਲੱਗਾ ਕਿ ਅੰਦਰ ਮੁਸ਼ਾਇਰਾ ਚੱਲ ਰਿਹਾ ਹੈ। ਇਹ ਵਕੀਲਾਂ ਦਾ ਅੱਠਵਾਂ ਸਾਲਾਨਾ ਮੁਸ਼ਾਇਰਾ ਹੋ ਰਿਹਾ ਸੀ। ਕਚਹਿਰੀਆਂ ਵਿਚ ਵੀ ਸ਼ਹਿਰ ਦੀ ਖ਼ੁਸ਼ਬੂ ਸੀ। ਬਾਅਦ ਵਿਚ ਵਕੀਲ ਬੀਬੀਆਂ ਨੇ ਨੀਰੂ ਨੂੰ ਘੇਰਾ ਪਾ ਲਿਆ ਤੇ ਖ਼ੂਬ ਗੱਲਾਂ ਕੀਤੀਆਂ। ਬੁਰਕੇ ਵਿਚ ਢੱਕੀਆਂ ਪੰਜਾਬੀ 'ਹੀਰਾਂ' ਦਾ ਇਹ ਨਵਾਂ ਰੂਪ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਰਾਜ ਨਾਲ ਲਾਹੌਰ ਦੇ ਲੋਕਾਂ ਨੂੰ ਆਪਣੇ ਨੇੜੇ ਲਿਆਂਦਾ। ਉਹ ਆਪਣਾ ਦਰਬਾਰੇ ਖ਼ਾਸ ਦੀ ਬਜਾਇ ਦਰਬਾਰੇ ਆਮ ਨੂੰ ਇਸਤੇਮਾਲ ਕਰਦਾ ਸੀ। ਹਿੰਦੂ, ਸਿੱਖ ਤੇ ਮੁਸਲਿਮ ਵਿਚ ਸਮਾਨਤਾ ਸੀ। ਇਸੇ ਲਈ ਲਾਹੌਰ ਮਿਊਜ਼ੀਅਮ ਤੋਂ ਬਾਹਰ ਨਿਕਲਦਿਆਂ ਜਦੋਂ ਉਨ੍ਹਾਂ ਨੂੰ ਕਿਸੇ ਆਮ ਬੰਦੇ ਵੱਲੋਂ ਤਪਾਕ ਨਾਲ ਕੋਲਡ ਡਰਿੰਕ ਮਹਿਮਾਨ ਵਜੋਂ ਪਿਆਈ ਤਾਂ ਇਹ ਇਤਿਹਾਸ ਨਾਲ ਉਹ ਮੂਕ ਵਾਰਤਾਲਾਪ ਸੀ, ਜਿਸ ਵਿਚ ਸਾਂਝ ਪਰੁੱਚੀ ਹੋਈ ਸੀ। ਰਵਿੰਦਰ ਦੀਆਂ ਅੱਖਾਂ ਨਮ ਹੋ ਗਈਆਂ ਸਨ। ਅਫ਼ਜ਼ਲ ਸਾਹਿਰ ਦੀ ਨਜ਼ਮ ਦਾ ਇਹ ਟੋਟਾ ਭਲਾ ਕਿਹੜੇ ਪੰਜਾਬ ਦਾ ਹੈ?


ਮਾਵਾਂ ਨੇ ਖੀਸੇ ਫੋਲ ਕੇ, ਪੁੱਤ ਸਫ਼ਰਾਂ 'ਤੇ ਟੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ!

ਜਦੋਂ ਹਰ ਕਿਸਮ ਦਾ ਓਪਰਾਪਣ ਲਾਂਭੇ ਹੋ ਜਾਵੇ ਤੇ ਮਾਵਾਂ ਤੇ ਪੁੱਤਾਂ ਦੇ ਦੁੱਖ ਸਾਹਮਣੇ ਆ ਜਾਣ, ਉਦੋਂ ਬੰਦਾ ਕਰਦਾ ਹੈ ਆਪਣੀ ਸਕਾਫ਼ਤ ਦੀਆਂ ਗੱਲਾਂ, ਜੋ ਰਵਿੰਦਰ ਨੇ ਲਾਹੌਰ ਸ਼ਹਿਰ ਵਿਚ ਜਾ ਕੇ ਕੀਤੀਆਂ। ਸ਼ਾਇਦ ਇਹ ਹੀ ਗੱਲ ਕੋਲਡ ਡਰਿੰਕ ਪਿਆਉਣ ਵਾਲਾ ਕਰ ਰਿਹਾ ਸੀ। ਅਸੀਂ ਉੱਪਰ ਲਿਖਿਆ ਸੀ ਕਿ ਅਤਿ ਦੀ ਸੰਖੇਪਤਾ ਰਵਿੰਦਰ ਦੀ ਤਾਕਤ ਵੀ ਹੈ ਅਤੇ ਕਮਜ਼ੋਰੀ ਵੀ; ਤਾਕਤ ਇਸ ਲਈ ਕਿ ਉਹ ਵਿਸ਼ੇ ਤੋਂ ਰਤਾ ਵੀ ਨਹੀਂ ਭਟਕਦਾ, ਕਮਜ਼ੋਰੀ ਇਸ ਲਈ ਕਿ ਕਈ ਵਾਰ ਉਹ ਪਾਠਕ ਨੂੰ ਤ੍ਰਿਹਾਇਆ ਛੱਡ ਜਾਂਦਾ ਹੈ, ਮਿਸਾਲ ਦੇ ਤੌਰ 'ਤੇ ਭਾਈ ਮਰਦਾਨੇ ਦੇ ਵੰਸ਼ਜਾਂ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਮੁੱਕ ਗਈ। ਇਵੇਂ ਹੀ ਹਰੇ ਇਨਕਲਾਬ ਬਾਰੇ ਉਹ ਪਾਕਿਸਤਾਨੀਆਂ ਨਾਲ ਸਹਿਮਤ ਨਹੀਂ; ਪਰ ਕਿਉਂ ਸਹਿਮਤ ਨਹੀਂ? ਤੇ ਆਖ਼ਰ ਮੁੱਦਾ ਕੀ ਹੈ? ਇਸ ਗੱਲ ਦਾ ਪਤਾ ਨਹੀਂ ਲਗਦਾ। ਪਰ ਉਹ ਤਰਕ ਦਾ ਲੜ ਕਿਤੇ ਨਹੀਂ ਛੱਡਦਾ। ਵਲੀ ਕੰਧਾਰੀ ਦੀ ਕਥਾ ਨੂੰ ਸੁਣਾ ਕੇ ਉਹ ਸਿੱਖ ਸੰਗਤ ਨੂੰ ਸੋਚੀਂ ਪਾ ਦੇਂਦਾ ਹੈ। ਉਹ ਆਪਣੇ ਸਿੱਖੀ ਸਰੂਪ ਦੀ ਹਉਮੈ ਵਿਚ ਨਹੀਂ ਫਸਦਾ, ਸਿੱਖੀ ਦੇ ਅਸਲ ਕਿਰਦਾਰ ਨੂੰ ਖੋਜਦਾ ਹੈ। ਦਿੱਲੀ ਦੀ ਸੰਗਤ ਵੱਲੋਂ ਕਰਤਾਰਪੁਰ ਸਾਹਿਬ ਦੇ ਗੁਰੂ ਘਰ ਦੇ ਉਦਘਾਟਨ ਸਮੇਂ ਭੇਟ ਕੀਤੀ ਸੋਨੇ ਦੀ ਪਾਲਕੀ ਸੰਬੰਧੀ ਉਸਦਾ ਅਹਿਮ ਸਵਾਲ ਹੈ: "ਹੱਥੀਂ ਕਿਰਤ ਕਰਨ ਵਾਲੇ ਬਾਬਾ ਜੀ ਭਲਾ ਸੋਨੇ ਨੂੰ ਕਿੰਨਾ ਕੁ ਮੋਹ ਕਰ ਸਕਦੇ ਹਨ?"

'ਲਾਹੌਰ ਨਾਲ ਗੱਲਾਂ' ਸੁਣਨਯੋਗ ਹਨ, ਇਸ ਲਈ ਇਹ ਪੜ੍ਹਨ ਯੋਗ ਪੁਸਤਕ ਹੈ। ਇਸ ਦਾ ਉਦੇਸ਼ ਹੈ ਤੁਹਾਨੂੰ ਲਾਹੌਰ ਵੱਲ ਤੋਰਨਾ। ਮੈ ਤਾਂ ਨਿਸਚੈ ਹੀ ਤੁਰਨਾ ਸ਼ੁਰੂ ਕਰ ਦਿੱਤਾ ਹੈ।

## ਖਾਉ ਪੀਉ ਤੇ ਐਸ਼ ਕਰੋ

ਅੰਮ੍ਰਿਤਸਰ ਵਾਂਗ ਲਾਹੌਰ ਵੀ ਚਟੂਰਿਆਂ (ਫੂਡੀਜ਼) ਦਾ ਸ਼ਹਿਰ ਹੈ। ਅੰਮ੍ਰਿਤਸਰ ਵਿਚ ਜੋ ਕੁਝ ਮਸ਼ਹੂਰ ਹੈ, ਉਹ ਲਾਹੌਰ ਵਿਚ ਵੀ ਪਸੰਦ ਕੀਤਾ ਜਾਂਦਾ ਹੈ। ਇਸਤੋਂ ਇਲਾਵਾ ਉੱਥੋਂ ਦੀ ਨਿਹਾਰੀ, ਹਲੀਮ, ਹਰੀਸ, ਅੰਡਾ ਸ਼ਾਮੀ, ਚਿਕਨ ਕੜਾਹੀ, ਕਬਾਬ, ਪਾਏ (ਖਰੌੜ) ਆਦਿਕ ਬਹੁਤ ਪ੍ਰਚਲਿਤ ਹਨ। ਇਕ ਪ੍ਰਸਿੱਧ ਡਿਸ਼ ਸਰਦਾਰ ਫ਼ਿਸ਼ ਵੀ ਹੈ, ਜਿਸ ਨੂੰ ਵੇਸਣ ਲਾ ਕੇ ਤਲ਼ਿਆ ਜਾਂਦਾ ਹੈ। ਇਹ ਉੱਥੋਂ ਦੇ ਸਿੱਖਾਂ ਨੇ ਪ੍ਰਚਲਿਤ ਕੀਤੀ ਸੀ। ਗੁਰੂ ਨਾਨਕ ਦੇਵ ਨੇ ਲਿਖਿਆ ਸੀ, "ਲਾਹੌਰ ਸ਼ਹਿਰ ਜ਼ਹਿਰ ਕਹਿਰ ਸਵਾ ਪਹਿਰ॥" ਇਸਦੇ ਕਈ ਅਰਥ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਇਕ ਇਹ ਵੀ ਹੈ ਕਿ ਉੱਥੇ ਮਾਸ ਖਾਣ ਵਾਸਤੇ ਜਾਨਵਰਾਂ ਉੱਤੇ ਬਹੁਤ ਕਹਿਰ ਵਰਸਾਇਆ ਜਾਂਦਾ ਹੈ।



ਬਾਦਸ਼ਾਹੀ ਮਸਜਿਦ ਦਾ ਦਿਲਕਸ਼ ਨਜ਼ਾਰਾ

## ਗਵਾਲਮੰਡੀ ਫੂਡ ਸਟਰੀਟ

ਭਾਵੇਂ 1911 ਵਿਚ ਵਕਤੀ ਤੌਰ 'ਤੇ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ, ਪਰ 1947 ਵਿੱਚੋਂ ਅੰਮ੍ਰਿਤਸਰ ਤੋਂ ਗਏ ਮੁਸਲਿਮ ਪੰਜਾਬੀਆਂ ਨੇ ਗਵਾਲਮੰਡੀ ਸਟਰੀਟ ਨੂੰ ਪ੍ਰਚਲਿਤ ਕੀਤਾ, ਜਿੱਥੇ 100 ਤੋਂ ਵੱਧ ਕਿਸਮਾਂ ਦੇ ਖਾਣੇ ਮਿਲਦੇ ਹਨ। ਭਾਵੇਂ ਕਈ ਲੋਕਾਂ ਨੂੰ ਇਸ ਗੱਲ ਵਿਚ ਵੀ ਰਾਜਨੀਤੀ ਦਿਸਦੀ ਹੈ, ਪਰ ਸਰਕਾਰ ਅਨੁਸਾਰ ਉਸਨੇ ਟ੍ਰੈਫ਼ਿਕ ਦੀਆਂ ਮੁਸੀਬਤਾਂ ਨੂੰ ਨਜਿੱਠਣ ਲਈ ਇਸ ਸਟਰੀਟ ਨੂੰ ਬੰਦ ਕੀਤਾ ਸੀ। ਪੁਰਾਣੇ ਲੋਕਾਂ ਨੂੰ ਇਤਰਾਜ਼ ਹੈ ਕਿ ਇਸ ਤਬਦੀਲੀ ਨਾਲ ਪਤੰਗਬਾਜ਼ੀ ਅਤੇ ਬਸੰਤ ਦੀਆਂ ਰੌਣਕਾਂ ਖ਼ਤਮ ਹੋ ਗਈਆਂ ਹਨ। ਟੂਰਿਸਟਾਂ ਨੂੰ ਲੁਭਾਉਣ ਵਾਸਤੇ 1912 'ਚ ਫ਼ੋਰਟ ਰੋਡ 'ਤੇ ਨਵੀਂ ਸਟਰੀਟ ਦਾ ਵਿਕਾਸ ਕੀਤਾ ਗਿਆ, ਜਿਸਨੂੰ ਸੜਕ-ਇ-ਖ਼ੁਰਾਕ ਵੀ ਕਹਿੰਦੇ ਹਨ। ਇਹ ਸ਼ਾਹੀ ਮਸਜਿਦ ਦੇ ਸਾਹਮਣੇ ਹੈ ਅਤੇ ਬਹੁਤ ਪ੍ਰਚਲਿਤ ਹੈ। ਹੁਣ ਗਵਾਲਮੰਡੀ ਵਾਲੀ ਫੂਡ ਸਟਰੀਟ ਫਿਰ ਸਰਗਰਮ ਹੈ।



ਲਾਹੌਰ ਫੇਰੀ ਸਮੇਂ ਲੇਖਕ ਤੇ ਉਨ੍ਹਾਂ ਦੀ ਪਤਨੀ ਉਥੋਂ ਦੀਆਂ ਬੀਬੀਆਂ ਨਾਲ

## ਸਿੱਖ ਇਤਿਹਾਸ ਨਾਲ ਜੁੜੀਆਂ ਥਾਵਾਂ

ਗੁਰਦਵਾਰਾ ਡੇਰਾ ਸਾਹਿਬ, ਜਿੱਥੇ 1606 ਵਿਚ ਗੁਰੂ ਅਰਜਨ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰਦਵਾਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ (ਚੂਨਾ ਮੰਡੀ ਲਾਹੌਰ), ਗੁਰਦਵਾਰਾ ਸ਼ਹੀਦ ਗੰਜ ਸਿੰਘ-ਸਿੰਘਣੀਆਂ, ਗੁਰਦਵਾਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ, ਗੁਰਦਵਾਰਾ ਜਨਮ ਅਸਥਾਨ ਬੇਬੇ ਨਾਨਕੀ (ਪਿੰਡ ਡੇਰਾ ਚਾਹਲ) ਅਤੇ ਸਾਈਂ ਮੀਆਂ ਮੀਰ ਦੀ ਦਰਗਾਹ।

## ਭਾਈ ਮਰਦਾਨਾ ਦੇ ਵੰਸ਼ਜ

ਭਾਈ ਆਸ਼ਿਕ ਅਲੀ ਲਾਲ (ਦੇਹਾਂਤ 2012) ਅਤੇ ਭਾਈ ਗੁਲਾਮ ਮੁਹੰਮਦ ਚਾਂਦ (ਦੇਹਾਂਤ 1949) ਜਾ ਚੁੱਕੇ ਹਨ; ਭਾਈ ਮਰਦਾਨਾ ਦੇ ਕੁਝ ਵੰਸ਼ਜ ਅਜੇ ਵੀ ਲਾਹੌਰ ਵਿਚ ਜਿਊਂਦੇ ਹਨ, ਪਰ ਹੁਣ ਉਨ੍ਹਾਂ ਦੀ ਕੀਰਤਨ ਗਾਇਕੀ ਦੀ ਕੋਈ ਕਦਰ ਨਹੀਂ। ਨਾ ਉਹ ਚੜ੍ਹਦੇ ਪੰਜਾਬ ਦੇ ਗੁਰਦਵਾਰਿਆਂ ਵਿਚ ਕੀਰਤਨ ਕਰ ਸਕਦੇ ਹਨ ਤੇ ਨਾ ਹੀ ਲਹਿੰਦੇ ਵਿਚ ਅਜਿਹੀ ਆਗਿਆ ਹੈ। ਕੀਰਤੀ ਜੇਮਜ਼ ਸਿੰਘ ਨੇ ਲੰਡਨ ਯੂਨੀਵਰਸਿਟੀ ਤੋਂ ਪੀਐਚ. ਡੀ. ਕੀਤੀ ਹੈ: 'ਸਿੱਖ ਪੈਟਰਨੇਜ ਆਫ਼ ਹਿੰਦੁਸਤਾਨੀ ਮਿਊਜ਼ਿਕ ਐਂਡ ਸ਼ਬਦ ਕੀਰਤਨ ਇਨ ਕੌਲੋਨੀਅਲ ਪੰਜਾਬ, 1857-1947'। ਉਹ ਦੱਸਦਾ ਹੈ ਕਿ ਬਹੁਤ ਸਾਰੇ ਰਬਾਬੀ ਪਾਕਿਸਤਾਨੀ ਫ਼ਿਲਮ ਸੰਗੀਤ ਇੰਡਸਟਰੀ ਵਿਚ ਚਲੇ ਗਏ ਸਨ। "ਜਿਹੜੇ ਅੱਜ ਵੀ ਕੀਰਤਨ ਕਰਦੇ ਹਨ, ਉਨ੍ਹਾਂ ਮਹੱਤਵਪੂਰਨ ਰਬਾਬੀਆਂ ਵਿਚ ਭਾਈ ਗੁਲਾਮ ਮੁਹੰਮਦ ਚਾਂਦ ਦਾ ਬੇਟਾ ਭਾਈ ਮੋਈਨ, ਉਸਦਾ ਸ਼ਾਗਿਰਦ ਭਾਈ ਈਨਾਮ ਅਲੀ, ਭਾਈ ਚਿਰਾਗ਼ ਦਾ ਪੋਤਾ ਭਾਈ ਤਾਹਿਰ ਇਕਬਾਲ ਅਤੇ ਭਾਈ ਆਸ਼ਿਕ ਅਲੀ ਲਾਲ ਦਾ ਪੁੱਤਰ ਭਾਈ ਨਾਈਮ ਤਾਹਿਰ ਲਾਲ ਸ਼ਾਮਲ ਹਨ।"

## ਮਹਾਰਾਜਾ ਰਣਜੀਤ ਸਿੰਘ ਦਾ ਸ਼ਹਿਰ

1799 ਤੋਂ 1839 ਤਕ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਉਤੇ ਰਾਜ ਕੀਤਾ; ਲਾਹੌਰ ਉਸਦੀ ਰਾਜਧਾਨੀ ਸੀ। ਉਸ ਉੱਤੇ ਪੀਐਚ. ਡੀ. ਕਰਨ ਵਾਲੀ ਡਾਕਟਰ ਖੋਲਾ ਚੀਮਾ ਕਹਿੰਦੀ ਹੈ ਕਿ ਰਣਜੀਤ ਸਿੰਘ ਨੇ ਆਧੁਨਿਕ ਪੰਜਾਬ ਨੂੰ ਪਹਿਲੀ ਵਾਰ ਸਿਰਜਿਆ, ਉਹ ਪੂਰੀ ਤਰ੍ਹਾਂ ਮਨੁੱਖਵਾਦੀ ਸੀ ਅਤੇ ਧਾਰਮਿਕ ਸੰਕੀਰਣਤਾ ਤੋਂ ਉਤਾਂਹ। ਉਹ ਬਾਹਰਲਾ ਹਮਲਾਵਰ ਨਹੀਂ ਸੀ ਤੇ ਨਾ ਹੀ ਉਸਨੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਕੋਈ ਤਜਾਰਤ ਕੀਤੀ। ਲਾਹੌਰ ਦੇ ਕਿਲ੍ਹੇ ਅੰਦਰ ਸ਼ੇਰੇ-ਪੰਜਾਬ ਦੀ ਬਾਰਾਂਦਰੀ ਅਤੇ ਸਮਾਧੀ ਤੋਂ ਇਲਾਵਾ ਮਹਾਰਾਜਾ ਖੜਕ ਸਿੰਘ ਅਤੇ ਮਹਾਰਾਣੀ ਜਿੰਦਾਂ ਦੀ ਹਵੇਲੀ ਵੀ ਹੈ।

## ਸਰ ਗੰਗਾ ਰਾਮ ਦਾ ਲਾਹੌਰ

ਗੰਗਾ ਰਾਮ ਸਿਵਿਲ ਇੰਜੀਨੀਅਰ ਸੀ। ਉਸਨੇ ਲਾਹੌਰ ਵਾਸਤੇ ਅਨੇਕਾਂ ਯਾਦਗਾਰੀ ਕੰਮ ਕੀਤੇ। 1921 ਵਿਚ ਉਸਨੇ ਗੰਗਾ ਰਾਮ ਹਾਸਪੀਟਲ ਤਾਮੀਰ ਕਰਵਾਇਆ। 1944 ਵਿਚ ਉੱਥੇ ਹੀ ਉਸਦੇ ਪਰਿਵਾਰ ਨੇ ਗੰਗਾ ਰਾਮ ਮੈਡੀਕਲ ਕਾਲਜ ਬਣਵਾਇਆ। 1948 ਵਿਚ ਬਣੀ ਫਾਤਿਮਾ ਜਿੱਨਹਾ ਮੈਡੀਕਲ ਯੂਨੀਵਰਸਟੀ ਚੱਲ ਰਹੀ ਹੈ। ਇਸਤੋਂ ਇਲਾਵਾ ਲਾਹੌਰ ਦਾ ਜਨਰਲ ਪੋਸਟ ਆਫ਼ਿਸ, ਮਿਊਜ਼ੀਅਮ, ਐਟਚਿਨਸਨ ਕਾਲਜ, ਨੈਸ਼ਨਲ ਕਾਲਜ ਆਫ਼ ਆਰਟਸ ਅਤੇ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਦੀਆਂ ਇਮਾਰਤਾਂ ਤੀਮਾਰ ਕਰਵਾਈਆਂ। ਮਾਡਲ ਟਾਊਨ ਅਤੇ ਗੁਲਬਰਗ ਟਾਊਨ ਵਰਗੀਆਂ ਅਬਾਦੀਆਂ ਵੀ ਉਸੇ ਨੇ ਵਿਕਸਿਤ ਕੀਤੀਆਂ।

## ਭਾਈ ਰਾਮ ਸਿੰਘ ਦਾ ਲਾਹੌਰ

ਗੰਗਾ ਰਾਮ ਇੰਜੀਨੀਅਰ ਸੀ ਤੇ ਭਾਈ ਰਾਮ ਸਿੰਘ ਆਰਕੀਟੈਕਟ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਇਮਾਰਤ ਨੂੰ ਡੀਜ਼ਾਈਨ ਕਰਨ ਵਾਲੇ ਇਸ ਪੰਜਾਬੀ ਨੇ ਪਾਕਿਸਤਾਨ ਦੀਆਂ ਬਹੁਤ ਸਾਰੀਆਂ ਇਮਾਰਤਾਂ ਦੇ ਨਕਸ਼ੇ ਤਿਆਰ ਕੀਤੇ। ਉਸਦੀਆਂ ਲਾਹੌਰ ਵਿਚ ਖੜੀਆਂ ਮੁੱਖ ਇਮਾਰਤਾਂ ਇਹ ਹਨ: ਲਾਹੌਰ ਮਿਊਜ਼ੀਅਮ, ਮਾਇਓ ਸਕੂਲ ਆਫ਼ ਆਰਟ, ਐਟਚਿਨਸਨ ਕਾਲਜ, ਚੰਬਾ ਹਾਊਸ, ਪੰਜਾਬ ਯੂਨੀਵਰਸਿਟੀ ਆਦਿਕ।

## ਬਲਰਾਜ ਸਾਹਨੀ ਦਾ ਲਾਹੌਰ

ਬਲਰਾਜ ਸਾਹਨੀ ਦਾ ਪ੍ਰਸਿਧ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਲਾਹੌਰ ਬਾਰੇ ਬਹੁਤ ਕਮਾਲ ਦੀਆਂ ਗੱਲਾਂ ਕਰਦਾ ਹੈ। ਉਸਨੂੰ ਪੰਜਾਬੀ ਦੀਆਂ ਬਿਹਤਰੀਨ ਕਿਤਾਬਾਂ ਵਿਚ ਰੱਖਿਆ ਜਾ ਸਕਦਾ ਹੈ। ਸਾਹਨੀ ਤੋਂ ਬਾਅਦ ਬਹੁਤ ਸਾਰੇ ਹੋਰ ਲੇਖਕਾਂ ਨੇ ਵੀ ਲਾਹੌਰ ਬਾਰੇ ਲਿਖਿਆ, ਜਿਨ੍ਹਾਂ ਵਿਚ ਵਰਿਆਮ ਸੰਧੂ (ਵਗਦੀ ਏ ਰਾਵੀ), ਬਲਦੇਵ ਧਾਲੀਵਾਲ (ਚੰਨ ਤੇ ਤਾਰੇ), ਸਵਰਨ ਸਿੰਘ (ਨਾਵ੍ਹਣ ਚੱਲੇ ਤੀਰਥੀਂ) ਤੇ ਸੁਖਦੇਵ ਸਿੰਘ ਝੰਡ ਸ਼ਾਮਿਲ ਹਨ। ਰਵਿੰਦਰ ਸਹਿਰਅ ਦੀ ਪੁਸਤਕ ਲਾਹੌਰ ਨਾਲ ਗੱਲਾਂ ਨੂੰ ਵੀ ਇਸੇ ਕੜੀ ਵਿਚ ਦੇਖਿਆ ਜਾ ਸਕਦਾ ਹੈ।

## ਮੁਗਲ ਰਾਜਿਆਂ ਦੀਆਂ ਨਿਸ਼ਾਨੀਆਂ

ਲਾਹੌਰ ਦਾ ਕਿਲ੍ਹਾ ਜਿਸਦਾ ਕੁਝ ਹਿੱਸਾ ਅਕਬਰ ਨੇ ਬਣਵਾਇਆ, ਉਸਦੇ ਅੰਦਰ ਸ਼ੀਸ਼ ਮਹਿਲ, ਨੌਲੱਖਾ ਪੈਵੀਲੀਅਨ ਅਤੇ ਸ਼ਾਹੀ ਔਰਤਾਂ ਵਾਸਤੇ ਮੋਤੀ ਮਸਜਿਦ, ਔਰੰਗਜ਼ੇਬ ਦੀ ਬਣਾਈ ਬਾਦਸ਼ਾਹੀ ਮਸਜਿਦ ਜਿਸ ਵਿਚ ਇਕ ਲੱਖ ਬੰਦਾ ਨਮਾਜ਼ ਪੜ੍ਹ ਸਕਦਾ ਹੈ, ਜਹਾਂਗੀਰ ਦਾ ਮਕਬਰਾ, ਨੂਰ ਜਹਾਂ ਦਾ ਮਕਬਰਾ, ਸ਼ਾਹ ਜਹਾਨ ਵੱਲੋਂ ਬਣਾਇਆ ਸ਼ਾਲੀਮਾਰ ਬਾਗ਼, ਵਜ਼ੀਰ ਖਾਨ ਦੀ ਮਸਜਿਦ ਆਦਿਕ। ਸ਼ੇਰ ਸ਼ਾਹ ਸੂਰੀ ਦਾ ਬਣਾਇਆ ਰੋਹਤਾਸ ਦਾ ਕਿਲ੍ਹਾ ਵੀ ਲਾਹੌਰ ਦੀ ਸ਼ਾਨ ਹੈ, ਜੋ ਆਪਣੇ ਆਕਾਰ ਅਤੇ ਸ਼ੈਲੀ ਕਾਰਨ ਮੁਸਲਿਮ ਮਿਲਟਰੀ ਇਮਾਰਤਸਾਜ਼ੀ ਦੀ ਇਕ ਵਿਲੱਖਣ ਮਿਸਾਲ ਹੈ।

## ਲਾਹੌਰ ਦੀ ਪੰਜਾਬ ਯੂਨੀਵਰਸਿਟੀ

ਇਸ ਸੰਸਥਾ ਦਾ ਪਹਿਲਾ ਨਾਂ ਗੌਰਮਿੰਟ ਕਾਲਜ ਹੁੰਦਾ ਸੀ, ਜਿੱਥੋਂ ਕਈ ਮਹਾਨ ਲੋਕਾਂ ਨੇ ਸਿੱਖਿਆ ਲਈ। ਰੋਸ਼ਨ-ਦਿਮਾਗ ਲੋਕਾਂ ਵਿਚ ਸ਼ਾਮਿਲ ਹਨ- ਫ਼ੈਜ਼ ਅਹਿਮਦ ਫ਼ੈਜ਼, ਨੋਬਲ ਵਿਜੇਤਾ ਹਰਗੋਬਿੰਦ ਖੁਰਾਨਾ ਤੇ ਅਬਦੁਸ ਸਲਾਮ, ਸਰ ਮੁਹੰਮਦ ਇਕਬਾਲ, ਅਸ਼ਫ਼ਾਕ ਅਹਿਮਦ, ਭਾਰਤੀ ਫ਼ੌਜ ਦਾ ਏਅਰ ਚੀਫ਼ ਮਾਰਸ਼ਲ ਓਮ ਪ੍ਰਕਾਸ਼ ਮਹਿਰਾ, ਖ਼ੁਸ਼ਵੰਤ ਸਿੰਘ, ਮਨਜ਼ੂਰ ਏਜਾਜ਼, ਮੁਸ਼ਤਾਕ ਸੂਫ਼ੀ, ਨਜਮ ਸੇਠੀ ਆਦਿਕ। ਰਾਜਸੀ ਲੋਕਾਂ ਵਿਚ ਕਾਇਦੇ ਆਜ਼ਮ ਮੁਹੰਮਦ ਅਲੀ ਜਿੱਨਾਹ, ਭਾਰਤ ਦੇ ਸਾਬਕਾ ਮੰਤਰੀ ਸਵਰਨ ਸਿੰਘ; ਪਾਕਿਸਤਾਨ ਦੇ 4 ਸਾਬਕਾ ਪ੍ਰਧਾਨ ਮੰਤਰੀ: ਨਵਾਜ਼ ਸ਼ਰੀਫ, ਜ਼ਫ਼ਰਉੱਲਾ ਖਾਂ ਜਮਾਲੀ, ਯੂਸਫ਼ ਰਜ਼ਾ ਗਿਲਾਨੀ ਅਤੇ ਮੁਈਨਦੀਨ ਅਹਿਮਦ ਕੁਰੈਸ਼ੀ; ਸਾਬਕਾ ਵਿਦੇਸ਼ ਮੰਤਰੀ ਖ਼ੁਰਸ਼ੀਦ ਮੁਹੰਮਦ ਕਸੂਰੀ ਆਦਿਕ। ਸਕੁਐਸ਼ ਦਾ ਛੇ ਵਾਰ ਵਿਸ਼ਵ ਚੈਂਪੀਅਨ ਜਹਾਂਗੀਰ ਖਾਨ ਅਤੇ ਫ਼ਿਲਮ ਅਭਿਨੇਤਾ ਦੇਵ ਆਨੰਦ, ਬਲਰਾਜ ਸਾਹਨੀ, ਉਸਮਾਨ ਪੀਰਜ਼ਾਦਾ, ਅਹਿਸਾਨ ਖਾਨ ਆਦਿਕ ਵੀ ਏਥੇ ਹੀ ਪੜ੍ਹੇ।

## ਗੰਦਗੀ ਵਿਚ ਝੰਡੀ

ਲਾਹੌਰ ਦੁਨੀਆਂ ਦੇ ਸਭ ਤੋਂ ਗੰਦੇ ਸ਼ਹਿਰਾਂ ਵਿੱਚੋਂ ਇਕ ਗਿਣਿਆ ਜਾਂਦਾ ਹੈ, ਲਗਪਗ ਦਿੱਲੀ ਜਿੰਨਾ ਗੰਦਾ। ਉਸਦੇ ਪ੍ਰਦੂਸ਼ਨ ਦਾ ਅੰਦਾਜ਼ਾ ਇਸ ਗੱਲ ਤੋਂ ਲਾਉ ਕਿ ਮੁਕਾਬਲੇ ਵਿਚ ਪਟਿਆਲਾ ਬਹੁਤ ਬਿਹਤਰ ਹਾਲਤ ਵਾਲਾ ਸ਼ਹਿਰ ਹੈ। ਗੰਦਗੀ ਵਿਚ ਦੁਨੀਆਂ ਅੰਦਰ ਦਿੱਲੀ ਦਾ ਦੂਜਾ ਥਾਂ ਹੈ ਤੇ ਲਾਹੌਰ ਦਾ ਪੰਜਵਾਂ, ਜਦੋਂ ਕਿ ਅੰਮ੍ਰਿਤਸਰ 79ਵੇਂ ਅਤੇ ਪਟਿਆਲਾ ਇਕ ਸੌ ਉਨੰਜਵੇਂ ਥਾਂ 'ਤੇ ਹੈ। ਕਲਕੱਤਾ ਨੂੰ ਅਸੀਂ ਬਹੁਤ ਗੰਦਾ ਸਮਝਦੇ ਹਾਂ, ਪਰ ਉਸਦੀ ਵਿਸ਼ਵ ਰੈਂਕਿੰਗ 200 ਹੈ, ਲਾਹੌਰ ਤੋਂ ਕਿਤੇ ਘੱਟ ਗੰਦਾ।

## ਬਦਲਦਾ ਲਾਹੌਰ

ਸ਼ਹਿਰ ਤੇਜ਼ੀ ਨਾਲ ਬਦਲ ਰਿਹਾ ਹੈ, 'ਮੀਨਾਰ-ਏ-ਪਾਕਿਸਤਾਨ' ਇਸ ਤਬਦੀਲੀ ਦੀ ਸ਼ੁਰੂਆਤ ਸੀ, ਹੁਣ ਸੈਂਟਰਲ ਬਿਜ਼ਨਸ ਡਿਸਟ੍ਰਿਕਟ ਸਕੀਮ ਅਧੀਨ ਇਨਕਲਾਬੀ ਤਬਦੀਲੀਆਂ ਆ ਰਹੀਆਂ ਹਨ। ਲਾਹੌਰ ਏਸ਼ੀਆ ਦਾ ਪਹਿਲਾ ਸ਼ਹਿਰ ਹੈ, ਜਿੱਥੇ ਨੀਲੀਆਂ ਸੜਕਾਂ ਵਿਛਾਉਣ ਦਾ ਕੰਮ ਹੋ ਰਿਹਾ ਹੈ। ਕਾਲੀਆਂ ਦੇ ਮੁਕਾਬਲੇ ਨੀਲੀਆਂ ਸੜਕਾਂ ਦਾ ਤਾਪਮਾਨ 2 ਡਿਗਰੀ ਘੱਟ ਹੁੰਦਾ ਹੈ। ਕਾਰਾਂ ਦੇ ਟਾਇਰ ਅਤੇ ਵਾਤਾਵਰਨ ਨੂੰ ਬਚਾਉਣ ਦਾ ਇਹ ਅਨੋਖਾ ਉੱਦਮ ਹੈ।

## ਹਵੇਲੀ ਬਾਰੂਦਖ਼ਾਨਾ

ਮਹਾਰਾਜਾ ਰਣਜੀਤ ਸਿੰਘ ਦਾ ਗੋਲਾ-ਬਾਰੂਦ ਏਥੇ ਰੱਖਿਆ ਜਾਂਦਾ ਸੀ ਅਤੇ ਉਸਦੇ ਮਾਲਕ ਜਰਨੈਲ ਦੀ ਰਿਹਾਇਸ਼ ਵੀ ਏਥੇ ਹੀ ਸੀ। ਹੁਣ ਇਸ ਹਵੇਲੀ ਦਾ ਮਾਲਿਕ ਮੀਆਂ ਸਲਾਹੁਦੀਨ ਹੈ। ਇਸਦੇ ਅੰਦਰ ਨਾਯਾਬ ਵਸਤਾਂ ਪਈਆਂ ਹੋਈਆਂ ਹਨ, ਜਿਨ੍ਹਾਂ ਨੂੰ ਲਾਹੌਰ ਦੀਆਂ ਹਵੇਲੀਆ ਦੇ ਦਰਸ਼ਨ ਕਰਾਉਣ ਵਾਲੇ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਦੇਖਿਆ ਜਾ ਸਕਦਾ ਹੈ। ਪਰ ਇਸ ਹਵੇਲੀ ਦੀ ਸਭ ਤੋਂ ਵੱਡੀ ਤਾਕਤ ਇਸ ਅੰਦਰ ਹੁੰਦੇ ਸੰਗੀਤ ਦੇ ਬਹੁਤ ਕਮਾਲ ਦੇ ਪ੍ਰੋਗਰਾਮ ਹਨ। ਭਾਵੇਂ ਇਨ੍ਹਾਂ ਵਿਚ ਸ਼ਹਿਰ ਦੀ ਈਲੀਟ ਹੀ ਆਉਂਦੀ ਹੈ, ਪਰ ਆਨਲਾਈਨ ਸ੍ਰੋਤਾਂ ਵਿਚ ਇਨ੍ਹਾਂ ਪ੍ਰੋਗਰਾਮਾਂ ਦੀ ਕੁਆਲਿਟੀ ਅਤੇ ਸੰਗੀਤ ਦੇ ਪੰਜਾਬੀ ਵਿਰਸੇ ਨੂੰ ਭਰਪੂਰ ਮਾਣਿਆ ਜਾ ਸਕਦਾ ਹੈ। ਰੱਬ ਕਰੇ ਪੁਰਾਣੇ ਜ਼ਮਾਨੇ ਦਾ ਸਾਰਾ ਬਾਰੂਦ ਸੁੱਚੇ ਸੁਰਾਂ ਵਿਚ ਢਲ ਜਾਵੇ!

## ਲਾਹੌਰ ਤੋਂ ਰਤਾ ਪਰ੍ਹੇ

ਕਸੂਰ ਵਾਲੇ ਪਾਸੇ ਘੰਟੇ ਕੁ ਦੀ ਦੂਰੀ 'ਤੇ ਪਿੰਡ ਲਲਿਆਣੀ ਵਿਚ ਇਕਬਾਲ ਕੈਸਰ ਦੇ ਯਤਨਾਂ ਨਾਲ 2001 ਤੋਂ ਪੰਜਾਬ ਖੋਜਗੜ੍ਹ ਨਾਂ ਦੀ ਸੰਸਥਾ ਚੱਲ ਰਹੀ ਹੈ, ਜਿਸ ਵਿਚ ਲਗਪਗ 10000 ਪੁਸਤਕਾਂ ਹਨ। ਖੋਜਗੜ੍ਹ ਨੇ ਕਈ ਸਮਾਗਮ ਕਰਵਾਏ ਹਨ, ਪੁਸਤਕਾਂ ਛਾਪੀਆਂ ਹਨ ਅਤੇ ਪੰਜਾਬੀ ਸਾਹਿਤ, ਕਲਾ, ਸਭਿਆਚਾਰ ਅਤੇ ਇਤਿਹਾਸ ਨਾਲ ਸੰਬੰਧਿਤ ਸਾਰਥਕ ਕਾਰਜ ਕੀਤੇ ਹਨ। ਬਹੁਤ ਸਾਰੇ ਪੰਜਾਬੀ ਵਿਦਵਾਨ ਇਸ ਸੰਸਥਾ ਵਿਚ ਆ ਕੇ ਆਪਣੀ ਖੋਜ ਦਾ ਕੰਮ ਕਰਦੇ ਹਨ।



# ਪੁਰਾਤਨ ਅਤੇ ਅਜੋਕੀ ਕਥਾ ਪਰੰਪਰਾ ਦਾ ਅੰਤਰਾਤਮਿਕ ਭੇਦ

## ਰਵਾਇਤਾਂ



**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**

ਕਥਾ ਸ਼ਬਦ ਦੇ ਸਨਮੁਖ ਹੁੰਦਿਆਂ ਹੀ ਗੁਰਦੁਆਰਾ ਜਾਂ ਹੋਰ ਧਰਮਾਂ ਦੇ ਧਾਰਮਿਕ ਅਸਥਾਨ ਦਾ ਸਰੂਪ ਜਾਂ ਧਾਰਮਿਕ ਸਮਾਗਮ ਦਾ ਚਿਹਰਾ ਮੁਹਰਾ ਪ੍ਰਗਟ ਹੋ ਜਾਂਦਾ ਹੈ। ਪੁਰਾਤਨ ਸਮੇਂ ਤੋਂ ਗੁਰੂ ਘਰਾਂ ਵਿੱਚ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਆਏ ਮੁਖਵਾਕ ਦੀ "ਕਥਾ" ਗਿਆਨੀਆਂ ਵੱਲੋਂ ਕੀਤੀ ਜਾਂਦੀ ਹੈ। ਵੈਸੇ ਵੀ ਕਹਾਣੀ ਨੂੰ ਕਥਾ ਸੰਗਿਆਂ 'ਚ ਬਿਆਨ ਕਰਨ ਦਾ ਰਿਵਾਜ ਪੁਰਾਤਨ ਹੈ। ਸਿੱਖ ਧਰਮ 'ਚ ਧਰਮ ਸਾਲ ਅੰਦਰ ਇਹ ਪਰੰਪਰਾ ਰਹੀ ਹੈ। ਭਾਈ ਕਾਹਨ ਸਿੰਘ ਨਾਭਾ, ਡਾ. ਰਤਨ ਸਿੰਘ ਜੱਗੀ, ਡਾ. ਜੋਧ ਸਿੰਘ, ਡਾ. ਰਛਪਾਲ ਸਿੰਘ ਗਿੱਲ ਤੋਂ ਇਲਾਵਾ ਵੀ ਕੋਸ਼ਕਾਰੀ ਤੇ ਇਤਿਹਾਸ ਸਿਰਜਣ ਵਾਲੇ ਵਿਦਵਾਨਾਂ ਨੇ ਇਸ ਵਿਸ਼ਾ-ਵਸਤੂ ਸਬੰਧੀ ਵੱਖ-ਵੱਖ ਵਿਚਾਰ ਅੰਕਿਤ ਕੀਤੇ ਹਨ, ਪਰ ਮਿਲਦੇ ਹਵਾਲਿਆਂ ਤੋਂ ਜ਼ਾਹਿਰ ਹੈ ਕਿ ਪੰਜਾਬੀ ਕਥਾ ਪਰੰਪਰਾ ਦਾ ਇਤਿਹਾਸ ਆਮ ਤੌਰ 'ਤੇ ਭਾਵੇਂ ਰਿਗਵੇਦ ਵਿੱਚ ਮਿਲਦੀਆਂ ਕਥਾਵਾਂ ਨਾਲ ਆਰੰਭ ਹੋਇਆ ਮੰਨਿਆ ਜਾਂਦਾ ਹੈ। ਇਸ ਗੱਲ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਵਿੱਚ ਆਰੀਆ ਜਾਤੀ ਤੋਂ ਪਹਿਲਾਂ ਵੀ ਇੱਕ ਉੱਨਤ ਤੇ ਗੌਰਵਮਈ ਸੰਸਕ੍ਰਿਤੀ ਪ੍ਰਫੁੱਲਤ ਸੀ, ਜਿਸ ਦੀ ਹੋਂਦ ਹੜੱਪਾ ਦੇ ਖੰਡਰਾਂ ਦੀ ਖੁਦਾਈ ਨਾਲ ਉਜਾਗਰ ਹੋਈ।

ਕਥਾ ਸੰਸਕ੍ਰਿਤ ਭਾਸ਼ਾ ਦੇ ਕਥ ਧਾਤੂ ਤੋਂ ਬਣੇ ਇਸ ਦਾ ਸ਼ਾਬਦਿਕ ਅਰਥ ਹੈ ਵਰਣਨ ਜਾਂ ਵਿਆਖਿਆ ਜਾਂ ਪ੍ਰਸੰਗ। ਧਾਰਮਿਕ ਰਮਜ਼ਾਂ ਜਾਂ ਵਿਸ਼ਿਆਂ ਨੂੰ, ਜੋ ਕਈ ਵਾਰ ਸੰਖਿਪਤ ਜਾਂ ਸੰਕੇਤਿਕ ਰੂਪ ਵਿੱਚ ਹੁੰਦੇ ਹਨ, ਸਪੱਸ਼ਟ ਕਰਨ ਲਈ ਜੋ ਬਿਰਤਾਂਤ ਦਿੱਤਾ ਜਾਂਦਾ ਹੈ, ਉਸ ਨੂੰ ਵੀ 'ਕਥਾ' ਕਿਹਾ ਜਾਂਦਾ ਹੈ। ਇਸ ਲਈ 'ਵਾਰਤਾ' ਸ਼ਬਦ ਵੀ ਵਰਤਿਆ ਜਾਂਦਾ ਹੈ। ਮਹਾਭਾਰਤ, ਪੁਰਾਣ ਸਾਹਿਤ ਆਦਿ ਨੂੰ ਕਥਾਵਾਂ ਦੇ ਸੰਗ੍ਰਹਿ ਹੀ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਪ੍ਰਮਾਣ ਮਿਲਦੇ ਹਨ ਕਿ ਗੁਰਬਾਣੀ ਦੀ ਵਿਆਖਿਆ ਨਾਲੋਂ ਨਾਲ ਸਿੱਖ ਧਰਮਸ਼ਾਲਾਵਾਂ ਵਿੱਚ ਸ਼ੁਰੂ ਹੋ ਗਈ ਸੀ। ਮਾਝ ਰਾਗ ਵਿੱਚ ਆਪ ਜੀ ਨੇ ਉਚਾਰਿਆ ਹੈ ਕਿ ਪਰਮਾਤਮਾ ਦੇ ਗੁਣ ਗਾਉਣ ਨਾਲ ਮਨ ਪ੍ਰਸੰਨ ਹੁੰਦਾ ਹੈ ਅਤੇ ਕਥਾ ਸੁਣਨ ਨਾਲ ਮਨ ਦੀ ਮੈਲ ਉਤਰ ਜਾਂਦੀ ਹੈ। ਸਦਾ ਸਾਧ-ਸੰਗਤ ਵਿੱਚ ਜਾ ਕੇ ਪਰਮਾਤਮਾ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ

ਗੁਣ ਗਾਵਤ ਮਨੁ ਹਰਿਆ ਹੋਵੈ॥
ਕਥਾ ਸੁਣਤ ਮਲੁ ਸਗਲੀ ਖੋਵੈ॥
ਭੇਟਤ ਸੰਗਿ ਸਾਧ ਸੰਤਨ ਕੈ
ਸਦਾ ਜਪਉ ਦਇਆਲਾ॥
(ਗੁਰੂ ਗ੍ਰੰਥ ਸਾਹਿਬ, ਪੰਨਾ 104)

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਅਦ ਤਾਂ ਬਾਣੀ ਦੀ ਕਥਾ ਕਰਨ ਦੀ ਇੱਕ ਪਰੰਪਰਾ ਹੀ ਚਲ ਪਈ। ਆਮ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੋਈ ਸ਼ਬਦ ਲੈ ਕੇ ਕੋਈ ਕਥਾਕਾਰ ਉਸ ਦੀ ਵਿਆਖਿਆ ਕਰਦਾ ਹੈ। ਅਜਿਹਾ ਕਰਨ ਵੇਲੇ ਉਹ ਉਸ ਸ਼ਬਦ ਵਿੱਚ ਆਏ ਮੁੱਖ ਸਰੋਕਾਰਾਂ ਨੂੰ ਸਪੱਸ਼ਟ ਕਰਨ ਲਈ ਅਨੇਕ ਪ੍ਰਕਾਰ ਦੇ ਉਦਾਹਰਣ, ਸਾਖੀਆਂ ਆਦਿ ਦਾ ਬਿਰਤਾਂਤ ਦਿੰਦਾ ਹੈ ਅਤੇ ਗੁਰਬਾਣੀ ਜਾਂ ਭਾਈ ਗੁਰਦਾਸ ਬਾਣੀ ਜਾਂ ਦਸਮ ਗ੍ਰੰਥ ਤੋਂ ਟੂਕਾਂ ਜਾਂ ਹਵਾਲੇ ਦੇ ਕੇ ਸਿਧਾਂਤਾਂ ਨੂੰ ਸਪੱਸ਼ਟ ਅਤੇ ਸੰਪੁਸ਼ਟ ਕਰਦਾ ਹੈ। ਸਿੱਖ-ਇਤਿਹਾਸ ਤੋਂ ਵੀ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਕਥਾ ਆਮ ਕਰਕੇ ਜ਼ਬਾਨੀ ਹੁੰਦੀ ਹੈ ਅਤੇ ਹਵਾਲੇ ਵੀ ਕਥਾਕਾਰ ਜ਼ਬਾਨੀ ਹੀ ਦਿੰਦਾ ਹੈ। ਟੀਕੇ, ਸ਼ਬਦਾਰਥ, ਭਾਸ਼ਾ ਲੋੜ ਦੀਆਂ ਲਿਖਿਤ ਵਿਸਤ੍ਰਿਤੀਆਂ ਹਨ।

ਇਸ ਪ੍ਰਾਚੀਨ ਸੰਸਕ੍ਰਿਤੀ ਦੀ ਹੋਂਦ ਦੇ ਪਹਿਲੇ ਪਰਮਾਣ ਪੱਛਮੀ ਪੰਜਾਬ ਦੇ ਮਿੰਟਗੁਮਰੀ ਜ਼ਿਲ੍ਹੇ (ਪਾਕਿਸਤਾਨ) ਵਿੱਚ ਰਾਵੀ ਦਰਿਆ ਦੇ ਕੰਢੇ, ਅਜੋਕੇ ਹੜੱਪਾ ਦੇ ਖੰਡਰਾਂ ਵਿੱਚੋਂ ਮਿਲੇ ਹੋਣ ਕਰਕੇ ਇਸ ਸੰਸਕ੍ਰਿਤੀ ਨੂੰ ਹੜੱਪਾ ਸੰਸਕ੍ਰਿਤੀ ਕਿਹਾ ਜਾਣ ਲੱਗਾ। ਥੇਹ ਵਿੱਚੋਂ ਮਿਲੇ ਚਿੱਤਰ ਕਿਸੇ ਨਾ ਕਿਸੇ ਮਿਥਿਹਾਸਕ ਪਾਤਰ ਜਾਂ ਕਥਾ-ਖੰਡ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਚਿੱਤਰਾਂ ਦੀ ਕਲਾ-ਅਨੁਭੂਤੀ ਤੋਂ ਸਪਸ਼ਟ ਹੈ ਕਿ ਹੜੱਪਾ ਵਾਸੀਆਂ ਵਿੱਚ ਇੱਕ ਪ੍ਰੌੜ ਕਿਸਮ ਦੀ ਕਥਾ ਪਰੰਪਰਾ ਪ੍ਰਚਲਿਤ ਸੀ।

ਇਸ ਯੁੱਗ ਦੀ ਕਥਾ ਬਿਰਤਾਂਤਕ ਰੂਪ ਵਿੱਚ ਉਪਲੱਬਧ ਨਾ ਹੋਣ ਕਰਕੇ ਵਸਤਾਂ 'ਤੇ ਉਕਰੇ ਚਿੱਤਰਾਂ ਦੀ ਕਥਾ ਬਾਰੇ ਕਿਸੇ ਸਿੱਟੇ 'ਤੇ ਪਹੁੰਚਣਾ ਔਖਾ ਹੈ, ਕਈ ਚਿੱਤਰਾਂ ਤੋਂ ਭਾਵੇਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦਾਨਵਾਂ ਤੋਂ ਦੇਵ ਵਸਤੂਆਂ ਦੀ ਰੱਖਿਆ ਹੀ ਇਨ੍ਹਾਂ ਦਾ ਮੂਲ ਉਦੇਸ਼ ਸੀ।

ਹੜੱਪਾ ਕਥਾ ਪਰੰਪਰਾ ਤੋਂ ਬਾਅਦ ਦੂਜੀ ਪ੍ਰਸਿੱਧ ਪਰੰਪਰਾ ਆਰਿਆ ਦੀ ਹੈ, ਜਿਸ ਨੇ ਹੜੱਪਾ ਸੰਸਕ੍ਰਿਤੀ ਦੀਆਂ ਕਈ ਰੂੜੀਆਂ ਅਤੇ ਤੱਤਾਂ ਨੂੰ ਇਨ-ਬਿਨ ਜਾਂ ਰਤਾ ਕੁ ਬਦਲਵੇਂ ਰੂਪ ਵਿੱਚ ਗ੍ਰਹਿਣ ਕੀਤਾ, ਕਿਉਂਕਿ ਵਿਦਵਾਨਾਂ ਦੇ ਮਤ ਅਨੁਸਾਰ ਪੰਜਾਬ ਹੀ ਆਰੀਆ ਜਾਤੀ ਦੇ ਮੁੱਢਲੇ ਨਿਵਾਸ ਸਥਾਨਾਂ ਵਿੱਚੋਂ ਇੱਕ ਸੀ ਤੇ ਭਾਰਤ ਵਿੱਚ ਆਰੀਆ ਜਾਤੀ ਤੇ ਇਸ ਦੀ ਬੋਲੀ ਦਾ ਪਸਾਰ ਪੰਜਾਬ ਵਿੱਚੋਂ ਹੀ ਹੋਇਆ। ਆਰਿਆ ਦੀ ਕਥਾ-ਪਰੰਪਰਾ ਵਿੱਚ ਮੁਲਤਾਨ ਵਿੱਚ ਹੜੱਪਾ ਦੇ ਨੇੜੇ ਪ੍ਰਗਟ ਹੋਇਆ ਇੱਕ ਪਾਤਰ ਨਰਸਿੰਘ ਹੈ, ਜੋ ਉਸ ਯੁੱਗ ਦੀਆਂ ਮੋਹਰਾਂ 'ਤੇ ਅੰਕਿਤ ਮਿਲਦਾ ਹੈ। ਪੁਰਾਣਾਂ ਵਿੱਚੋਂ ਇਹੋ ਪਾਤਰ ਵਿਸ਼ਨੂੰ ਦੇ ਇੱਕ ਅਵਤਾਰ ਦੇ ਰੂਪ ਵਿੱਚ ਪ੍ਰਕਾਸ਼ਮਾਨ ਹੋਇਆ।



ਆਰਿਆਈ ਪਰੰਪਰਾ ਤੋਂ ਬਾਅਦ ਰਿਗਵੇਦ ਦੀਆਂ ਕਥਾਵਾਂ ਆਉਂਦੀਆਂ ਹਨ। ਰਿਗਵੇਦ ਦੀਆਂ ਮੁਢਲੀਆਂ ਰਚਨਾਵਾਂ ਸਿੰਧ ਸਾਗਰ ਦੁਆਬ ਵਿੱਚ, ਜਿਹਲਮ ਅਤੇ ਸੁਆ ਦੇ ਕੰਢਿਆ ਉਪਰ ਹੀ ਰਚੀਆਂ ਗਈਆਂ। ਰਿਗਵੇਦ ਦੁਆਰਾ ਪੰਜਾਬੀ ਕਹਾਣੀ ਨੇ ਆਦਿ ਰੂਪ ਵਿੱਚ ਲਿਖਤੀ ਜਾਮਾ ਪਹਿਨਿਆ। ਰਿਗਵੇਦ ਵਿੱਚ ਸੰਕੇਤ ਰੂਪ ਵਿੱਚ ਉਪਲੱਬਧ ਕਥਾਵਾਂ ਮੂਲ ਰੂਪ ਵਿੱਚ ਪੰਜਾਬ ਦੀ ਹੀ ਆਰਿਆਈ ਪਰੰਪਰਾ ਹੈ। ਰਿਗਵੇਦ ਵਿੱਚ ਰਿਸੀ ਸੋਭਰੀ ਦੀ ਕਥਾ ਸੰਕੇਤ ਰੂਪ ਵਿੱਚ ਮਿਲਦੀ ਹੈ, ਜਿਸ ਨੂੰ ਲਿਖਤੀ ਰੂਪ ਵਿੱਚ ਉਪਲੱਬਧ ਪੰਜਾਬ ਦੀ ਪ੍ਰਾਚੀਨਤਮ ਕਥਾ ਕਿਹਾ ਜਾ ਸਕਦਾ ਹੈ। ਇਸ ਕਥਾ ਵਿੱਚ ਕਈ ਜਿਸਮ ਧਾਰਨ ਕਰਨ ਦੀ ਤੇ ਰੂਪ ਬਦਲਣ ਦੀ ਕਥਾਨਿਕ ਰੂੜੀ ਦ੍ਰਿਸ਼ਟੀਮਾਨ ਹੈ। ਇਸੇ ਤਰ੍ਹਾਂ ਦੀ ਇੱਕ ਕਥਾ ਹੈ ਨਾਸਕੇਤ ਦੀ ਕਥਾ, ਜਿਸ ਦਾ ਬੜਾ ਵੱਡਾ ਮਹਾਤਮ ਦੱਸਿਆ ਗਿਆ ਹੈ। ਲੋਕ ਪ੍ਰਚਲਿਤ ਵਿਸ਼ਵਾਸ ਅਨੁਸਾਰ ਇਹ ਕਥਾ ਸੁਣਨ ਉਪਰੰਤ ਰਾਜੇ ਜਨਮੇਜੇ ਦਾ ਕੋਹੜ ਦਾ ਰੋਗ ਦੂਰ ਹੋ ਗਿਆ ਸੀ।

ਰਿਗਵੇਦ ਪੰਜਾਬੀਆਂ ਦਾ ਸੰਸਕ੍ਰਿਤਕ ਵਿਰਸਾ ਹੋਣ ਕਰਕੇ ਇਸ ਦੀਆਂ ਕਥਾਵਾਂ ਪੰਜਾਬੀਆਂ ਦੇ ਜੀਵਨ ਦਾ ਅਨਿਖੜਵਾਂ ਅੰਗ ਰਹੀਆਂ ਹਨ। ਇਸੇ ਕਰਕੇ ਇਨ੍ਹਾਂ ਕਥਾਵਾਂ ਦੇ ਲਿਖਤੀ ਤੇ ਮੌਖਿਕ- ਦੋਵੇਂ ਰੂਪ ਮੱਧ ਕਾਲੀਨ ਪੰਜਾਬੀ ਕਥਾ ਵਿੱਚ ਵਿਸ਼ੇਸ਼ ਸਥਾਨ ਰਖਦੇ ਹਨ।

ਪੁਰਾਣਾਂ ਦੀ ਰਚਨਾ ਵੇਦਾਂ ਤੋਂ ਬਾਅਦ ਹੋਈ। ਇਨ੍ਹਾਂ ਦੀ ਸਾਰੀ ਸਮੱਗਰੀ ਲੋਕ ਮਨ ਦੀ ਅਭਿਵਿਅਕਤੀ ਹੋਣ ਕਰਕੇ ਇਹ ਇਨ੍ਹਾਂ ਦੀ ਰਚਨਾ ਤੋਂ ਬਾਅਦ ਵੀ ਪਹਿਲਾਂ ਵਾਂਗ ਹੀ ਲੋਕਾਂ ਦੇ ਮਨਾਂ ਵਿੱਚ ਘਰ ਕਰੀ ਬੈਠੀ ਹੈ। ਪੁਰਾਣ ਪੰਜਾਬੀਆਂ ਦਾ ਲੋਕ ਵਿਰਸਾ ਹੋਣ ਕਰਕੇ ਲੋਕਾਂ ਦੇ ਸੰਸਕ੍ਰਿਤਕ ਦੇ ਸਮਾਜਕ ਜੀਵਨ ਵਿੱਚ ਇਨ੍ਹਾਂ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਮੱਧਕਾਲ ਵਿੱਚ ਵਿਸ਼ਨੂੰ ਪੁਰਾਣ, ਮਾਰਕੰਡੇ ਪੁਰਾਣ, ਭਾਗਵਤ ਪੁਰਾਣ ਆਦਿ ਕਈ ਵਾਰ ਪੰਜਾਬੀ ਵਿੱਚ ਅਨੁਵਾਦ ਹੋ ਚੁੱਕੇ ਹਨ। ਇਨ੍ਹਾਂ ਵਿੱਚ ਦਰਜ ਹਰੀਸ਼ ਚੰਦਰ, ਧਰੂ ਭਗਤ, ਗੌਤਮ-ਅਹੱਲਿਆ, ਨਾਰਦ, ਵਿਸਵਾਮਿਤ੍ਰ ਆਦਿ ਦੀਆਂ ਕਥਾ ਕਹਾਣੀਆ ਲੋਕ ਚੇਤਨਾ ਵਿੱਚ ਗਹਿਰੀਆ ਸਮਾਈਆਂ ਹੋਈਆਂ ਹਨ।

ਸੰਸਕ੍ਰਿਤ ਕਥਾ-ਕਹਾਣੀ ਦੇ ਕੁਝ ਹੋਰ ਗ੍ਰੰਥ ਜੋ ਪੰਜਾਬੀਆਂ ਨੂੰ ਸੰਸਕ੍ਰਿਤਕ ਵਿਰਸੇ ਵਿੱਚ ਮਿਲੇ, ਪੰਜਾਬੀ ਕਥਾ ਪਰੰਪਰਾ ਦੇ ਗੌਰਵਮਈ ਭਾਗ ਹਨ। ਇਨ੍ਹਾਂ ਵਿੱਚੋਂ ਪੰਚਤੰਤਰ, ਹਿਤੋਪਦੇਸ਼, ਬ੍ਰਿਹਤ ਕਥਾ, ਕਥਾ ਸਹਿਤ ਸਾਗਰ, ਬੇਤਾਲ ਪਚੀਸੀ, ਸਿੰਘਾਸਨ ਬਤੀਸੀ, ਸੁਕਾਂ ਸਪਤੀ ਵਰਣਨਯੋਗ ਹਨ। ਪੰਜਾਬ ਦੀ ਕਥਾ ਪਰੰਪਰਾ ਤੇ ਬੋਧੀ ਜਾਤਕ, ਅਵਦਾਨ ਪਰੰਪਰਾ ਅਤੇ ਜੈਨ ਕਥਾ ਪਰੰਪਰਾ ਦਾ ਵੀ ਕਾਫ਼ੀ ਪ੍ਰਭਾਵ ਪਿਆ। ਬੋਧ ਜਾਤਕ ਮਹਾਤਮਾ ਬੁੱਧ ਦੇ ਪੂਰਬਲੇ ਜਨਮਾਂ ਨਾਲ ਸਬੰਧਤ ਕਹਾਣੀਆਂ ਹਨ। ਜਾਤਕ 547 ਕਥਾਵਾਂ ਦਾ ਸੰਗ੍ਰਹਿ ਹੈ। ਇਹ ਕਥਾਵਾਂ ਬੜੀਆਂ ਪ੍ਰਾਚੀਨ ਹਨ ਤੇ ਹੜੱਪਾ ਸੰਸਕ੍ਰਿਤੀ ਨਾਲ ਰਲਦੀਆਂ ਮਿਲਦੀਆਂ ਹਨ।

ਕਾਫ਼ੀ ਕਥਾਵਾਂ ਜੈਨ ਸਾਹਿਤ ਵਿੱਚੋਂ ਵੀ ਵੇਖਣ ਨੂੰ ਮਿਲਦੀਆਂ ਹਨ। ਜੈਨੀਆਂ ਲਈ ਕਥਾ ਬਾਣੀ ਦੇ ਦਰਜੇ ਬਰਾਬਰ ਮੰਨੀ ਜਾਂਦੀ ਹੈ। ਇਨ੍ਹਾਂ ਨੇ ਧਾਰਮਿਕ ਤੇ ਨੈਤਿਕ ਭਾਵਨਾਵਾਂ ਨੂੰ ਪ੍ਰਗਟਾਉਣ ਲਈ ਕਥਾ ਦੀ ਹੀ ਵਰਤੋਂ ਕੀਤੀ। ਜੈਨ ਕਥਾ ਕੋਸ, ਜੈਨ ਬਤ ਕਥਾ, ਦਾਨ ਕਥਾਏਂ, ਪ੍ਰਣਯਾਰਵ ਕਥਾ ਕੋਸ ਆਦਿ ਮਹਾਨ ਕਥਾ ਸੰਕਲਨ ਜੈਨ ਸਾਹਿਤ ਵਿੱਚ ਕਥਾ ਪਰੰਪਰਾ ਦੇ ਵਾਧੇ ਲਈ ਵਿਸ਼ੇਸ਼ ਵਰਣਨ ਯੋਗ ਹਨ। ਸਮੇਂ ਸਮੇਂ ਅਨੇਕਾਂ ਜਾਤੀਆਂ ਦੇ ਬਾਹਰੋਂ ਆ ਕੇ ਪੰਜਾਬ ਵਿੱਚ ਵਸਣ ਨਾਲ ਇਥੋਂ ਦੀ ਸੰਸਕ੍ਰਿਤੀ ਵਿਵਿਧ ਰੂਪ ਗ੍ਰਹਿਣ ਕਰ ਗਈ। ਕਥਾ ਪਰੰਪਰਾ ਉਤੇ ਯੂਨਾਨੀ ਤੇ ਸਾਮੀ ਕਥਾਵਾਂ ਦਾ ਪ੍ਰਭਾਵ ਵੀ ਮਹੱਤਵਪੂਰਨ ਹੈ ,ਜਿਵੇਂ ਈਸਪ ਦੀਆਂ ਨੀਤੀ ਕਹਾਣੀਆਂ ਪੰਜਾਬੀ ਕਥਾ ਸਾਹਿਤ ਲਈ ਹਰਮਨ ਪਿਆਰੀਆਂ ਬਣ ਗਈਆਂ।

ਸਾਮੀ ਕਥਾਵਾਂ ਦੇ ਪ੍ਰਭਾਵ ਨਾਲ ਪੰਜਾਬੀ ਕਥਾ-ਕਹਾਣੀ ਦਾ ਇੱਕ ਨਵੀਂ ਦਿਸ਼ਾ ਵੱਲ ਝੁਕਾਅ ਹੋਇਆ। ਮੁਸਲਮਾਨਾਂ ਦੇ ਭਾਰਤ ਆਉਣ ਨਾਲ ਪੁਰਾਣ ਸ਼ਾਸਤਰ, ਸ਼ਾਹਨਾਮਾ ਅਲਫ਼ ਲੈਲਾ ਆਦਿ ਦੀਆਂ ਕਥਾਵਾਂ ਪੰਜਾਬੀ ਕਥਾ ਪ੍ਰਵਾਹ ਵਿੱਚ ਸ਼ਾਮਲ ਹੋਣ ਲੱਗ ਪਈਆਂ। ਇਸ ਸਮੇਂ ਵਿੱਚ ਫ਼ਾਰਸੀ ਦਰਬਾਰੀ ਬੋਲੀ ਬਣ ਜਾਣ ਕਰਕੇ ਅਰਬੀ ਫ਼ਾਰਸੀ ਦਾ ਅਧਿਐਨ ਲੋਕਧਾਰਾ ਲਈ ਜ਼ਰੂਰੀ ਬਣ ਗਿਆ। ਹੌਲੀ ਹੌਲੀ ਅਰਬੀ, ਫ਼ਾਰਸੀ ਦੀਆਂ ਮੂਲ ਕਥਾ-ਕਹਾਣੀਆਂ ਲੋਕਾਂ ਵਿੱਚ ਫੈਲ ਗਈਆਂ। ਪੰਜਾਬੀ ਕਥਾ ਪਰੰਪਰਾ ਦੀ ਨੁਹਾਰ ਬਦਲਣ ਲੱਗ ਪਈ। ਹੁਣ ਇਸ ਵਿੱਚ ਇਸਲਾਮੀਨਾਵਾਂ ਵਾਲੇ ਪਾਤਰ, ਫ਼ਰਿਸ਼ਤੇ, ਪੈਗੰਬਰ, ਨਬੀ ਅਤੇ ਆਦਮ-ਹਵਾ ਆਦਿ ਵਿਚਰਨ ਲੱਗ ਪਏ। ਅਰਬ ਲੋਕ ਲੈਲਾ ਮਜਨੂੰ ਅਤੇ ਯੂਸਫ਼ ਜ਼ੁਲੇਖਾਂ ਦੇ ਕਿੱਸੇ ਆਪਣੇ ਨਾਲ ਹੀ ਲਿਆਏ ਸਨ। ਸ਼ੀਰੀ ਫਰਿਹਾਦ, ਸ਼ਾਹ ਬਹਿਰਾਮ, ਸੈਫਲ ਮਲੂਕ ਆਦਿ ਫ਼ਾਰਸੀ ਮੂਲ ਦੇ ਹੀ ਕਿੱਸੇ ਹਨ। ਹੌਲੀ ਹੌਲੀ ਇਹ ਕਥਾਵਾਂ ਲੋਕਾਂ ਵਿੱਚ ਹਰਮਨ ਪਿਆਰੀਆਂ ਬਣ ਗਈਆਂ ਅਤੇ ਇਹ ਇਥੋਂ ਦੇ ਕਥਾ ਪ੍ਰਵਾਹ ਵਿੱਚ ਇਸ ਤਰ੍ਹਾਂ ਰਚ-ਮਿਚ ਗਈਆਂ ਜਿਵੇਂ ਇਹ ਪੰਜਾਬ ਵਿੱਚ ਹੀ ਜੰਮੀਆਂ ਤੇ ਪਲ਼ੀਆਂ ਹੋਣ!

ਸਾਮੀ ਕਥਾਵਾਂ ਦੇ ਪੰਜਾਬੀ ਕਥਾ ਪਰੰਪਰਾ ਵਿੱਚ ਮਿਲ ਜਾਣ ਨਾਲ ਪੰਜਾਬੀ ਕਥਾ-ਕਹਾਣੀ ਦੀ ਪਰੰਪਰਾ ਆਪਣੀ ਮੂਲ ਸੰਸਕ੍ਰਿਤੀ ਤੋਂ ਟੁੱਟਣ ਲੱਗ ਪਈ। ਬਿਕ੍ਰਮ ਬੈਤਾਲ ਦੀ ਥਾਂ ਹੁਣ ਪਰੀਆ ਤੇ ਜਿੰਨ ਆਦਿ ਲੈ ਚੁੱਕੇ ਸਨ। ਸਾਮੀ ਕਥਾਨਿਕ ਰੂੜੀਆਂ ਨੇ ਇਥੋਂ ਦੀਆਂ ਸਾਖੀਆਂ ਆਦਿ ਨੂੰ ਵੀ ਪ੍ਰਭਵਿਤ ਕੀਤਾ। ਇਸ ਉਪਰੰਤ ਗੁਰੂ ਨਾਨਕ ਕਾਲ ਵਿੱਚ ਕਥਾ ਦਾ ਬੜਾ ਵੱਡਾ ਮਹੱਤਵ ਰਿਹਾ ਹੈ, ਜਿਹੜਾ ਹੁਣ ਤੱਕ ਗੁਰਦੁਆਰਿਆਂ ਵਿੱਚ ਕੀਰਤਨ ਸਮੇਂ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਿਆਖਿਆ ਲਈ ਪ੍ਰਚਲਿਤ ਹੈ। ਗੁਰੂਘਰ ਵਿੱਚ ਲੋਕ-ਕਹਾਣੀਆਂ ਦੀ ਮਹੱਤਤਾ ਇਸੇ ਸਮੇਂ ਤੋਂ ਚਲਦੀ ਆ ਰਹੀ ਹੈ, ਜਿਸ ਦਾ ਪ੍ਰਮਾਣ ਸਾਖੀ ਸਾਹਿਤ ਵਿੱਚ ਮਿਲਦੇ ਅਨੇਕਾਂ ਅਜਿਹੇ ਬਿਰਤਾਂਤ ਹਨ, ਜੋ ਅਸਲ ਵਿੱਚ ਕਥਾ-ਕਹਾਣੀ ਹੀ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਕਿੰਨੀਆਂ ਹੀ ਨੀਤੀ-ਕਥਾਵਾਂ ਦੇ ਸੰਕੇਤ ਮਿਲਦੇ ਹਨ। ਕਥਾ-ਪਰੰਪਰਾ ਦੇ ਵਾਧੇ ਲਈ ਦਸਮ ਗ੍ਰੰਥ ਦੇ 'ਚਰਿਤ੍ਰੋ ਪਾਖਯਾਨ' ਦਾ ਵੀ ਕਾਫ਼ੀ ਯੋਗਦਾਨ ਹੈ। ਇਸ ਵਿੱਚ ਕੁੱਲ 405 ਕਥਾਵਾਂ ਹਨ, ਜੋ ਦਸਮ ਗ੍ਰੰਥ ਦੇ 1428 ਪੰਨਿਆਂ ਵਿੱਚੋਂ 616 ਪੰਨਿਆਂ ਉੱਤੇ ਫੈਲੀਆਂ ਹੋਈਆਂ ਹਨ। ਇਸ ਦੀਆਂ ਕੁਝ ਕਥਾਵਾਂ ਸਾਮੀ ਤੇ ਯਹੂਦੀ ਮੂਲ ਦੀਆਂ ਵੀ ਹਨ, ਪਰ ਬਹੁਤੇ ਭਾਗ ਦੀਆਂ ਕਥਾਵਾਂ ਭਾਰਤੀ ਸੋਮਿਆਂ ਵਿੱਚੋਂ ਆਈਆਂ ਹਨ।

ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਨਾਲ ਪੰਜਾਬ ਦੇ ਕਥਾ-ਪ੍ਰਵਾਹ ਉਤੇ ਯਹੂਦੀ ਤੇ ਈਸਾਈ ਕਥਾਵਾਂ ਦਾ ਪ੍ਰਭਾਵ ਪੈਣਾ ਵੀ ਸੁਭਾਵਕ ਹੀ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਇਹ ਪ੍ਰਭਾਵ ਪ੍ਰਤੱਖ ਵਿਖਾਈ ਦੇਣ ਲਗ ਪਏ ਸਨ। ਬੁੱਧੀਜੀਵੀਆਂ ਵਿੱਚ ਅੰਗਰੇਜ਼ੀ ਸਾਹਿਤ ਨੇ ਇੱਕ ਨਵੀਂ ਚੇਤਨਾ ਲਿਆਂਦੀ। ਉਹ ਵਰਡਜ਼ਵਰਥ, ਬਾਇਰਨ, ਥਾਮਸ ਮੂਰ, ਸਕਾਟ ਤੇ ਡਿਕਨਜ਼ ਆਦਿ ਦੇ ਸਾਹਿਤ ਨੂੰ ਪੜ੍ਹਨ ਲੱਗ ਪਏ। ਇਨ੍ਹਾਂ ਰਚਨਾਵਾਂ ਕਾਰਨ ਪੰਜਾਬੀਆਂ ਦਾ ਪੱਛਮੀ ਸਾਹਿਤ ਨਾਲ ਸਬੰਧ ਸਥਾਪਿਤ ਹੋਣਾ ਸੁਭਾਵਕ ਹੀ ਸੀ, ਪਰ ਕਥਾ ਸਾਹਿਤ ਨੇ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਪਹਿਲੀਆਂ ਸਾਮੀ ਕਥਾਵਾਂ ਦੇ ਸਾਹਿਤ ਨਾਲੋ ਕਾਫ਼ੀ ਘੱਟ ਕਬੂਲਿਆ।

ਪਿਛੇ ਕੀਤੀ ਗਈ ਸਾਰੀ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੀ ਕਥਾ ਪਰੰਪਰਾ ਬਹੁਤ ਪ੍ਰਾਚੀਨ ਹੈ, ਜੋ ਸਿੰਧੂ ਘਾਟੀ ਸਭਿਅਤਾ ਦੀਆਂ ਬੁਨਿਆਦਾਂ 'ਤੇ ਆਧਾਰਤ ਹੈ। ਇਹ ਪਰੰਪਰਾ ਬੜੀ ਵਿਸਾਲ ਤੇ ਪ੍ਰਭਾਵਸ਼ਾਲੀ ਹੈ। ਇਹ ਯੁੱਗਾਂ ਬੱਧੀ ਸਫ਼ਰ ਕਰਦੀ ਹੋਈ ਦੂਜੀਆਂ ਸੰਸਕ੍ਰਿਤੀਆਂ ਵਿੱਚ ਘੁਲਦੀ-ਮਿਲਦੀ ਰਹੀ। ਇਸ ਨੇ ਬਾਹਰਲੀਆਂ ਸੰਸਕ੍ਰਿਤੀਆਂ ਦੀਆਂ ਸਾਰੀਆਂ ਕਦਰਾਂ ਕੀਮਤਾਂ ਨੂੰ ਆਪਣੇ ਵਿੱਚ ਸਮੋਅ ਲਿਆ, ਜਿਸ ਸਦਕਾ ਇਸ ਪਰੰਪਰਾ ਨੇ ਦੂਰ-ਦੂਰ ਤਕ ਆਪਣਾ ਪ੍ਰਭਾਵਸ਼ਾਲੀ ਗੌਰਵ ਬਣਾਈ ਰੱਖਿਆ।


ਹਥਲੇ ਨਿਬੰਧ ਦੇ ਮੂਲ ਸ੍ਰੋਤ ਕੋਸ਼ਕਾਰੀ ਤੇ ਗੁਰਮਤਿ ਵਿਖਿਆਨ ਦੇ ਗ੍ਰੰਥਾਂ ਨਾਲ ਹੈ; ਵਿਸਥਾਰ ਲਈ ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼, ਡਾ. ਜੋਧ ਸਿੰਘ ਸਿੱਖ ਧਰਮ ਵਿਸ਼ਵਕੋਸ਼, ਡਾ. ਰਛਪਾਲ ਸਿੰਘ ਗਿੱਲ ਪੰਜਾਬੀ ਕੋਸ਼, ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਅਤੇ ਡਾ. ਦਿਲਗੀਰ ਦਾ ਨਵਾਂ ਮਹਾਨ ਕੋਸ਼ ਆਦਿ ਦੇ ਆਧਾਰਤ ਹਨ। ਕਥਾ ਸੰਸਕ੍ਰਿਤ ਸ਼ਬਦ 'ਕਥ' ਦਾ ਸੰਗਿਆ ਰੂਪ ਹੈ, ਜਿਸਦਾ ਅਰਥ ਹੈ- ਬੋਲਣਾ, ਵਿਆਖਿਆ, ਵਰਨਨ ਜਾਂ ਬਿਆਨ ਕਰਨਾ। ਧਾਰਮਿਕ ਸ਼ਬਦਾਵਲੀ ਵਿੱਚ ਕਥਾ ਦਾ ਅਰਥ ਹੈ: ਧਰਮ-ਗ੍ਰੰਥ ਵਿੱਚੋਂ ਕਿਸੇ ਸ਼ਬਦ ਉੱਪਰ ਚਰਚਾ, ਵਿਸ਼ਲੇਸ਼ਣ ਅਤੇ ਵਿਆਖਿਆਨ। ਇਸ ਵਿੱਚ ਦਿੱਤੇ ਗਏ ਮੂਲ ਪਾਠ 'ਤੇ ਵਿਸਤਾਰ ਪੂਰਵਕ ਪ੍ਰਵਚਨ ਅਤੇ ਇਸ ਦਾ ਸਹੀ ਉਚਾਰਨ ਸ਼ਾਮਲ ਹਨ। ਇਸ ਵਿੱਚ ਬੁਨਿਆਦੀ ਅਧਿਆਤਮਕ ਅਤੇ ਧਰਮ-ਸ਼ਾਸਤਰੀ ਸਿਧਾਂਤਾਂ ਨੂੰ ਵਿਸਥਾਰ ਵਿੱਚ ਸਮਝਾਉਣ ਹਿਤ ਕਥਾ, ਕਹਾਵਤ ਅਤੇ ਹਵਾਲਿਆਂ ਦਾ ਪੂਰਾ ਇਸਤੇਮਾਲ ਕੀਤਾ ਜਾਂਦਾ ਹੈ। ਗੁਰਬਾਣੀ ਰਚਨਾ ਆਮ ਤੌਰ 'ਤੇ ਗੂੜ੍ਹ ਅਤੇ ਅਰਥ-ਭਰਪੂਰ ਹੁੰਦੀ ਹੈ। ਇਸ ਕਰਕੇ ਅਜਿਹੀ ਰਚਨਾ ਦੀ ਜਿਗਿਆਸੂਆਂ ਦੇ ਲਾਭ ਹਿਤ ਵਿਆਖਿਆ ਕਰਨ ਦੀ ਲੋੜ ਪੈਂਦੀ ਹੈ। ਇਸ ਦੇ ਨਤੀਜੇ ਵਜੋਂ ਭਾਰਤੀ ਪਰੰਪਰਾ ਵਿੱਚ ਟੀਕਾ, ਸ਼ਬਦਾਰਥ, ਭਾਸ਼ਾ ਆਦਿ ਰੂਪ ਸਾਹਮਣੇ ਆਏ ਹਨ। ਵਿਆਖਿਆ ਜਾਂ ਵਿਚਾਰ ਅਧੀਨ ਵਿਚਾਰ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਧਾਰਮਿਕ ਅਤੇ ਸਿੱਖਿਆਦਾਇਕ ਗ੍ਰੰਥਾਂ ਵਿੱਚੋਂ ਪ੍ਰਮਾਣਾਂ ਜਾਂ ਯੋਗ ਪ੍ਰਮਾਣਿਕ ਕਥਨਾਂ ਦਾ ਸਹਾਰਾ ਲਿਆ ਜਾਂਦਾ ਹੈ। ਵਿਆਖਿਆ ਦੀਆਂ ਉਪਰੋਕਤ ਤਿੰਨੇ ਕਿਸਮਾਂ ਸਿੱਖ ਕਥਾ ਵਿੱਚ ਇੱਕ-ਮਿੱਕ ਹੋਈਆਂ ਮਿਲਦੀਆਂ ਹਨ: ਸਿੱਖ ਪਰੰਪਰਾ ਵਿੱਚ ਕਥਾ ਦੀ ਵਿਧੀ ਮੌਖਿਕ ਹੈ। ਉਪਨਿਸ਼ਦਾਂ, ਭਗਵਦ ਗੀਤਾ, ਪੁਰਾਣਾਂ, ਰਮਾਇਣ ਅਤੇ ਮਹਾਂਭਾਰਤ ਵਰਗੇ ਮਹਾਂਕਾਵਾਂ ਦੀ ਕਥਾ ਮੰਚ ਤੋਂ ਕੀਤੀ ਜਾਂਦੀ ਰਹੀ ਹੈ; ਪਰ ਸਿੱਖ ਧਰਮ ਵਿੱਚ ਇਹ ਵੱਡੀਆਂ ਧਾਰਮਿਕ ਸਭਾਵਾਂ ਵਿਖੇ ਸੇਵਾ ਦੇ ਤੌਰ 'ਤੇ ਸੰਸਥਾਗਤ ਰੂਪ ਵਿੱਚ ਹੁੰਦੀ ਹੈ।

ਸਿੱਖ ਧਰਮ ਵਿੱਚ ਕਥਾ ਦੀ ਰਵਾਇਤ ਦੀ ਰਸਮੀ ਸ਼ੁਰੂਆਤ ਗੁਰੂ ਅਰਜਨ ਦੇਵ ਜੀ (1563-1606), ਜਿਨ੍ਹਾਂ ਨੇ ਸਿੱਖ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਸੀ, ਦੇ ਸਮੇਂ ਹੋਈ। ਇਸ ਧਰਮ ਗ੍ਰੰਥ ਨੂੰ ਹੱਥੀਂ ਲਿਖਣ ਵਾਲੇ ਭਾਈ ਗੁਰਦਾਸ ਨੂੰ ਗੁਰੂ ਜੀ ਨੇ ਆਦੇਸ਼ ਦਿੱਤਾ ਕਿ (ਗੁਰੂ) ਗ੍ਰੰਥ ਸਾਹਿਬ ਵਿੱਚੋਂ ਲਏ ਗਏ ਵਾਕ ਦੀ ਰੋਜ਼ਾਨਾ ਸੰਖੇਪ ਅਤੇ ਨਿਰਧਾਰਿਤ ਵਿਆਖਿਆ ਕਰਿਆ ਕਰਨ। ਗੁਰੂ ਸਾਹਿਬਾਨ ਦੁਆਰਾ ਨਿਯੁਕਤ ਮਸੰਦਾਂ ਨੇ ਵੀ ਸਥਾਨਿਕ ਇਕੱਤਰਤਾਵਾਂ ਵਿੱਚ ਇਸੇ ਕਿਸਮ ਦੀ ਕਥਾ ਕਰਨੀ ਅਰੰਭ ਕਰ ਦਿੱਤੀ ਸੀ। 'ਸਿੱਖ' ਅਧਿਆਤਮਿਕਤਾ ਤੇ ਧਰਮ ਦਾ ਕੇਂਦਰੀ ਬਿੰਦੂ ਸ਼ਬਦ ਹੈ। ਇਸ ਕਰਕੇ ਪਵਿੱਤਰ ਗ੍ਰੰਥ ਦੀ ਸਹੀ ਵਿਆਖਿਆ ਅਤਿ ਮਹੱਤਵਪੂਰਨ ਹੈ।

ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ (1666-1708) ਨੇ ਆਪ ਭਾਈ ਮਨੀ ਸਿੰਘ ਨੂੰ ਪਵਿੱਤਰ ਲਿਖਤਾਂ ਦੀ ਵਿਆਖਿਆ ਕਰਨ ਦੀ ਸਿੱਖਿਆ ਦਿੱਤੀ ਸੀ। ਭਾਈ ਮਨੀ ਸਿੰਘ ਤੋਂ ਉਤਪੰਨ ਹੋਈ ਗੁਰਬਾਣੀ ਵਿਆਖਿਆ ਦੀ ਸੰਪਰਦਾਇ ਨੂੰ ਅੱਜ-ਕੱਲ੍ਹ ਗਿਆਨੀ ਸੰਪਰਦਾਇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਥਾ ਕਰਨ ਦੀ ਰਵਾਇਤ ਸਿੱਖ ਪਰੰਪਰਾ ਵਿੱਚ ਗੁਰੂ-ਕਾਲ ਤੋਂ ਚੱਲਦੀ ਆ ਰਹੀ ਹੈ। ਬਹੁਤ ਸਾਰੀਆਂ ਸੰਸਥਾਵਾਂ, ਟਕਸਾਲੀ ਅਤੇ ਆਧੁਨਿਕ ਵਿਦਵਾਨਾਂ ਨੂੰ ਇਸ ਕਲਾ ਦੀ ਸਿੱਖਿਆ ਦੇ ਰਹੀਆਂ ਹਨ। ਕਥਾ ਆਮ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਤੀ ਜਾਂਦੀ ਹੈ। ਕਥਾਕਾਰ ਪਵਿੱਤਰ ਗ੍ਰੰਥ ਵਿੱਚੋਂ ਆਪ ਉਸ ਸ਼ਬਦ ਨੂੰ ਸ਼ਰਧਾਪੂਰਵਕ ਪੜ੍ਹਦਾ ਹੈ, ਜਿਸਦੀ ਕਥਾ ਕਰਨੀ ਹੋਵੇ। ਕਥਾ ਕੀਤੇ ਜਾਣ ਵਾਲੇ ਸ਼ਬਦ ਦੀ ਚੋਣ ਕਥਾਕਾਰ ਦੀ ਮਰਜੀ ਉੱਪਰ ਨਿਰਭਰ ਕਰਦੀ ਹੈ। ਇਹ ਸ਼ਬਦ ਉਸ ਦੁਆਰਾ ਪਹਿਲਾਂ ਸੋਚਿਆ ਹੋਇਆ ਜਾਂ ਉਸ ਸਮੇਂ ਸਾਹਮਣੇ ਆਇਆ ਕੋਈ ਵੀ ਸ਼ਬਦ ਹੋ ਸਕਦਾ ਹੈ। ਕਥਾ ਦੇ ਅਰੰਭ ਵਿੱਚ ਬਾਣੀ ਦੇ ਸੰਬੰਧਿਤ ਸ਼ਬਦ ਦਾ ਲੈਅ ਨਾਲ ਅਤੇ ਸਹੀ ਉਚਾਰਨ ਨਾਲ ਪਾਠ ਪਹਿਲੀ ਗੱਲ ਹੈ। ਉਪਰੋਕਤ ਕਥਾ ਦਾ ਰੂਪ ਕੋਈ ਵੀ ਹੋ ਸਕਦਾ ਹੈ, ਪਰ ਸਭ ਤੋਂ ਪਹਿਲਾਂ ਸੰਬੰਧਿਤ ਸ਼ਬਦ ਦਾ ਕੇਂਦਰੀ ਭਾਵ ਸਪਸ਼ਟ ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਔਖੇ ਸ਼ਬਦਾਂ ਦੇ ਅਰਥ ਦੱਸ ਕੇ ਦਿੱਤੇ ਗਏ ਸੰਪੂਰਨ ਸ਼ਬਦ ਦੀ ਇੱਕ ਪੰਕਤੀ ਦੀ ਵਿਆਖਿਆ ਕੀਤੀ ਜਾਂਦੀ ਹੈ। ਪ੍ਰਸੰਗ ਦਾ ਧਿਆਨ ਰੱਖਦੇ ਹੋਏ ਹਰ ਇੱਕ ਪੰਕਤੀ ਨੂੰ ਮੁੱਖ ਵਿਸ਼ੇ ਦੀ ਪ੍ਰਸੰਗਿਕਤਾ ਵਿੱਚ ਉਜਾਗਰ ਕੀਤਾ ਜਾਂਦਾ ਹੈ। ਉਪਰੰਤ ਉਸ ਸ਼ਬਦ ਦੇ ਵਿਸ਼ੇ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਜੋ ਉਸ ਸ਼ਬਦ ਦਾ ਅਧਿਆਤਮਕ ਅਤੇ ਸਿਧਾਂਤਿਕ ਮਹੱਤਵ ਉਜਾਗਰ ਕੀਤਾ ਜਾ ਸਕੇ। ਅਜਿਹਾ ਕਰਦੇ ਸਮੇਂ ਇਸਦੇ ਸਾਹਿਤਿਕ ਗੁਣਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਕਥਾਕਾਰ ਆਪਣੀ ਕਥਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀ ਯਾਦਦਾਸ਼ਤ ਤੋਂ ਵਿਭਿੰਨ ਧਾਰਮਿਕ ਗ੍ਰੰਥਾਂ ਅਤੇ ਗੁਰੂ ਸਾਹਿਬਾਨ ਦੀਆਂ ਜੀਵਨ-ਸਾਖੀਆਂ ਵਿੱਚੋਂ ਹਵਾਲੇ ਦਿੰਦਾ ਹੈ। ਕਥਾ ਖ਼ਤਮ ਹੋਣ ਤੋਂ ਪਹਿਲਾਂ ਸਮੁੱਚੀ ਵਿਚਾਰ-ਚਰਚਾ ਦਾ ਸਾਰੰਸ਼ ਦੱਸਿਆ ਜਾਂਦਾ ਹੈ ਅਤੇ ਅਖੀਰ ਵਿੱਚ ਸੰਬੰਧਿਤ ਸ਼ਬਦ ਦਾ ਮੁੜ ਪਾਠ ਕੀਤਾ ਜਾਂਦਾ ਹੈ। ਕਥਾ ਦੇ ਸਮੇਂ ਗੁਰਦੁਆਰਿਆਂ ਵਿੱਚ ਪ੍ਰਮੁੱਖ ਸਿੱਖ ਇਤਿਹਾਸਿਕ ਲਿਖਤਾਂ ਦੀ ਵਿਆਖਿਆ ਵੀ ਹੁੰਦੀ ਹੈ ਜਿਵੇਂ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਆਦਿ। ਪਰ ਇਹ ਆਮ ਤੌਰ 'ਤੇ ਸਵੇਰ ਅਤੇ ਸ਼ਾਮ ਦੀ ਸੇਵਾ ਤੋਂ ਵੱਖਰਿਆਂ ਬਾਅਦ ਦੁਪਹਿਰ ਹੁੰਦੀ ਹੈ।

# ਮਹਾਰਾਜਾ ਭੁਪਿੰਦਰ ਸਿੰਘ ਦਾ ਯੋਗਦਾਨ ਅਣਗੌਲਿਆ ਕੀਤਾ

ਨਜ਼ਰੀਆ



ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ:+91-8872664000

ਸਾਕਾ ਨਨਕਾਣਾ ਸਾਹਿਬ (7)

## ਜ਼ਿੰਮੇਵਾਰ ਧਿਰਾਂ ਅਤੇ ਹਾਲਾਤ ਉੱਤੇ ਨਜ਼ਰਸਾਨੀ

***ਕਿਸੇ ਕੌਮ ਦੇ ਇਤਿਹਾਸ ਨੇ ਕੌਮ ਦੇ ਸਾਹਮਣੇ ਇੱਕ ਅਜਿਹੀ ਮਿਸਲ ਵਾਂਗੂੰ ਪੇਸ਼ ਹੋਣਾ ਹੁੰਦਾ ਹੈ, ਜਿਸ ਨੂੰ ਵਾਚ ਕੇ ਕੌਮ ਨੇ ਆਪਣੀ ਹੋਣੀ ਦੀ ਵਿਉਂਤਬੰਦੀ ਘੜਨੀ ਹੁੰਦੀ ਹੈ। ਜੇ ਇਤਿਹਾਸਕਾਰੀ ਹੀ ਗਲਤ ਹੋਈ ਹੋਵੇ ਤਾਂ ਇਹ ਕੌਮ ਦੇ ਭਵਿੱਖ 'ਤੇ ਨਾਂਹ-ਪੱਖੀ ਅਸਰ ਪਾਏ ਬਿਨਾ ਨਹੀਂ ਰਹਿ ਸਕਦੀ। ਇੱਕ ਪਾਸੜ ਇਤਿਹਾਸਕਾਰੀ ਦੇ ਦੁਖਾਂਤ ਨੇ ਸਿੱਖ ਕੌਮ ਦੀ ਸੋਚ ਨੂੰ ਸਦੀਆਂ ਤੋਂ ਗ੍ਰਹਿਣ ਲਾਇਆ ਹੋਇਆ ਹੈ। ਇੰਜ ਹੀ 'ਸਾਕਾ ਨਨਕਾਣਾ ਸਾਹਿਬ' ਬਾਬਤ ਬੜਾ ਕੁਝ ਲਿਖਿਆ ਗਿਆ ਹੈ। ਇਹ ਸਾਕਾ ਵਾਪਰੇ ਨੂੰ ਇੱਕ ਸਦੀ ਅਤੇ 4 ਸਾਲ ਹੋ ਚੱਲੇ ਹਨ। ਇਸ ਲੰਮੇ ਲੇਖ ਵਿੱਚ ਇਸ ਸਾਕੇ ਲਈ ਜ਼ਿੰਮੇਵਾਰ ਧਿਰਾਂ ਜਾਂ ਹਾਲਾਤ ਨੂੰ ਪੜਚੋਲਣ ਜਾਂ ਨਜ਼ਰਸਾਨੀ ਕਰਨ ਦਾ ਯਤਨ ਕੀਤਾ ਗਿਆ ਹੈ। ਹਥਲੀ ਆਖਰੀ ਕਿਸ਼ਤ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਦੇ ਯੋਗਦਾਨ ਨੂੰ ਅਣਗੌਲਿਆ ਕਰਨ ਅਤੇ ਅਕਾਲੀ ਲੀਡਰਸ਼ਿਪ ਵੱਲੋਂ ਗੁਰਦੁਆਰਿਆਂ ਦੀ ਆਜ਼ਾਦੀ ਦਾ ਕ੍ਰੈਡਿਟ ਲੈਣ ਬਾਰੇ ਕਿੰਤੂ, ਆਦਿ ਦਾ ਵੇਰਵਾ ਪੇਸ਼ ਹੈ... ਪ੍ਰਬੰਧਕੀ ਸੰਪਾਦਕ***

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**

ਸਿਆਸੀ ਕਾਰਨਾਂ ਕਰਕੇ ਪਟਿਆਲਾ ਰਿਆਸਤ ਦੇ ਸਿੱਖ ਰਾਜੇ ਮਹਾਰਾਜਾ ਭੁਪਿੰਦਰ ਸਿੰਘ ਦੇ ਪੰਥ ਪ੍ਰਤੀ ਪਾਏ ਗਏ ਰੋਲ ਨੂੰ ਅਣਗੌਲਿਆਂ ਕੀਤਾ ਗਿਆ ਹੈ। ਨਨਕਾਣਾ ਸਾਹਿਬ ਦੇ ਕਬਜ਼ੇ ਤੋਂ ਪਹਿਲਾਂ ਇੱਕ ਵਾਰੀ ਜਦੋਂ ਮਹਾਰਾਜਾ ਭੁਪਿੰਦਰ ਸਿੰਘ ਲਾਹੌਰ ਗਏ ਤਾਂ ਮਹੰਤ ਨਰੈਣ ਦਾਸ ਨੇ ਉਨ੍ਹਾਂ ਤੋਂ ਇਮਦਾਦ ਦੀ ਮੰਗ ਕੀਤੀ। ਮਹਾਰਾਜਾ ਨੇ ਮਹੰਤ ਨੂੰ ਇਹ ਮਸ਼ਵਰਾ ਦਿੱਤਾ ਕਿ ਉਹ ਸਿੱਖਾਂ ਨਾਲ ਵਿਰੋਧ ਨਾ ਸਹੇੜੇ, ਸਗੋਂ ਚੁੱਪ ਚਾਪ ਗੁਰਦੁਆਰੇ ਦਾ ਕਬਜ਼ਾ ਪੰਥ ਨੂੰ ਦੇ ਦੇਵੇ।

ਸਾਕੇ ਤੋਂ ਬਾਅਦ 23 ਫਰਵਰੀ ਨੂੰ ਜਦੋਂ ਸਵੇਰ ਦਾ ਦੀਵਾਨ ਗੁਰਦੁਆਰੇ ਵਿੱਚ ਸਜਿਆ ਤਾਂ ਇਸ ਮੌਕੇ ਸੰਗਤਾਂ ਵੱਲੋਂ ਆਈਆਂ ਤਾਰਾਂ ਖੋਲ੍ਹੀਆਂ ਗਈਆਂ। ਸ. ਝੱਬਰ ਨੇ ਇੱਕ ਸਿੰਘ ਦੀ ਡਿਊਟੀ ਤਾਰਾਂ ਸੁਣਾਉਣ 'ਤੇ ਲਾਈ। ਇਨ੍ਹਾਂ ਵਿੱਚੋਂ ਇੱਕ ਤਾਰ ਮਹਾਰਾਜਾ ਭੁਪਿੰਦਰ ਸਿੰਘ ਦੀ ਪਹੁੰਚੀ। ਇਸ ਮੌਕੇ ਅਮਰ ਸਿੰਘ ਝਬਾਲ ਬੋਲੇ ਕਿ ਸਾਨੂੰ ਰਾਜਿਆਂ ਮਹਾਰਾਜਿਆਂ ਦੀ ਹਮਦਰਦੀ ਦੀ ਕੋਈ ਲੋੜ ਨਹੀਂ, ਇਹ ਤਾਰ ਨਾ ਪੜ੍ਹੀ ਜਾਵੇ; ਪਰ ਕਰਤਾਰ ਸਿੰਘ ਝੱਬਰ ਨੇ ਕਿਹਾ ਕਿ ਜੇ ਕੋਈ ਸਿੱਖ ਮਹਾਰਾਜਾ ਮਨ ਨੂੰ ਨੀਵਾਂ ਕਰਕੇ ਪੰਥ ਨਾਲ ਹਮਦਰਦੀ ਕਰਦਾ ਹੈ ਤਾਂ ਇਸ ਵਿੱਚ ਕੀ ਬੁਰਾਈ ਹੈ? ਇਹ ਤਾਰ ਜ਼ਰੂਰ ਪੜ੍ਹੀ ਜਾਵੇ। ਤਾਰ ਪੜ੍ਹੀ ਗਈ, ਇਸ ਦਾ ਸਾਰ ਇਹ ਸੀ ਕਿ ਮੈਂ ਇਸ ਸਾਕੇ 'ਤੇ ਸੋਗ ਪ੍ਰਗਟ ਕਰਦਾ ਹਾਂ, ਮੈਨੂੰ ਸ਼ਹੀਦ ਪਰਿਵਾਰਾਂ ਦੀ ਲਿਸਟ ਘੱਲੋ, ਮੈਂ ਸਭ ਦੀ ਪੈਨਸ਼ਨ ਲਾ ਦਿਆਂਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ ਸੀ, ਗੁਰਦੁਆਰੇ ਪੰਥ ਦੇ ਕਬਜ਼ੇ ਵਿੱਚ ਆ ਗਏ ਸਨ; ਪਰ ਨਨਕਾਣਾ ਸਾਹਿਬ ਗੁਰਦੁਆਰੇ ਦੀ ਬਹੁਤ ਸਾਰੀ ਪੈਲੀ ਅਜੇ ਮਹੰਤ ਦੇ ਬੰਦੇ ਹੀ ਵਾਹ ਰਹੇ ਸਨ। 14 ਜਨਵਰੀ 1933 ਦੀ ਗੱਲ ਹੈ, ਕਰਤਾਰ ਸਿੰਘ ਝੱਬਰ ਨੇ ਗੁਰਦੁਆਰੇ ਵਿੱਚ ਲੈਕਚਰ ਦਿੰਦਿਆਂ ਆਖਿਆ ਕਿ ਸਾਨੂੰ ਇਹ ਕਬਜ਼ੇ ਤੋੜਨੇ ਚਾਹੀਦੇ ਹਨ। ਇਹ ਕਬਜ਼ੇ ਤੋੜਨ ਲਈ ਝੱਬਰ ਦੀ ਅਗਵਾਈ ਵਿੱਚ ਇੱਕ ਜਥਾ ਕੋਟ ਲਹਿਣਾ ਦਾਸ ਪੁੱਜਾ। ਉਥੇ ਇਸ ਜਥੇ ਦਾ ਟਕਰਾਅ ਕਬਜ਼ੇਦਾਰਾਂ ਨਾਲ ਹੋ ਗਿਆ। ਇਸ ਝਗੜੇ ਵਿੱਚ ਮਹੰਤ ਲਹਿਣਾ ਦਾਸ ਦਾ ਸਾਲਾ ਬਿਸ਼ਨਾ ਸਾਧ ਮਾਰਿਆ ਗਿਆ। ਪੁਲਿਸ ਨੇ ਉਸੇ ਰਾਤ ਅਤੇ ਅਗਲੇ ਦਿਨ ਸਾਰੇ ਅਕਾਲੀਆਂ ਨੂੰ ਗ੍ਰਿਫਤਾਰ ਕਰਕੇ ਕਤਲ ਦਾ ਪਰਚਾ ਕੱਟ ਦਿੱਤਾ।

ਇਨ੍ਹਾਂ ਗ੍ਰਿਫਤਾਰੀਆਂ ਨਾਲ ਸਿੱਖ ਫਿਕਰਮੰਦ ਹੋ ਗਏ ਕਿ ਜੇ ਇਨ੍ਹਾਂ ਅਕਾਲੀਆਂ ਨੂੰ ਸਜ਼ਾ ਹੋ ਗਈ ਤਾਂ ਬਾਕੀ ਪੈਲੀਆਂ ਦੇ ਕਬਜ਼ੇ ਤੋੜਨੇ ਔਖੇ ਹੋ ਜਾਣਗੇ। ਇਸ ਕੇਸ ਦਾ ਮੁਕੱਦਮਾ ਸੈਸ਼ਨ ਜੱਜ ਚੌਧਰੀ ਅਹਿਸਾਨ ਉਲ ਹੱਕ ਕੋਲ ਸੀ। ਅਕਾਲੀਆਂ ਵੱਲੋਂ ਇਸ ਮੁਕੱਦਮੇ ਦੀ ਪੈਰਵਾਈ ਸਰਦਾਰ ਬਹਾਦਰ ਬੂਟਾ ਸਿੰਘ ਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਅਤੇ ਵਰਿਆਮ ਸਿੰਘ ਗਰਮੂਲਾ ਜ਼ਿੰਮੇ ਸੀ। ਅਕਾਲੀਆਂ ਨੂੰ ਬਰੀ ਕਰਾਉਣ ਲਈ ਗੁਪਤ ਵਿਚਾਰਾਂ ਹੋਈਆਂ। ਇਹ ਵਿਚਾਰ ਆਇਆ ਕਿ ਇਸ ਮੁਕੱਦਮੇ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਮਦਦ ਕਰ ਸਕਦਾ ਹੈ; ਕਿਉਂਕਿ ਸੈਸ਼ਨ ਜੱਜ ਚੌਧਰੀ ਅਹਿਸਾਨ ਉਲ ਹੱਕ ਮਹਾਰਾਜੇ ਦੀ ਕ੍ਰਿਕਟ ਟੀਮ ਦਾ ਮੈਂਬਰ ਸੀ।

ਗਿਆਨੀ ਸ਼ੇਰ ਸਿੰਘ, ਕਰਤਾਰ ਸਿੰਘ ਦੀਵਾਨਾ, ਵਰਿਆਮ ਸਿੰਘ ਗਰਮੂਲਾ ਮਹਾਰਾਜਾ ਸਾਹਿਬ ਨੂੰ ਮਿਲਣ ਲਈ ਪਟਿਆਲੇ ਪੁੱਜੇ। ਅੱਗੋਂ ਪਤਾ ਲੱਗਾ ਕਿ ਉਹ ਚੈਲ (ਹਿਮਾਚਲ) ਗਏ ਹੋਏ ਹਨ। ਇਹ ਤਿੰਨੇ ਜਣੇ ਚੈਲ ਪੁੱਜ ਗਏ। ਮਹਾਰਾਜਾ ਸਾਹਿਬ ਨੂੰ ਇਹ ਸਾਰੀ ਵਾਰਤਾ ਸੁਣਾਈ। ਉਨ੍ਹਾਂ ਨੇ ਫੌਰਨ ਪਟਿਆਲਾ ਹਾਈ ਕੋਰਟ ਦੇ ਜੱਜ ਅਰਜਨ ਸ਼ਾਹ ਨੂੰ ਬੁਲਾ ਕੇ ਸੈਸ਼ਨ ਜੱਜ ਚੌਧਰੀ ਅਹਿਸਾਨ ਉਲ ਹੱਕ ਕੋਲ ਮਹਾਰਾਜਾ ਸਾਹਿਬ ਦਾ ਇਹ ਸੁਨੇਹਾ ਦੇਣ ਲਈ ਘੱਲਿਆ ਕਿ ਸਾਰੇ ਅਕਾਲੀ ਬਰੀ ਕਰਨੇ ਹਨ। ਅਰਜਨ ਸ਼ਾਹ ਨੇ ਲਾਇਲਪੁਰ ਪੁੱਜ ਕੇ ਸੈਸ਼ਨ ਜੱਜ ਨੂੰ ਮਹਾਰਾਜਾ ਭੁਪਿੰਦਰ ਸਿੰਘ ਦਾ ਹੁਕਮ ਸੁਣਾਇਆ। ਅਹਿਸਾਨ ਉਲ ਹੱਕ ਨੇ ਬੜੀ ਦਲੇਰੀ ਨਾਲ ਆਖਿਆ ਕਿ ਜੇ ਮਹਾਰਾਜਾ ਸਾਹਿਬ ਦਾ ਹੁਕਮ ਹੈ ਤਾਂ ਇਸਦੀ ਤਾਮੀਲ ਜ਼ਰੂਰ ਹੋਵੇਗੀ।

13 ਜੂਨ 1933 ਨੂੰ ਇਸ ਮੁਕੱਦਮੇ ਦੀ ਬਹਿਸ ਸ਼ੁਰੂ ਹੋਈ, ਜੋ ਕਿ 16 ਜੂਨ ਤਕ ਚਲਦੀ ਰਹੀ। ਜੱਜ ਨੇ ਹੁਕਮ ਸੁਣਾਉਣ ਲਈ 19 ਜੂਨ ਦੀ ਤਾਰੀਕ ਰੱਖ ਦਿੱਤੀ। ਇਸ ਦਿਨ ਨਾ ਕੇਵਲ ਦੋਸ਼ੀਆਂ ਸਗੋਂ ਉਨ੍ਹਾਂ ਦੇ ਸੈਂਕੜੇ ਸਬੰਧੀ ਅਦਾਲਤ ਵਿੱਚ ਹਾਜ਼ਰ ਸਨ। ਕਿਸੇ ਨੂੰ ਇਹ ਉਮੀਦ ਨਹੀਂ ਸੀ ਕਿ ਐਡੀਆਂ ਨਿੱਗਰ ਗਵਾਹੀਆਂ ਦੇ ਹੁੰਦਿਆਂ ਮੁਲਜ਼ਮ ਸਜ਼ਾ ਤੋਂ ਬਚ ਜਾਣਗੇ। 19 ਜੂਨ ਨੂੰ ਜੱਜ ਨੇ ਸਾਰਿਆਂ ਨੂੰ ਬਰੀ ਕਰਨ ਦਾ ਹੁਕਮ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇੱਥੇ ਜ਼ਿਕਰਯੋਗ ਹੈ ਕਿ ਨਨਕਾਣਾ ਸਾਹਿਬ ਸਾਕੇ ਤੋਂ ਬਾਅਦ ਸਜੇ ਦੀਵਾਨ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਆਈ ਤਾਰ ਨੂੰ ਪੜ੍ਹਨ ਤੋਂ ਸਰਦਾਰ ਅਮਰ ਸਿੰਘ ਝੱਬਾਲ ਨੇ ਇਹ ਕਹਿ ਕੇ ਰੋਕਣ ਦੀ ਕੋਸ਼ਿਸ਼ ਕੀਤੀ ਕਿ ਸਾਨੂੰ ਰਾਜਿਆਂ ਮਹਾਰਾਜਿਆਂ ਦੀ ਹਮਦਰਦੀ ਦੀ ਕੋਈ ਲੋੜ ਨਹੀਂ; ਪਰ ਸਾਰੀ ਅਕਾਲੀ ਲੀਡਰਸ਼ਿਪ ਨੇ ਮਹਾਰਾਜਾ ਰਿਪਦਮਨ ਸਿੰਘ ਨਾਭਾ ਨਾਲ ਮਹਾਰਾਜਾ ਹੁੰਦਿਆਂ ਹੋਇਆਂ ਵੀ ਇੱਥੋਂ ਤੱਕ ਹਮਦਰਦੀ ਕੀਤੀ ਕਿ ਸਾਰੀ ਕੌਮ ਨੂੰ ਮੋਰਚੇ ਵਿੱਚ ਝੋਕ ਦਿੱਤਾ। ਗੱਲ ਇਹ ਨਹੀਂ ਕਿ ਮਹਾਰਾਜਾ ਭੁਪਿੰਦਰ ਸਿੰਘ ਦਾ ਕੋਈ ਕਰਮ ਸਿੱਖ ਵਿਰੋਧੀ ਸੀ। ਅਸਲ ਗੱਲ ਇਹ ਸੀ ਕਿ ਉਹ ਗਾਂਧੀ ਨਾਲ ਰਲ ਕੇ ਨਹੀਂ ਸੀ ਚਲਦਾ, ਜਦਕਿ ਮਹਾਰਾਜਾ ਨਾਭਾ ਇਹ ਕੰਮ ਕਰਦਾ ਸੀ।



ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ

ਕੀ ਅਕਾਲੀ ਲੀਡਰਸ਼ਿਪ ਗੁਰਦੁਆਰਿਆਂ ਦੀ ਆਜ਼ਾਦੀ ਦਾ ਕ੍ਰੈਡਿਟ ਲੈਣ ਦੀ ਹੱਕਦਾਰ ਹੈ?

ਹਰ ਮੌਕੇ ਦੀ ਅਕਾਲੀ ਲੀਡਰਸ਼ਿਪ ਨੇ ਗੁਰਦੁਆਰਿਆਂ ਦੀ ਆਜ਼ਾਦੀ ਦਾ ਕ੍ਰੈਡਿਟ ਅਕਾਲੀ ਦਲ ਨੂੰ ਦਿੱਤਾ ਜਾਂ ਇੰਝ ਕਹਿ ਲਵੋ ਕਿ ਆਪੇ ਕ੍ਰੈਡਿਟ ਲਿਆ। ਗੁਰਦੁਆਰਿਆਂ ਦੀ ਆਜ਼ਾਦੀ ਦੀ ਪਰਿਭਾਸ਼ਾ ਇਹ ਸੀ ਕਿ ਮਹੰਤਾਂ ਨੂੰ ਗੁਰਦੁਆਰਿਆਂ 'ਚੋਂ ਕੱਢਣਾ। ਪਰ ਅਕਾਲੀ ਦਲ ਨੇ ਮਹੰਤਾਂ ਨੂੰ ਕੱਢ ਕੇ ਕਬਜ਼ੇ ਲੈਣ ਦੀ ਮੁਹਿੰਮ ਵਿੱਚ ਕਦੇ ਸ਼ਮੂਲੀਅਤ ਨਹੀਂ ਕੀਤੀ। ਇਸ ਕੰਮ ਲਈ ਸਿਰਫ ਕਰਤਾਰ ਸਿੰਘ ਝੱਬਰ ਦੇ ਜਥੇ ਨੇ ਹੀ ਉਦਮ ਕੀਤਾ; ਕਿਉਂਕਿ ਝੱਬਰ ਵੀ ਅਕਾਲੀ ਸੀ, ਇਸ ਕਰਕੇ ਇਉਂ ਹੀ ਲਿਖਿਆ ਜਾਂਦਾ ਰਿਹਾ ਹੈ ਕਿ ਅਕਾਲੀਆਂ ਨੇ ਮਹੰਤਾਂ ਨੂੰ ਬਾਹਰ ਕੱਢ ਕੇ ਗੁਰਦੁਆਰਿਆਂ 'ਤੇ ਕਬਜ਼ੇ ਕੀਤੇ। ਸਮੁੱਚੀ ਅਕਾਲੀ ਲੀਡਰਸ਼ਿਪ ਵਿੱਚੋਂ ਜੇ ਸ. ਝੱਬਰ ਨੂੰ ਮਨਫੀ ਕਰ ਦੇਈਏ ਤਾਂ ਅਕਾਲੀ ਦਲ ਦਾ ਰੋਲ ਝੱਬਰ ਦੀ ਮੁਹਿੰਮ ਵਿੱਚ ਸਿਰਫ ਰੋੜੇ ਅਟਕਾਉਣਾ ਹੀ ਨਹੀਂ ਬਲਕਿ ਉਸ ਨੂੰ ਸਾਰੀ ਤਾਕਤ ਵਰਤ ਕੇ ਰੋਕਣ ਦਾ ਹੀ ਰਿਹਾ। ਅਕਾਲੀ ਲੀਡਰਸ਼ਿਪ ਵੱਲੋਂ ਸ. ਝੱਬਰ ਦੀ ਮੁਹਿੰਮ ਦੀ ਕਦੇ ਮੂੰਹ-ਜ਼ੁਬਾਨੀ ਸ਼ਲਾਘਾ ਵੀ ਨਹੀਂ ਕੀਤੀ ਗਈ। ਜਦੋਂ ਇਹ ਮੁਹਿੰਮ ਸਫਲਤਾ ਨਾਲ ਚੱਲ ਰਹੀ ਸੀ ਤਾਂ ਸ਼੍ਰੋਮਣੀ ਕਮੇਟੀ ਨੇ ਕਬਜ਼ਿਆਂ ਨੂੰ ਰੋਕਣ ਦਾ ਮਤਾ ਕਿਉਂ ਪਾਸ ਕੀਤਾ? ਇਸ ਦਾ ਕਦੇ ਕਾਰਨ ਨਹੀਂ ਦੱਸਿਆ ਗਿਆ। ਇਸ ਦੀਆਂ ਹੇਠ ਲਿਖੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ:

ਪਹਿਲੀ ਜਾਂ ਤਾਂ ਮਹੰਤ ਨੇ ਅਕਾਲੀ ਆਗੂ ਟਕਾ ਲਏ ਸਨ ਅਤੇ ਜਾਂ ਉਹ ਮਹੰਤ ਤੋਂ ਡਰ ਗਏ ਸਨ, ਕਿਉਂਕਿ ਮਹੰਤ ਮੁਹਿੰਮ ਦੇ ਮੋਹਰੀ ਆਗੂ ਕਰਤਾਰ ਸਿੰਘ ਝੱਬਰ ਨੂੰ ਕਤਲ ਕਰਾਉਣ ਦੀਆਂ ਸਕੀਮਾਂ ਬਣਾ ਰਿਹਾ ਸੀ।

ਦੂਜੀ, ਗੁਰਦੁਆਰਾ ਆਜ਼ਾਦੀ ਲਹਿਰ ਵਿੱਚ ਸ. ਝੱਬਰ ਨੂੰ ਮਿਲ ਰਹੀ ਸਫਲਤਾ ਕਰਕੇ ਉਨ੍ਹਾਂ ਨੂੰ ਆਪਣੀ ਲੀਡਰਸ਼ਿਪ ਪਿੱਛੇ ਪੈਂਦੀ ਜਾਪੀ। ਅਕਾਲੀ ਲੀਡਰਸ਼ਿਪ ਵੱਲੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਖਾਤਰ ਸੈਂਕੜੇ ਸ਼ਹੀਦੀਆਂ ਅਕਾਲੀ ਦਲ ਦੇ ਖਾਤੇ ਪਾਉਣੀਆਂ ਵੀ ਗਲਤ ਹਨ, ਕਿਉਂਕਿ ਨਨਕਾਣਾ ਸਾਹਿਬ ਦੇ ਸਾਕੇ ਵਿੱਚ ਹੋਈਆਂ ਸ਼ਹੀਦੀਆਂ ਅਕਾਲੀ ਦਲ ਦੀ ਨਾਲਾਇਕੀ ਕਾਰਨ ਹੋਈਆਂ ਸਨ। ਜੈਤੋਂ ਦੇ ਮੋਰਚੇ ਅਤੇ ਹੋਰ ਮੋਰਚਿਆਂ ਵਿੱਚ ਹੋਈਆਂ ਸ਼ਹੀਦੀਆਂ ਤੇ ਗ੍ਰਿਫਤਾਰੀਆਂ ਦਾ ਗੁਰਦੁਆਰਿਆਂ ਦੀ ਆਜ਼ਾਦੀ ਨਾਲ ਕੋਈ ਸਿੱਧਾ ਸਬੰਧ ਨਹੀਂ ਬਲਕਿ ਇਹ ਗਾਂਧੀ ਦੇ ਪ੍ਰੋਗਰਾਮ ਮੁਤਾਬਕ ਸਰਕਾਰ ਨਾਲ ਹੋਏ ਟਕਰਾਅ ਦਾ ਸਿੱਟਾ ਨੇ। ਅੰਗਰੇਜ਼ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੁਣ ਦੇ ਵਿਰੋਧ ਵਿੱਚ ਅਕਾਲੀ ਦਲ ਵੱਲੋਂ ਲਾਏ ਗਏ ਮੋਰਚੇ ਦੀ ਵਜਾਹਤ ਇਉਂ ਕੀਤੀ ਗਈ ਕਿ ਮਹਾਰਾਜਾ ਅਕਾਲੀ ਦਲ ਨਾਲ ਹਮਦਰਦੀ ਰੱਖਦਾ ਸੀ। ਅਸਲ ਵਿੱਚ ਮਹਾਰਾਜਾ ਗਾਂਧੀ ਹੋਰਾਂ ਨਾਲ ਹਮਦਰਦੀ ਰੱਖਦਾ ਸੀ ਅਤੇ ਅਕਾਲੀ ਦਲ ਵੀ ਗਾਂਧੀ ਦਾ ਹਮਾਇਤੀ ਸੀ। ਸੋ, ਉਨ੍ਹਾਂ ਨੇ ਇਸ ਦੀ ਵਿਆਖਿਆ ਆਪ ਦੇ ਮੁਤਾਬਕ ਇਉਂ ਕਰ ਲਈ ਕਿ ਗਾਂਧੀ ਅਕਾਲੀਆਂ ਨਾਲ ਹਮਦਰਦੀ ਰੱਖਦਾ ਸੀ, ਇਸ ਕਰਕੇ ਅਕਾਲੀ ਦਲ ਵੱਲੋਂ ਉਸ ਦੀ ਹਮਾਇਤ ਕਰਨੀ ਬਣਦੀ ਸੀ। ਨਨਕਾਣਾ ਸਾਹਿਬ ਸਾਕੇ ਤੱਕ ਅੰਗਰੇਜ਼ ਸਰਕਾਰ ਸ਼ਰੇਆਮ ਕਬਜ਼ਾ ਛੁਡਾਊ ਮੁਹਿੰਮ ਦਾ ਸਾਥ ਦੇ ਰਹੀ ਸੀ, ਪਰ ਜਦੋਂ ਅਕਾਲੀ ਦਲ ਨੇ ਗਾਂਧੀ ਦੀ ਹਦਾਇਤ ਅਨੁਸਾਰ ਮੁਕੱਦਮੇ ਦਾ ਬਾਈਕਾਟ ਕਰ ਦਿੱਤਾ ਅਤੇ ਸਾਰਿਆਂ ਨੂੰ ਗਾਂਧੀ ਦੇ ਸਿਆਸੀ ਪ੍ਰੋਗਰਾਮ ਵਿੱਚ ਕੁੱਦਣ ਦੀ ਅਪੀਲ ਕੀਤੀ ਭਾਵ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਗਾਂਧੀ ਦੇ ਹੱਕ ਵਿੱਚ ਸਿਆਸੀ ਲਾਹਾ ਲੈਣ ਦਾ ਮੌੜ ਕੱਟਿਆ ਤਾਂ ਉਦੋਂ ਹੀ ਸਰਕਾਰ ਨੇ ਅਕਾਲੀਆਂ ਨਾਲ ਸਿਆਸੀ ਵਿਰੋਧੀਆਂ ਵਾਂਗ ਪੇਸ਼ ਆਉਣਾ ਸ਼ੁਰੂ ਕੀਤਾ। ਜਿੱਥੋਂ ਤੱਕ ਗੁਰਦੁਆਰਾ ਐਕਟ ਦੀ ਗੱਲ ਹੈ, ਉਹ ਇਹ ਕਿ ਅੰਗਰੇਜ਼ ਤਾਂ ਪਹਿਲਾਂ ਹੀ ਗੁਰਦੁਆਰਾ ਐਕਟ ਵੱਲ ਵਧ ਰਹੇ ਸਨ। ਅਕਾਲ ਤਖਤ 'ਤੇ ਹੋਏ ਝੱਬਰ ਦੇ ਜਥੇ ਦੇ ਕਬਜ਼ੇ ਤੋਂ ਬਾਅਦ ਫੌਰਨ ਉਨ੍ਹਾਂ ਦਾ ਕਬਜ਼ਾ ਕਾਨੂੰਨਨ ਕਰਨ ਲਈ ਕਮੇਟੀ ਬਣਾਉਣ ਖਾਤਰ ਆਖਿਆ। ਮੌਕੇ 'ਤੇ ਹੀ ਬਣੀ ਆਰਜ਼ੀ ਕਮੇਟੀ ਨੂੰ ਡੀ.ਸੀ. ਨੇ ਕਬਜ਼ੇ ਦੇ ਕਾਗਜ਼ਾਤ ਦੇ ਦਿੱਤੇ। ਭਾਵ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਨ੍ਹਾਂ ਨੇ ਖੁਦ ਕਾਇਮ ਕਰਵਾਇਆ ਅਤੇ ਮਾਨਤਾ ਦਿੱਤੀ। ਬਾਅਦ ਵਿੱਚ ਇਸੇ ਜਥੇ ਨੂੰ ਕਬਜ਼ਿਆਂ ਵਿੱਚ ਸਹਾਇਤਾ ਕੀਤੀ। ਸਪੱਸ਼ਟ ਸੀ ਕਿ ਕਬਜ਼ਿਆਂ ਤੋਂ ਬਾਅਦ ਉਪਰੋਕਤ ਕਮੇਟੀ ਨੂੰ ਹੀ ਇਸ ਦੇ ਬਾਕਾਇਦਾ ਕਬਜ਼ੇ ਦਿੱਤੇ ਜਾਣੇ ਸਨ ਅਤੇ ਇਸ ਕਮੇਟੀ ਨੂੰ ਐਕਟ ਰਾਹੀਂ ਨਿਯਮਬੱਧ ਕਰਨਾ ਵੀ ਉਨ੍ਹਾਂ ਦੀ ਯੋਜਨਾ ਦਾ ਹਿੱਸਾ ਸਮਝਿਆ ਜਾ ਸਕਦਾ ਹੈ। ਜੇ ਗੁਰਦੁਆਰਾ ਐਕਟ 5 ਸਾਲ ਲੇਟ ਬਣਿਆ ਤਾਂ ਅਕਾਲੀ ਲੀਡਰਸ਼ਿਪ ਦੀਆਂ ਨੀਤੀਆਂ ਕਰਕੇ ਹੀ। ਅਕਾਲੀ ਦਲ ਨੇ ਜੇ ਕਿਤੇ ਝੱਬਰ ਦਾ ਮਨੋਂ ਸਾਥ ਦਿੱਤਾ ਹੁੰਦਾ ਤਾਂ ਉਸ ਦੀ ਤਾਕਤ ਕਿਤੇ ਵਧੇਰੇ ਹੁੰਦੀ। ਅਕਾਲੀ ਦਲ ਦੀ ਨੀਤੀ ਮੁਤਾਬਕ ਜੇ ਮਹੰਤਾਂ ਤੋਂ ਗੁਰਦੁਆਰੇ ਨਾ ਛੁਡਾਏ ਹੁੰਦੇ ਅਤੇ ਗਾਂਧੀ ਦੀ ਸਲਾਹ ਮੁਤਾਬਕ ਇਸ ਨੂੰ ਆਜ਼ਾਦੀ ਤੱਕ ਝੱਬਰ ਟਾਲ ਦਿੰਦਾ ਤਾਂ ਗੁਰਦੁਆਰਾ ਐਕਟ ਦਾ ਭਵਿੱਖ ਉਸੇ ਠੰਡੇ ਬਸਤੇ ਵਿੱਚ ਪਿਆ ਹੋਣਾ ਸੀ, ਜਿਸ ਵਿੱਚ ਹੁਣ ਤੱਕ ਆਲ ਇੰਡੀਆ ਗੁਰਦੁਆਰਾ ਐਕਟ ਪਿਆ ਹੋਇਆ ਹੈ। ਅਕਾਲੀ ਦਲ ਵੱਲੋਂ ਆਪਣੇ ਸਿਆਸੀ ਪ੍ਰੋਗਰਾਮਾਂ ਖਾਤਰ ਹੋਈਆਂ ਸ਼ਹੀਦੀਆਂ ਨੂੰ ਐਕਟ ਦੇ ਖਾਤੇ ਪਾਉਣਾ ਗਲਤ ਹੈ।

***(ਸਮਾਪਤ)***

ਤਰਜ਼-ਏ-ਜ਼ਿੰਦਗੀ



ਹਰਨਿੰਦਰ ਜੀਤ ਕੌਰ

# ਰੱਬੀ ਦਾਤਾਂ ਦਾ ਸ਼ੁਕਰਾਨਾ

ਮਹਾਨ ਲਿਖਾਰੀ ਸ. ਨਰਿੰਦਰ ਸਿੰਘ ਕਪੂਰ ਦੀ ਲਿਖੀ ਇੱਕ ਪੰਗਤੀ ਮੈਨੂੰ ਕਦੀ ਨਹੀਂ ਭੁੱਲਦੀ- "ਅਗਰ ਤਾਰੇ ਸਾਲ ਵਿੱਚ ਸਿਰਫ ਇੱਕ ਵਾਰ ਨਿਕਲਦੇ ਤੇ ਉਹ ਦਿਨ ਤਿਉਹਾਰ ਵਰਗਾ ਹੁੰਦਾ।" ਕਿੰਨਾ ਵਜ਼ਨ ਹੈ ਇਸ ਕਥਨ ਵਿੱਚ। ਸੋਚ ਕੇ ਦੇਖੋ, ਫਿਰ ਤੇ ਸਾਰਾ ਸਾਲ ਅਸੀਂ ਉਸ ਦਿਨ ਦਾ ਇੰਤਜ਼ਾਰ ਕਰਦੇ। ਥਾਂ-ਥਾਂ 'ਤੇ ਇਕੱਠ ਹੁੰਦੇ, ਮੇਲੇ ਲੱਗਦੇ ਕੁਦਰਤ ਦੀ ਇਸ ਬੇਸ਼ਕੀਮਤੀ ਘਟਨਾ ਨੂੰ ਦੇਖਣ ਵਾਸਤੇ। ਜਿੱਦਾਂ ਹੀ ਸ਼ਾਮ ਢਲਦੀ, ਅਸੀਂ ਸਾਰੇ ਆਪਣੇ ਕੈਮਰਿਆਂ ਸਮੇਤ ਖੁੱਲ੍ਹੀਆਂ ਥਾਵਾਂ 'ਤੇ ਪਹੁੰਚ ਜਾਂਦੇ। ਜਿਸ ਤਰ੍ਹਾਂ ਹੀ ਪਹਿਲਾ ਤਾਰਾ ਨਿਕਲਦਾ, ਢੋਲ ਵੱਜਣ ਲੱਗ ਜਾਂਦੇ, ਭੰਗੜੇ ਪੈਣ ਲੱਗ ਜਾਂਦੇ, ਕੁਲ ਜਹਾਨ ਨੱਚਣ ਲੱਗ ਜਾਂਦਾ। ਹੌਲੀ-ਹੌਲੀ ਅਸਮਾਨ ਤਾਰਿਆਂ ਨਾਲ ਭਰ ਜਾਂਦਾ ਅਤੇ ਨਾਲ ਹੀ ਹਰ ਸ਼ਖ਼ਸ ਖੁਸ਼ੀ ਤੇ ਖੁਮਾਰੀ ਨਾਲ।

ਕਹਿਣ ਦਾ ਮਤਲਬ ਕੁਦਰਤ ਦੀਆਂ ਬੇਅੰਤ ਦਾਤਾਂ ਜਿਹੜੀਆਂ ਸਾਨੂੰ ਸਹਿਜੇ ਹੀ ਉਪਲਬਧ ਹਨ, ਅਸੀਂ ਉਨ੍ਹਾਂ ਨੂੰ ਮਾਣਦੇ ਨਹੀਂ।

ਠੀਕ ਇਸੇ ਤਰ੍ਹਾਂ ਮਾਲਿਕ ਨੇ ਬੜਾ ਕੀਮਤੀ ਮਨੁੱਖੀ ਸਰੀਰ ਦਿੱਤਾ ਹੈ, ਜਿਹੜਾ ਬੇਅੰਤ ਦਾਤਾਂ ਨਾਲ ਭਰਿਆ ਹੈ, ਪਰ ਕਿਉਂਕਿ ਇਹ ਸਹਿਜੇ ਹੀ ਮਿਲਿਆ ਹੈ, ਅਸੀਂ ਇਸ ਦੀ ਕੀਮਤ ਤੋਂ ਅਣਜਾਣ ਹਾਂ। ਪੰਜ ਗਿਆਨ ਇੰਦ੍ਰੀਆਂ ਦੀ ਹੀ ਗੱਲ ਕਰ ਲਵੋ- ਅੱਖਾਂ, ਨੱਕ, ਕੰਨ, ਜੀਭ, ਚਮੜੀ ਯਾਨੀ ਕਿ ਦੇਖਣਾ, ਸੁੰਘਣਾ, ਸੁਣਨਾ, ਸਵਾਦ ਅਤੇ ਸਪਰਸ਼। ਇਹ ਇੰਦ੍ਰੀਆਂ ਬੜੀਆਂ ਅਨਮੋਲ ਹਨ। ਐਡਾ ਵੱਡਾ ਖਜ਼ਾਨਾ ਲਈ ਫਿਰਦੀ ਹਾਂ ਇਸਦਾ ਪਤਾ ਓਦੋਂ ਹੀ ਲੱਗਾ, ਜਦੋਂ ਇਨ੍ਹਾਂ ਵਿੱਚੋਂ ਦੋ ਗਿਆਨ ਇੰਦ੍ਰੀਆਂ ਖੁੱਸ ਗਈਆਂ।

ਮੇਰੀ ਬ੍ਰੇਨ ਸਰਜਰੀ ਹੋਈ। ਡਾਕਟਰ ਸਾਹਿਬ ਨੇ ਸਰਜਰੀ ਤੋਂ ਪਹਿਲਾਂ ਬਹੁਤ ਕੁਝ ਦੱਸਿਆ, ਜੋ ਸਰਜਰੀ ਦੌਰਾਨ ਵਾਪਰ ਸਕਦਾ ਸੀ; ਜਿਸ ਵਿੱਚ ਇੱਕ ਇਹ ਵੀ ਸੀ ਕਿ ਮੇਰੀ ਸੁੰਘਣ ਸ਼ਕਤੀ ਜਾ ਸਕਦੀ ਹੈ। ਮੈਂ ਆਪਣੇ-ਆਪ ਨੂੰ ਪਰਮਾਤਮਾ ਦੇ ਸਪੁਰਦ ਕਰ ਦਿੱਤਾ ਅਤੇ ਸਾਢੇ ਅੱਠ ਘੰਟਿਆਂ ਦੀ ਡਾਕਟਰਾਂ ਦੀ ਤਪੱਸਿਆ ਕਾਮਯਾਬ ਹੋਈ। ਦੋ ਦਿਨ ਬਾਅਦ ਹੋਸ਼ ਆਈ ਤਾਂ ਡਾਕਟਰ ਸਾਹਿਬ ਨੇ ਦੱਸਿਆ, "ਤੁਹਾਡੀ ਸੁੰਘਣ ਸ਼ਕਤੀ ਨਹੀਂ ਰਹੀ।" ਮੈਂ ਖੁਸ਼ੀ ਵਿੱਚ ਖੀਵੀ ਹੁੰਦੀ ਹੋਈ ਨੇ ਪਰਮਾਤਮਾ ਦਾ ਅਤੇ ਡਾਕਟਰ ਸਾਹਿਬ ਦਾ ਧੰਨਵਾਦ ਕਰ ਕੇ ਕਿਹਾ, "ਡਾਕਟਰ ਸਾਹਿਬ ਮੈਂ ਤਾਂ ਹੈਗੀ ਹਾਂ, ਬਾਕੀ ਸਾਰਾ ਕੁਝ ਬੱਚ ਗਿਆ ਹੈ। ਸ਼ੁਕਰ ਹੈ ਦਾਤੇ ਦਾ।"

ਅੱਜ ਵੀ ਇਹ ਗੱਲ ਪਰਮਾਤਮਾ ਦਾ ਸ਼ੁਕਰਾਨਾ ਕਰਦੀ ਹੋਈ ਤੁਹਾਡੇ ਨਾਲ ਸਾਂਝੀ ਕਰ ਰਹੀ ਹਾਂ, "ਸ਼ੁਕਰ ਦਾਤਿਆ ਤੁਸੀਂ ਮੈਨੂੰ ਦੂਜਾ ਜਨਮ ਦਿੱਤਾ ਅਤੇ ਤੁਹਾਡੀ ਬਣਾਈ ਦੁਨੀਆਂ ਖੁਸ਼ਬੂਆਂ ਨਾ ਹੋਣ ਤੇ ਮੈਨੂੰ ਸੋਹਣੀ ਤੇ ਪਿਆਰੀ ਲੱਗਦੀ ਹੈ।"

ਇੱਥੇ ਇੱਕ ਗੱਲ ਇਹ ਵੀ ਦੱਸ ਦੇਵਾਂ ਕਿ ਸਵਾਦ ਵੀ ਸੁੰਘਣ ਸ਼ਕਤੀ ਨਾਲ ਹੀ ਆਉਂਦਾ ਹੈ, ਜੇ ਸੁੰਘਣ ਸ਼ਕਤੀ ਨਹੀਂ ਤੇ ਸਵਾਦ ਵੀ ਨਹੀਂ।

ਹੁਣ ਕਪੂਰ ਸਾਹਿਬ ਦੀ ਗੱਲ ਨੂੰ ਹੋਰ ਵੀ ਅਰਥ ਮਿਲ ਜਾਂਦੇ ਹਨ। ਉਹ ਦਿਨ ਸੱਚਮੁੱਚ ਕਿਸੇ ਮੇਲੇ, ਕਿਸੇ ਤਿਓਹਾਰ ਵਰਗਾ ਹੋਵੇਗਾ, ਜਿਸ ਦਿਨ ਮੇਰੀ ਸੁੰਘਣ ਸ਼ਕਤੀ ਤੇ ਸਵਾਦ ਪਰਤੇਗਾ। ਮੈਂ ਆਪਣੇ ਪਿਆਰੇ ਫੁੱਲ ਗੁਲਾਬ ਦੀ ਮਹਿਕ ਮਹਿਸੂਸ ਕਰਾਂਗੀ, ਹਰੇ ਧਨੀਏ ਦੀ ਟ੍ਹੰਬਣ ਵਾਲੀ ਖੁਸ਼ਬੂ ਦਾ ਸਵਾਦ ਲਵਾਂਗੀ, ਪਿਆਜ਼ ਅਤੇ ਲਸਣ ਦੀ ਤਿੱਖੀ ਤੇ ਸਵਾਦਲੀ ਮਹਿਕ ਰੂਹ ਤੱਕ ਭਰਾਂਗੀ। ਦਾਲਾਂ ਅਤੇ ਸਬਜ਼ੀਆਂ ਨੂੰ ਲੱਗਦਾ ਤੜਕਾ ਰੂਹ ਨੂੰ ਸ਼ਰਸਾਰ ਕਰੇਗਾ, ਫੁੱਲਦਾ ਹੋਇਆ ਫੁਲਕਾ ਹਾਕਾਂ ਮਾਰ ਬੁਲਾਵੇਗਾ, ਰੜਦਾ ਪਰੌਂਠਾ ਮੂੰਹ ਵਿੱਚ ਪਾਣੀ ਲਿਆਵੇਗਾ, ਗੁੜ ਦੀ ਮਿਠਾਸ ਹੀ ਨਹੀਂ ਮਹਿਕ ਵੀ ਸਾਹਾਂ ਵਿੱਚ ਰਲੇਗੀ, ਹਰ ਖੁਸ਼ਬੂ ਕਿਸੇ ਚੀਜ਼ ਦੀ ਹੋਂਦ ਦੱਸੇਗੀ, ਵਾਹ!

ਲੀਕ ਹੁੰਦੇ ਸਿਲੰਡਰ ਦਾ ਮੈਨੂੰ ਵੀ ਪਤਾ ਲੱਗੇਗਾ, ਹੋਰਨਾਂ ਵਾਂਗ ਆਉਂਦੀ ਹੋਈ ਬੋ ਮਹਿਸੂਸ ਕਰ ਕੇ ਮੈਂ ਵੀ ਨੱਕ ਢਕ ਲਵਾਂਗੀ। ਅਜੇ ਤਾਂ ਬੜੇ ਜੋਖਿਮ ਭਰੇ ਤੇ ਹਾਸੋ ਹੀਣੇ ਕਿੱਸੇ ਵਾਪਰਦੇ ਨੇ।

ਸਬਜ਼ੀ ਯਾਂ ਦਾਲ ਸੜਦੀ ਤੇ ਨਹੀਂ/ਖਰਾਬ ਤੇ ਨਹੀਂ ਹੋ ਗਈ ਇਹ ਵੀ ਪਤਾ ਲੱਗੇਗਾ। ਵੰਨ-ਸੁਵੰਨੀਆਂ ਚੀਜ਼ਾਂ ਨੂੰ ਸੁੰਘ ਕੇ ਪਛਾਣ ਲਵਾਂਗੀ।

ਇਹ ਤੇ ਮੈਂ ਸਿਰਫ਼ ਇੱਕ ਅੱਧੀ ਗਿਆਨ ਇੰਦ੍ਰੀ ਦੀ ਗੱਲ ਕੀਤੀ ਹੈ। ਸੋਚੀਏ ਜ਼ਰਾ ਮਾਲਿਕ ਜੀ ਨੇ ਇਹ ਸਰੀਰ ਰੂਪੀ ਕਿੰਨਾ ਵੱਡਾ ਖਜ਼ਾਨਾ ਦਿੱਤਾ ਹੈ।


ਜੋ ਵੀ ਹੈ, ਮੈਂ ਇਸ ਦੂਜੇ ਜਨਮ ਵਿੱਚ ਬਹੁਤ ਖੁਸ਼ ਹਾਂ। ਫੇਰ ਵੀ ਮੈਨੂੰ ਇੰਤਜ਼ਾਰ ਹੈ, ਤਿਓਹਾਰ ਵਰਗੇ ਉਸ ਦਿਨ ਦਾ, ਜਿਸ ਦਿਨ ਮੇਰੀਆਂ ਸਾਰੀਆਂ ਗਿਆਨ ਇੰਦ੍ਰੀਆਂ ਮੇਰੇ ਅਧੂਰੇ ਗਿਆਨ ਨੂੰ ਪੂਰਾ ਕਰਨਗੀਆਂ ਅਤੇ ਜ਼ਿੰਦਗੀ ਗੁਲਜ਼ਾਰ ਹੋ ਜਾਵੇਗੀ।

ਦੁਆਵਾਂ ਕਰਿਓ ਜੀ, ਅਰਦਾਸਾਂ ਜੋੜਦੀਆਂ ਕਰਿਓ ਜੀ। ਬੇਅੰਤ ਬਖਸ਼ਿਸ਼ਾਂ ਨੇ ਦੁਆਵਾਂ ਵਿੱਚ।

# ਸੱਤਰ ਵਰ੍ਹਿਆਂ ਬਾਅਦ: ਦੋ ਸਹੇਲੀਆਂ ਦੀ ਗੱਲਬਾਤ

**ਦੁੱਖੜੇ ਬਟਵਾਰੇ ਦੇ**

**ਸਾਂਵਲ ਧਾਮੀ**
**ਫੋਨ:+91-9781843444**



***ਜਿਨ੍ਹਾਂ ਥਾਵਾਂ 'ਤੇ ਬਚਪਨ ਬੀਤਿਆ ਹੋਵੇ ਅਤੇ ਦਿਨ ਅਪਣੱਤ ਤੇ ਪਿਆਰ ਨਾਲ ਭਰੇ ਬੀਤੇ ਹੋਣ, ਉਹ ਭਲਾਂ ਕਿੱਥੇ ਭੱਲਦੇ ਨੇ! ਸੰਨ ਸੰਤਾਲੀ ਦੇ ਬਟਵਾਰੇ ਸਮੇਂ ਬੜੇ ਲੋਕਾਂ ਦਾ ਬੜਾ ਕੁਝ ਗੁਆਚ ਗਿਆ- ਖਾਸ ਕਰ ਰਿਸ਼ਤੇ-ਨਾਤੇ! ਹਥਲੀ ਲਿਖਤ ਵਿੱਚ ਗਵਾਚੇ ਰਿਸ਼ਤਿਆਂ ਦੀ ਯਾਦਾਂ ਦੀ ਤੰਦ ਕੱਤੀ ਗਈ ਹੈ। ਦੋਹਾਂ ਪੰਜਾਬਾਂ ਦੇ ਵਿਛੜੇ ਲੋਕ ਆਪਣੀ ਮਿੱਟੀ ਨੂੰ ਮਸਤਕ 'ਤੇ ਲਾਉਣਾ ਲੋਚਦੇ ਹਨ, ਪਰ ਸਿਆਸੀ ਫਿਰਕਾਪ੍ਰਸਤੀ ਦੀਆਂ ਵਾੜਾਂ ਉਨ੍ਹਾਂ ਦੇ ਸੁਪਨਿਆਂ ਨੂੰ ਜ਼ਖਮੀ ਕਰ ਦਿੰਦੀਆਂ ਹਨ। ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਦੀ ਗੰਢ ਨਾਮੀ ਕਲਮਕਾਰ ਸਾਂਵਲ ਧਾਮੀ ਨੇ ਕੁਝ ਇਸ ਲਹਿਜ਼ੇ 'ਚ ਖੋਲ੍ਹੀ ਹੈ ਕਿ ਉਮੀਦ ਕੀਤੀ ਜਾ ਸਕਦੀ ਹੈ, ਪਾਠਕ ਇਨ੍ਹਾਂ ਨੂੰ ਪਰੁੱਚ ਕੇ ਪੜ੍ਹਨਗੇ...। -ਪ੍ਰਬੰਧਕੀ ਸੰਪਾਦਕ***

ਸੰਤਾਲੀ ਤੋਂ ਪਹਿਲਾਂ ਨਾਰੋਵਾਲ ਜ਼ਿਲ੍ਹਾ ਨਹੀਂ, ਸਿਆਲਕੋਟ ਦੀ ਤਹਿਸੀਲ ਹੁੰਦਾ ਸੀ। ਜੱਸੜ ਰੇਲਵੇ ਸਟੇਸ਼ਨ ਨੇੜਲੇ ਪਿੰਡ ਦੁਆਬੇ 'ਚ ਰੰਧਾਵੇ ਵੱਸਦੇ ਸਨ। ਇਸੀ ਪਿੰਡ ਦੀ ਜਾਈ ਜੋਗਿੰਦਰ ਕੌਰ ਉਰਫ਼ ਜਿੰਦੋ ਹੁਣ ਚੁਰਾਸੀ ਵਰ੍ਹਿਆਂ ਤੋਂ ਉਤੇ ਦੀ ਹੋ ਚੁੱਕੀ ਹੈ। ਮੈਂ ਉਸ ਨਾਲ਼ ਗੱਲਬਾਤ ਕਰਨ ਗਿਆ ਤਾਂ ਉਸ ਨੇ ਗੱਲਾਂ ਦੀ ਝੜੀ ਲਗਾ ਦਿੱਤੀ ਸੀ:

ਸਾਡੇ ਪਿੰਡ 'ਚ ਬਹੁਤੇ ਸਿੱਖ ਸਨ। ਬਸ ਇੱਕ ਘਰ ਸੀ ਮੁਸਲਮਾਨ ਰੰਧਾਵਿਆਂ ਦਾ। ਚਾਚੇ ਗੁਲਾਬਦੀਨ ਦਾ ਘਰ। ਚਾਚੇ ਦੀਆਂ ਧੀਆਂ ਦੇ ਨਾਂ ਸਨ- ਰਸੂਲਾਂ, ਸਕੀਨਾ ਤੇ ਜ਼ੀਰਾ। ਵੱਡੀਆਂ ਦੋਵੇਂ, ਵੱਡੀਆਂ ਭੈਣਾਂ ਦੀਆਂ ਸਹੇਲੀਆਂ ਸਨ। ਜ਼ੀਰਾ ਮੇਰੀ ਸਹੇਲੀ ਸੀ। ਮੇਰੀ ਤਾਂ ਜਾਨ ਸੀ ਉਹ। ਉਨ੍ਹਾਂ ਦੇ ਘਰ ਬੇਰੀ ਹੁੰਦੀ ਸੀ। ਅਸੀਂ 'ਕੱਠੀਆਂ ਨੇ ਬੇਰ ਤੋੜਨੇ। ਚਾਚੀ ਸ਼ਰੀਫ਼ਾਂ ਬਾਟੀ ਦਾ ਦਾਰੂ ਬਣਾਉਂਦੀ ਹੁੰਦੀ ਸੀ। ਸਾਰੀਆਂ ਕੁੜੀਆਂ ਨੇ ਉਸ ਕੋਲੋਂ ਦਾਰੂ ਪਵੌਣ ਜਾਣਾ। ਫਿਰ ਜਦੋਂ ਅਸੀਂ ਕਰਤਾਰਪੁਰ ਸਾਬ੍ਹ ਮੱਸਿਆ 'ਤੇ ਜਾਣਾ ਤਾਂ ਅਸੀਂ ਆਪਣੇ ਮੁਸਲਮਾਨ ਮਾਮਿਆਂ ਦੇ ਘਰੋਂ ਹੋ ਕੇ ਔਣਾ। ਸਾਡੇ ਘਰ ਜਾਮਣੂੰ ਹੁੰਦਾ ਸੀ। ਸਾਡੀ ਅੱਲ ਵੀ 'ਜਾਮਣੂੰ ਵਾਲ਼ੇ' ਪਈ ਹੋਈ ਸੀ। ਚਾਚੇ ਗੁਲਾਬਦੀਨ ਨਾਲ਼ ਇੱਕ ਖੂਹ ਵੀ ਸਾਂਝਾ ਹੁੰਦਾ ਸੀ ਸਾਡਾ। ਉਨ੍ਹਾਂ ਦੇ ਵਿਆਹ ਹੁੰਦਾ ਤਾਂ ਉਹ ਹਿੰਦੂ ਹਲਵਾਈ ਲਗਾਉਂਦੇ। ਉਨ੍ਹਾਂ ਦੀ ਬਰਾਤੇ ਗਏ ਸਿੱਖਾਂ ਦਾ ਖਾਣਾ ਵੱਖਰਾ ਤਿਆਰ ਹੁੰਦਾ। ਉਂਝ ਪਿਆਰ ਬੜਾ ਸੀ। ਫਿਰ ਪੁੱਤਰਾ ਰੌਲ਼ੇ ਪੈ ਗਏ। ਅਸੀਂ ਛੱਤਾਂ 'ਤੇ ਚੜ੍ਹ-ਚੜ੍ਹ ਵੇਖਣਾ। ਏਧਰੋਂ ਭਰ-ਭਰ ਮੁਸਲਮਾਨਾਂ ਦੀਆਂ ਗੱਡੀਆਂ ਜੱਸੜ 'ਟੇਸ਼ਣ 'ਤੇ ਔਣ ਲੱਗ ਪਈਆਂ।

ਸਾਡੇ ਪਿੰਡ ਫੌਜੀ ਬੜੇ ਸਨ। ਅਸਲਾ ਵੀ ਸੀ ਉਨ੍ਹਾਂ ਕੋਲ਼। ਇੱਕ ਸਵੇਰ ਸਾਡੇ ਪਿੰਡ ਨੂੰ ਪੁਲਿਸ ਨੇ ਘੇਰਾ ਪਾ ਲਿਆ। ਬੱਚੇ-ਔਰਤਾਂ ਨੂੰ ਛੱਡ, ਸਾਰਾ ਪਿੰਡ ਬੰਨ੍ਹ ਕੇ ਜੱਸੜ ਥਾਣੇ 'ਚ ਲੈ ਗਏ। ਮੇਰਾ ਪਿਉ, ਦੋਵੇਂ ਚਾਚੇ ਤੇ ਵੱਡੇ ਦੋਵੇਂ ਭਰਾ, ਕੋਈ ਦੋ ਮਹੀਨਿਆਂ ਬਾਅਦ ਮੁੜੇ ਸਨ ਪਾਕਸਤਾਨੋਂ। ਵਟਾਂਦਰਾ ਹੋਇਆ ਸੀ ਕੈਦੀਆਂ ਦਾ। ਇੱਕ-ਇੱਕ ਸਿੱਖ ਵੱਟੇ ਦੋ-ਦੋ ਮੁਸਲਮਾਨ ਦਿੱਤੇ ਸੀ, ਪਾਕਸਤਾਨ ਨੂੰ। ਬੜੇ ਔਖੇ ਕੱਟੇ ਸੀ ਅਸਾਂ ਦਿਨ ਉਹ। ਅਸੀਂ ਸੋਚਣਾ ਕਿ ਉਨ੍ਹਾਂ ਨੂੰ ਪੁਲਿਸ ਵਾਲਿਆਂ ਮਾਰ ਦਿੱਤਾ ਹੋਣਾ ਏ! ਉਹ ਦੱਸਣ ਭਈ ਅਸੀਂ ਕਹੀਏ ਚੰਗਾ ਹੋਵੇ ਜੇ ਵਿਹੜੇ ਵਾਲ਼ੇ ਖੂਹ 'ਚ ਛਾਲ਼ਾਂ ਮਾਰ ਕੇ ਮਰ ਗਈਆਂ ਹੋਣ। ਪਹਿਲਾਂ ਪੁੱਤਰਾ ਅਸੀਂ ਛਿੱਛਰਵਾਲ਼ੀ ਆਏ। ਫਿਰ ਕੋਈ ਦੋ-ਢਾਈ ਵਰ੍ਹਿਆਂ ਬਾਅਦ ਪੱਕੀ ਅਲਾਟਮੈਂਟ ਹੋਈ ਪਿੰਡ ਭੜਛਾਟੇ: ਡੇਰਾ ਬਾਬਾ ਨਾਨਕ ਕੋਲ਼। ਚਾਰ ਕੁ ਵਰ੍ਹਿਆਂ ਬਾਅਦ ਮੇਰਾ ਵਿਆਹ ਹੋਇਆ, ਮੱਲਪੁਰੀਏ ਬਾਜਵਿਆਂ ਦੇ।

ਇੱਕ ਗੱਲ ਦੱਸਾਂ ਪੁੱਤਰਾ ਚਾਚੇ ਨੂਰੇ ਕੇ ਟੱਬਰ ਨੇ ਬੜਾ ਸਾਥ ਦਿੱਤਾ ਸੀ ਸਾਡਾ। ਵੀਰੇ ਹੁਣੀਂ ਦੱਸਦੇ ਹੁੰਦੇ ਸਨ ਕਿ ਬਰਕਤ ਵੀਰਾ, ਨਾਨਕ ਇਸਾਈ ਨੂੰ ਨਾਲ਼ ਲੈ ਕੇ ਜੱਸੜ ਥਾਣੇ ਨੂੰ ਤੁਰਿਆ ਹੀ ਰਹਿੰਦਾ ਸੀ। ਉਹ ਪਿੱਛਾ ਨਾ ਕਰਦੇ ਤਾਂ ਸ਼ੈਤ ਇਨ੍ਹਾਂ ਨੂੰ ਮਾਰ ਈ ਦਿੰਦੇ। ਸਾਡੇ ਵੱਡੇ ਤਾਂ ਉਨ੍ਹਾਂ ਨੂੰ ਯਾਦ ਕਰਦੇ ਤੁਰ ਗਏ। ਮੈਨੂੰ ਵੀ ਪਿੰਡ ਬੜਾ ਯਾਦ ਆਉਂਦਾ ਏ ਪੁੱਤਰਾ। ਦੇਖ ਲੈ ਕੇਹੇ ਵਿਛੋੜੇ ਪਏ ਸਾਡੇ! ਸੱਤਰ ਵਰ੍ਹੇ ਹੋ ਗਏ, ਇੱਕ-ਦੂਜੇ ਨੂੰ ਮਿਲ ਈ ਨਈਂ ਸਕੇ ਮੁੜ ਕੇ।



"ਪੁੱਤਰਾ ਮੈਨੂੰ ਦੁਆਬਾ ਵਿਖਾ ਦਿਓ। ਮੈਨੂੰ ਮੇਰੀ ਜ਼ੀਰਾ ਨਾਲ਼ ਮਿਲ਼ਾ ਦਿਓ!" ਗੱਲਬਾਤ ਮੁਕਾ ਹੱਥ ਜੋੜਦਿਆਂ ਤਰਲਾ ਜਿਹਾ ਲਿਆ ਸੀ ਉਸ ਨੇ।

ਇਹ ਗੱਲਬਾਤ ਯੂ-ਟਿਊਬ ਚੈਨਲ 'ਤੇ ਅਪਲੋਡ ਹੋਈ ਤਾਂ ਸਿਆਲਕੋਟ ਰਹਿੰਦੇ ਖਾਦਿਮ ਹੁਸੈਨ ਨੇ ਬੀਬੀ ਜਿੰਦੋ ਦਾ ਥਹੁ-ਪਤਾ ਲਗਾ ਲਿਆ। ਉਹ ਬੱਦੋ ਮੱਲੀ ਥਾਣੇ ਦੇ ਪਿੰਡ ਤਲਵੰਡੀ ਘੁੰਮਣਾਂ 'ਚ ਵਿਆਹੀ ਹੋਈ ਸੀ।

ਮਿੱਥੇ ਵਕਤ 'ਤੇ ਅਸੀਂ ਬੀਬੀਆਂ ਕੋਲ਼ ਪਹੁੰਚ ਗਏ। ਬੀਬੀ ਜਿੰਦੋ ਨੇ ਦੱਸਿਆ ਕਿ ਵਿਛੜੀ ਸਹੇਲੀ ਨਾਲ਼ ਗੱਲਬਾਤ ਕਰਨ ਦੀ ਖ਼ੁਸ਼ੀ 'ਚ ਉਹ ਸਾਰੀ ਰਾਤ ਸੁੱਤੀ ਨਹੀਂ ਸੀ।

ਵੀਡੀਓ ਕਾਲ ਸ਼ੁਰੂ ਹੋਈ। ਪਹਿਲਾਂ ਤਾਂ ਬੁੱਢੀਆਂ ਅੱਖਾਂ ਨੇ ਇੱਕ ਦੂਜੇ ਨੂੰ ਪਛਾਣਿਆ। ਲਹਿੰਦੇ ਪੰਜਾਬ ਵਾਲ਼ੀ ਬੀਬੀ ਜ਼ਿਆਦਾ ਸਿਹਤਮੰਦ ਸੀ। ਦੋਵਾਂ ਨੇ ਮਾਪਿਆਂ ਤੇ ਫਿਰ ਭੈਣ-ਭਾਈਆਂ ਬਾਰੇ ਪੁੱਛਿਆ।

"ਸਕੀਨਾਂ ਤੇ ਰਸੂਲਾਂ ਤਾਂ ਫੌਤ ਹੋ ਗਈਆਂ!" ਉਹ ਬੋਲੀ ਸੀ।

"ਛਿੰਦੋ ਤੇ ਧੰਤੀ ਵੀ ਤੁਰ ਗਈਆਂ!" ਇਸ ਨੇ ਕਿਹਾ ਸੀ।

"ਬਰਕਤ ਵੀ ਚਲਾ ਗਿਆ!" ਇਹ ਬੋਲ ਉਸ ਬੀਬੀ ਦੇ ਸਨ।

"ਨਾਹਰ ਸੂੰ ਤੇ ਕੇਹਰ ਸੂੰ ਦੋਵੇਂ ਤੁਰ ਗਏ!" ਇਹ ਕਹਿੰਦਿਆਂ ਬੀਬੀ ਜਿੰਦੋ ਦੇ ਬੋਲ ਭਾਰੇ ਹੋ ਗਏ ਸਨ।

"ਯਾਦ ਏ ਤੈਨੂੰ ਜ਼ੀਰਾ ਅਸੀਂ ਤੁਹਾਢੇ ਘਰ ਦੀ ਬੇਰੀ ਤੋਂ ਬੇਰ ਤੋੜਦੀਆਂ ਹੁੰਦੀਆਂ ਸਾਂ। ਮੈਂ ਤਾਂ ਹੁਣ ਵੀ ਸੁਪਨਿਆਂ 'ਚ ਬੇਰ ਖਾਂਦੀ ਰਹਿੰਦੀ ਆਂ। ਉਹ ਬੇਰੀ ਹੈਗੀ ਵੇ?" ਇਸ ਬੀਬੀ ਨੇ ਪੁੱਛਿਆ ਤਾਂ ਮੂਹਰਿਓ ਜ਼ੀਰਾ ਬੀਬੀ ਖਰ੍ਹਵੀਂ ਅਵਾਜ਼ 'ਚ ਬੋਲੀ ਸੀ, "ਲੈ! ਰੱਖੀਆਂ ਨੇ ਭਲਾ ਉਹ ਬੇਰੀਆਂ!"

"ਬਸੈਂਤਰ ਤਾਂ ਹੁਣ ਵੀ ਵਗਦਾ ਹੋਣਾ ਜ਼ੀਰਾ। ਯਾਦ ਵੇ ਤੈਨੂੰ ਉਹ ਦਿਨ...।" ਜਿੰਦੋ ਬੀਬੀ ਨੇ ਇਕ ਹੋਰ ਯਾਦ ਦੀ ਤੰਦ ਛੋਹ ਲਈ ਸੀ।

"...ਬਰਸਾਤਾਂ 'ਚ ਹੜ੍ਹ ਔਣੇ। ਫਿਰ ਧੁੱਪਾਂ ਲੱਗਣੀਆਂ। ਮਿੱਟੀ ਨੇ ਜੰਮ ਜਾਣਾ। ਇਉਂ ਹੋ ਜਾਣਾ ਜਿਉਂ ਬਰਫ਼ੀ ਹੋਵੇ। ਅਸੀਂ ਇੱਕ-ਦੂਜੀ ਨੂੰ ਆਖ਼ਣਾ-ਨੀਂ ਬਰਫ਼ੀ ਖਾ ਲੈ। ਅਸੀਂ ਦੋਵਾਂ ਨੇ ਮਿੱਟੀ ਖਾਈ ਜਾਣੀ!" ਇਸ ਗੱਲ 'ਤੇ ਦੋਵੇਂ ਬੀਬੀਆਂ ਖਿੜ-ਖਿੜਾ ਕੇ ਹੱਸ ਪਈਆਂ ਸਨ।

"ਨੀ ਜ਼ੀਰਾ ਸਾਡੇ ਘਰ 'ਚ ਜਿੜ੍ਹਾ ਜਾਮਣੂੰ ਸੀ, ਉਹ ਹੈਗਾ ਵੇ?" ਇਸ ਬੀਬੀ ਦੇ ਸਵਾਲ 'ਤੇ ਉਹ ਬੀਬੀ ਫਿਰ ਤੋਂ ਥੋੜ੍ਹੀ ਖ਼ਰ੍ਹਵੀਂ ਆਵਾਜ਼ 'ਚ ਬੋਲੀ ਸੀ, "ਉਹ ਤਾਂ ਉਦੋਂ ਈ ਵੱਢ ਦਿੱਤਾ ਸੀ ਮੁਹਾਜ਼ਰਾਂ ਨੇ। ਜੰਮੂ ਦੇ ਗੁੱਜਰ ਵਸੇ ਨੇ, ਤੁਹਾਢੇ ਘਰ ਤੇ ਜ਼ਮੀਨਾਂ 'ਤੇ।"

"ਨੀਂ ਨਾਨਕ ਇਸਾਈ ਹੁਣ ਹੈਗਾ ਵੇ?" ਜਿੰਦੋ ਨੇ ਅਗਲਾ ਸਵਾਲ ਕੀਤਾ ਸੀ।

"ਲੈ ਨੀਂ ਕਮਲੀਏ, ਕ੍ਰੇੜੀਆਂ ਗੱਲਾਂ ਕਰਦੀ ਪਈਂ ਏਂ ਤੂੰ! ਉਹ ਤਾਂ ਪਤਾ ਨਈਂ ਕਦੋਂ ਦਾ ਮਰ-ਖਪ ਗਿਆ ਹੋਣਾ। ਮੈਂ ਕਿਤੇ ਨਾਲ਼ ਬੰਨ੍ਹੀ ਫਿਰਦੀ ਆਂ, ਡਾਢ੍ਹੇ ਨਾਨਕ ਹਸਾਈ ਨੂੰ!" ਹੁਣ ਉਹ ਥੋੜ੍ਹਾ ਗੁੱਸੇ 'ਚ ਬੋਲੀ ਸੀ।

"ਨੀ ਜ਼ੀਰਾਂ, ਮੇਰਾ ਜੀਜਾ ਕਿੱਥੇ ਵੇ?" ਜਿੰਦੋ ਬੀਬੀ ਹੀ ਬਹੁਤੇ ਸਵਾਲ ਕਰ ਰਹੀ ਸੀ।

"ਜੀਜਾ ਤੁਰ ਗਿਆ, ਅੱਲਾ ਕੋਲ਼!" ਨਜ਼ੀਰਾਂ ਬੀਬੀ ਨੇ ਇਹ ਗੱਲ ਸਹਿਜਤਾ ਨਾਲ਼ ਕਹੀ ਸੀ।

"ਨੀਂ ਮੇਰੇ ਹੌਲ਼ਦਾਰ ਨੂੰ ਵੀ ਸੱਦ ਲਿਆ ਵ੍ਹਾਖ਼ਰੂ ਨੇ, ਕੋਲ਼ ਆਪਣੇ!" ਜਿੰਦੋ ਬੀਬੀ ਨੇ ਹਉਕਾ ਭਰਦਿਆਂ ਕਿਹਾ ਸੀ।

ਉਹ ਬੜੀ ਦੇਰ ਗੱਲਾਂ ਕਰਦੀਆਂ ਰਹੀਆਂ ਸਨ। ਓਸ ਬੀਬੀ ਦੇ ਸਾਰੇ ਟੱਬਰ ਨੇ ਆਪਣੀ ਹਾਜ਼ਰੀ ਲਗਵਾਈ ਸੀ। ਜਿੰਦੋ ਬੀਬੀ ਨੂੰ ਆਉਣ ਲਈ ਸੱਦਾ ਵੀ ਦਿੱਤਾ ਸੀ।

"ਨੀਂ ਜ਼ੀਰਾ ਦੁਆਬੇ ਕਦੋਂ ਗਈ ਸੈਂ?" ਜਿੰਦੋ ਬੀਬੀ ਕੋਲ਼ ਸੱਚਮੁਚ ਬੜੇ ਸਵਾਲ ਸਨ।

"ਲੈ! ਤੂੰ ਕਹੇ ਤਾਂ ਸਵੇਰੇ ਚੱਲ ਵੜਦੀ ਆਂ!" ਜ਼ੀਰਾ ਨੇ ਹੱਸਦਿਆਂ ਜਵਾਬ ਦਿੱਤਾ ਸੀ।

"ਮੈਨੂੰ ਵੀ ਲੈ ਚਲੇਂਗੀ ਦੁਆਬੇ?" ਜਿੰਦੋ ਨੇ ਵਿਚਾਰਿਆਂ ਵਾਂਗ ਪੁੱਛਿਆ ਸੀ।

"ਆ ਜਾ, ਤੈਨੂੰ ਵੀ ਲੈ ਚੱਲਦੀ ਆਂ!" ਜ਼ੀਰਾ ਨੇ ਖ਼ੁਸ਼ ਹੁੰਦਿਆਂ ਜਵਾਬ ਦਿੱਤਾ ਸੀ।

ਜਿੰਦੋ ਉਦਾਸ ਹੋ ਗਈ ਸੀ। ਗੱਚ ਭਰ ਆਇਆ ਸੀ ਉਸਦਾ। ਨਿਰਾਸ਼ਾ 'ਚ ਸਿਰ ਮਾਰਦਿਆਂ ਬੋਲੀ ਸੀ, "ਦੱਸ, ਕਿਵੇਂ ਆ ਜਾਵਾਂ ਨੀ ਜ਼ੀਰਾ? ਰਾਹ 'ਚ ਤਾਂ ਤਾਰਾਂ ਦੀ ਵਾੜ ਏ!"

ਬੜੀ ਦੇਰ ਦੋਵੇਂ ਪਾਸਿਓਂ ਕੋਈ ਨਹੀਂ ਸੀ ਬੋਲਿਆ। ਮੌਕੇ ਦੀ ਨਜ਼ਾਕਤ ਸਮਝਦਿਆਂ, ਮੈਂ ਫਿਰ ਕਿਸੇ ਦਿਨ ਗੱਲ ਕਰਨ ਦੀ ਗੱਲ ਆਖ਼, ਗੱਲ ਮੁਕਾਉਣ ਨੂੰ ਕਿਹਾ ਸੀ।

"ਫਿਰ ਗੱਲ ਕਰਾਂਗੇ ਨੀਂ ਜ਼ੀਰਾ। ਸਤ ਸ੍ਰੀ ਅਕਾਲ।" ਮੂਹਰਿਓ ਕੋਈ ਜਵਾਬ ਨਈਂ ਸੀ ਆਇਆ। ਜਿੰਦੋ ਬੀਬੀ ਨੇ ਦੋ-ਤਿੰਨ ਵਾਰ ਹੋਰ 'ਸਤਿ ਸ੍ਰੀ ਅਕਾਲ' ਆਖਿਆ ਤਾਂ ਮੂਹਰਿਓਂ ਜ਼ੀਰਾ ਮੱਧਮ ਜਿਹੀ ਆਵਾਜ਼ 'ਚ ਬੋਲੀ ਸੀ- ਚੰਗਾ ਸਲਾਮ ਨੀਂ ਜਿੰਦੋ, ਫਿਰ ਗੱਲ ਕਰਾਂਗੇ।

ਇਸ ਗੱਲ ਦੇ ਨਾਲ਼ ਗੱਲ ਮੁਕ ਗਈ ਸੀ।

---

ਮੈਂ ਜਦੋਂ ਵੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਗਿਆ ਤਾਂ ਬੀਬੀ ਜਿੰਦੋਂ ਨੂੰ ਨਾਲ਼ ਲੈ ਕੇ ਜਾਵਾਂਗਾ। ਆਪਣਾ ਦੁਆਬਾ ਤਾਂ ਨਹੀਂ ਵੇਖਿਆ ਜਾਣਾ ਉਸਤੋਂ, ਚਲੋ ਕੁਝ ਵਕਤ ਲਈ ਆਪਣੇ ਇਲਾਕੇ ਦੀ ਮਹਿਕ ਹੀ ਮਾਣ ਲਵੇਗੀ। ਉਸ ਗੁਰੂ-ਘਰ ਦੇ ਦਰਸ਼ਨ ਕਰ ਲਵੇਗੀ, ਜਿੱਥੇ ਉਹ ਬਚਪਨ 'ਚ ਕਈ ਵਾਰ ਗਈ ਸੀ। ਬਿਨਾ ਸ਼ੱਕ ਬੀਬੀ ਨਜ਼ੀਰਾਂ ਤਾਂ ਜ਼ਰੂਰ ਮਿਲਣ ਆਵੇਗੀ ਉਸਨੂੰ!

# ਖੇਤੀਬਾੜੀ ਅਤੇ ਸਾਥੀ ਜਾਨਵਰ

**ਸੁਨੇਹਾ**

**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**



ਦੁਨੀਆ ਦੇ ਸਾਰੇ ਪਸ਼ੂ ਚਿਕਿਤਸਕਾਂ ਨੂੰ ਪੇਸ਼ੇ, ਮਨੁੱਖਤਾ, ਪਸ਼ੂਆਂ ਅਤੇ ਸਾਥੀ ਪਾਲਤੂ ਜਾਨਵਰਾਂ ਦੀ ਸੇਵਾ ਵਿੱਚ ਉਨ੍ਹਾਂ ਦੇ ਜੀਵਨ ਭਰ ਦੇ ਯੋਗਦਾਨ ਲਈ ਵਿਸ਼ਵ ਵੈਟਰਨਰੀ ਦਿਵਸ ਦੀਆਂ ਵਧਾਈਆਂ। ਇਸ ਮੌਕੇ 'ਤੇ, ਆਓ ਅਸੀਂ "ਕਿਸਾਨ ਦੇ ਰੋਜ਼ਾਨਾ ਜੀਵਨ ਵਿੱਚ ਇੱਕ ਫਾਰਮ ਕੁੱਤੇ" ਦੀ ਭੂਮਿਕਾ ਨੂੰ ਸਵੀਕਾਰ ਕਰੀਏ ਅਤੇ ਮਨੁੱਖ ਤੇ ਉਸਦੇ ਸਾਥੀ ਕੁੱਤੇ ਵਿਚਕਾਰ ਆਪਸੀ ਦੋਸਤੀ ਦੇ ਇਸ ਸਦੀਆਂ ਪੁਰਾਣੇ ਰਿਸ਼ਤੇ ਨੂੰ ਸ਼ਰਧਾਂਜਲੀ ਭੇਟ ਕਰੀਏ।

ਮੈਂ ਆਪਣੇ ਬਚਪਨ ਦੇ ਪਰਿਵਾਰਕ ਫਾਰਮ ਵਿੱਚ ਜਾਣ ਦੀਆਂ ਯਾਦਾਂ ਸਾਂਝੀਆਂ ਕਰਾਂਗਾ। 1950 ਦੇ ਦਹਾਕੇ ਦੇ ਸ਼ੁਰੂ ਵਿੱਚ ਸਾਡੀ ਖੇਤੀ ਇੱਕ ਸੰਯੁਕਤ ਪਰਿਵਾਰਕ ਉਦਮ ਹੁੰਦੀ ਸੀ, ਇਸੇ ਤਰ੍ਹਾਂ ਸਾਡਾ ਵੀ ਸੀ ਕਿ ਅਸੀਂ ਮੁੱਖ ਅਨਾਜ, ਕੁਝ ਸਬਜ਼ੀਆਂ, ਫਲਾਂ ਦੇ ਬੂਟੇ ਉਗਾਉਂਦੇ ਅਤੇ ਖੇਤ ਦੇ ਕੰਮ ਲਈ ਕੁਝ ਸਾਥੀ ਜਾਨਵਰ ਤੇ ਦੁੱਧ ਦੀਆਂ ਪਰਿਵਾਰਕ ਜ਼ਰੂਰਤਾਂ ਲਈ ਡੇਅਰੀ ਜਾਨਵਰ ਪਾਲਦੇ। ਵਾਧੂ ਦੁੱਧ ਦੀ ਵਰਤੋਂ ਪਰਿਵਾਰਕ ਜ਼ਰੂਰਤਾਂ ਲਈ ਮੱਖਣ, ਲੱਸੀ ਅਤੇ ਘਿਓ ਬਣਾਉਣ ਲਈ ਵੀ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਅੰਡੇ ਤੇ ਮਾਸ ਲਈ ਕੁਝ ਬੱਕਰੀਆਂ ਅਤੇ ਮੁਰਗੇ ਵੀ ਪਾਲੇ ਜਾਂਦੇ ਸਨ। ਫਾਰਮ ਖੇਤੀਬਾੜੀ ਦੇ ਇੱਕ ਗੋਲ ਮਾਡਲ ਦੀ ਵਰਤੋਂ ਕਰ ਰਿਹਾ ਸੀ, ਜਿੱਥੇ ਫਸਲਾਂ ਜਾਨਵਰਾਂ ਲਈ ਚਾਰੇ ਵਜੋਂ ਵਰਤੀਆਂ ਜਾਂਦੀਆਂ ਸਨ ਅਤੇ ਫਸਲਾਂ ਦੀ ਰਹਿੰਦ-ਖੂੰਹਦ ਤੇ ਜਾਨਵਰਾਂ ਦੀ ਰਹਿੰਦ-ਖੂੰਹਦ ਨੂੰ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਖਾਦ ਵਜੋਂ ਵਰਤਿਆ ਜਾਂਦਾ ਸੀ। ਇਹ ਇੱਕ ਰਸਾਇਣ-ਮੁਕਤ ਕੁਦਰਤੀ-ਪੁਨਰਜਨਮ ਖੇਤੀ ਸੀ। ਹਰੇਕ ਫਾਰਮ ਵਿੱਚ ਇੱਕ ਦਿਨ ਦਾ ਫਾਰਮ ਹਾਊਸ ਹੁੰਦਾ ਸੀ ਅਤੇ ਕੁਝ ਦੇ ਆਪਣੇ ਫਾਰਮਾਂ ਵਿੱਚ ਇੱਕ ਸਥਾਈ ਨਿਵਾਸ ਵੀ ਹੁੰਦਾ ਸੀ।




ਹਰੇਕ ਕਿਸਾਨ ਕੋਲ ਇੱਕ ਜਾਂ ਦੋ ਪਸੰਦੀਦਾ ਕੁੱਤੇ ਹੁੰਦੇ ਸਨ। ਇੱਕ 'ਵਰਕ-ਡੌਗ' ਵਰਗਾ ਜੋ ਕਿਸਾਨ ਦੀ ਫਾਰਮ 'ਤੇ ਮਦਦ ਕਰਦਾ ਅਤੇ ਦਿਨ-ਰਾਤ ਖੇਤ ਵਿੱਚ ਰਹਿੰਦਾ। ਦੂਜਾ ਕੁੱਤਾ ਕਿਸਾਨ ਦੇ ਪਰਿਵਾਰ ਤੇ ਘਰ ਦੀ ਸੁਰੱਖਿਆ ਲਈ ਘਰ ਤੋਂ ਖੇਤ ਅਤੇ ਰਾਤ ਨੂੰ ਘਰ ਵਾਪਸ ਉਸਦੇ ਨਾਲ ਹੁੰਦਾ। ਸਾਡੇ ਫਾਰਮ 'ਤੇ ਵੀ ਅਜਿਹਾ ਹੀ ਸੀ। ਮੈਂ ਸਾਡੇ ਅਤੇ ਸਾਡੇ ਕੁੱਤਿਆਂ ਵਿਚਕਾਰ ਇਹ ਰਿਸ਼ਤਾ ਦੇਖਿਆ।

ਇਸ ਕੰਮ ਕਰਨ ਵਾਲੇ ਕੁੱਤੇ ਕੋਲ ਗਾਵਾਂ, ਭੇਡਾਂ, ਬੱਕਰੀਆਂ ਅਤੇ ਮੁਰਗੀਆਂ ਨੂੰ ਚਾਰਨ ਦਾ ਹੁਨਰ ਹੈ। ਇਹ ਵਫ਼ਾਦਾਰ ਸਰਪ੍ਰਸਤ ਖੁਸ਼ੀ ਨਾਲ ਆਪਣੇ ਫਾਰਮ ਪ੍ਰਾਪਰਟੀ ਲਾਈਨਾਂ 'ਤੇ ਗਸ਼ਤ ਕਰਦੇ ਹਨ ਅਤੇ ਖਾਸ ਕਰਕੇ ਸ਼ਿਕਾਰੀਆਂ ਤੋਂ ਮੁਰਗੀਆਂ ਦੀ ਰੱਖਿਆ ਕਰਦੇ ਹਨ ਤੇ ਚਰਾਗਾਹ ਵਿੱਚ ਪਾਲੀਆਂ ਮੁਰਗੀਆਂ ਨੂੰ ਸੁਰੱਖਿਅਤ ਰੱਖਣ ਵਿੱਚ ਉਤਮ ਹੁੰਦੇ ਹਨ। ਇਹ ਫਾਰਮ ਕੁੱਤੇ ਇੱਕ ਉਦੇਸ਼ ਦੁਆਰਾ ਚਲਾਏ ਜਾਂਦੇ ਹਨ- ਭਾਵੇਂ ਇਹ ਦੌੜਨਾ ਹੋਵੇ, ਫਾਰਮ ਅਤੇ ਇਸਦੇ ਜਾਨਵਰਾਂ ਦੀ ਚਰਵਾਹੀ ਕਰਨਾ ਅਤੇ ਰਾਖੀ ਕਰਨਾ ਹੋਵੇ। ਉਹ ਰੋਜ਼ਾਨਾ ਦੇ ਕੰਮਾਂ ਦੌਰਾਨ ਕਿਸਾਨ ਦੇ ਭਰੋਸੇਮੰਦ ਸਾਥੀ ਹੁੰਦੇ ਹਨ। ਇਹ ਕੁੱਤੇ ਖੁਸ਼ ਹੁੰਦੇ ਹਨ, ਜਦੋਂ ਉਨ੍ਹਾਂ ਲਈ ਕੋਈ ਕੰਮ ਹੁੰਦਾ ਹੈ; ਪਰ ਕਈ ਵਾਰ ਤੁਸੀਂ ਉਨ੍ਹਾਂ ਨੂੰ ਖੁਸ਼ੀ ਨਾਲ ਘਾਹ ਵਿੱਚ ਫੈਲੇ ਹੋਏ (ਇੱਕ ਅੱਖ ਖੁੱਲ੍ਹੀ ਰੱਖ ਕੇ) ਮੁਰਗੀਆਂ ਦੀ ਨਿਗਰਾਨੀ ਕਰਦੇ ਹੋਏ ਪਾਓਗੇ। ਫਾਰਮ ਕੁੱਤੇ ਕਿਸਾਨਾਂ ਲਈ ਜ਼ਿੰਦਗੀ ਆਸਾਨ ਬਣਾਉਂਦੇ ਹਨ ਅਤੇ ਬਿਨਾਂ ਸ਼ਰਤ ਪਿਆਰ ਤੇ ਸਾਥ ਪ੍ਰਦਾਨ ਕਰਨ ਵਿੱਚ ਕਦੇ ਵੀ ਅਸਫਲ ਨਹੀਂ ਹੁੰਦੇ।

ਅਜਿਹੇ ਖੇਤੀ ਸਿਸਟਮ ਆਰਥਿਕ ਤੌਰ 'ਤੇ ਲਾਭਕਾਰੀ, ਵਾਤਾਵਰਣ ਅਨੁਕੂਲ ਸਨ ਅਤੇ ਬੱਚਿਆਂ ਸਮੇਤ ਪੂਰੇ ਪਰਿਵਾਰ ਲਈ ਖੁਸ਼ੀ ਤੇ ਸੰਤੁਸ਼ਟੀ ਦਾ ਸਰੋਤ ਵੀ ਸਨ। ਕਿਸਾਨ ਖੁਸ਼, ਸਰੀਰਕ ਤੇ ਮਾਨਸਿਕ ਤੌਰ 'ਤੇ ਸਿਹਤਮੰਦ ਸਨ ਅਤੇ ਪਿੰਡ ਖੁਸ਼ਹਾਲ ਸਨ। ਪੇਂਡੂ ਬੱਚਿਆਂ ਨੇ ਸਿੱਖਿਆ ਪ੍ਰਾਪਤ ਕੀਤੀ ਅਤੇ ਸਕੂਲ ਦੇ ਸਮੇਂ ਤੋਂ ਬਾਅਦ ਫਾਰਮ 'ਤੇ ਆਪਣੇ ਮਾਪਿਆਂ ਦੀ ਮਦਦ ਕੀਤੀ। ਉਨ੍ਹਾਂ ਨੂੰ ਨੌਕਰੀਆਂ ਮਿਲੀਆਂ ਅਤੇ ਉਨ੍ਹਾਂ ਨੇ ਇਸ ਤੋਂ ਵੀ ਵੱਧ ਉਤਮਤਾ ਪ੍ਰਾਪਤ ਕੀਤੀ।


ਕਣਕ ਤੇ ਝੋਨੇ ਦੀ ਇੱਕੋ-ਇੱਕ ਫ਼ਸਲ ਦੇ ਉਦਯੋਗਿਕ ਖੇਤੀਬਾੜੀ ਉਤਪਾਦਨ ਦੇ ਆਉਣ ਨਾਲ ਸਮੇਂ ਦੇ ਨਾਲ ਪੰਜਾਬ ਰਾਜ ਵਿੱਚੋਂ ਅਜਿਹੇ ਪਰਿਵਾਰਕ ਫਾਰਮ ਅਲੋਪ ਹੋ ਗਏ ਹਨ ਅਤੇ ਕਿਸਾਨ, ਸੀਰੀ, ਡੇਅਰੀ ਅਤੇ ਹੋਰ ਸਾਥੀ ਜਾਨਵਰ ਕੁੱਤੇ ਵਿਚਕਾਰ ਸਬੰਧ ਟੁੱਟ ਗਿਆ ਹੈ। ਇਹ ਸਬੰਧ ਖੇਤ ਦੀ ਸਿਹਤ, ਕਿਸਾਨ ਦੀ ਆਮਦਨ ਅਤੇ ਖੇਤ ਦੇ ਕੁੱਤੇ ਸਮੇਤ ਜਾਨਵਰਾਂ ਦੀ ਭਲਾਈ ਲਈ ਲਾਭਦਾਇਕ ਤੇ ਮਹੱਤਵਪੂਰਨ ਸਨ। ਇਸ ਲਈ ਇਸਨੂੰ ਮੁੜ ਸੁਰਜੀਤ ਕਰਨ, ਮੁੜ ਸਥਾਪਿਤ ਕਰਨ ਅਤੇ ਸਿਹਤ, ਖੁਸ਼ੀ, ਖੁਸ਼ਹਾਲੀ ਤੇ ਸੁਹਜ ਵਾਪਸ ਲਿਆਉਣ ਲਈ ਉਪਰਾਲੇ ਕਰਨ ਦੀ ਲੋੜ ਹੈ।

ਕਿਸਾਨ ਪਰਿਵਾਰ ਦੇ ਰੋਜ਼ਾਨਾ ਜੀਵਨ ਵਿੱਚ ਖੇਤੀ: ਪੰਜਾਬ ਅਮਰ ਗਿਆਨ ਖੇਤੀਬਾੜੀ ਮਿਸ਼ਨ (ਪਾਗਮ) ਇਸ ਸਬੰਧ ਵਿੱਚ ਇੱਕ ਯਤਨ ਕਰ ਰਿਹਾ ਹੈ। ਪਾਗਮ ਮੇਰੇ ਸਾਰੇ ਸਾਥੀ ਪਸ਼ੂਆਂ ਦੇ ਡਾਕਟਰਾਂ ਅਤੇ ਹੋਰਾਂ ਨੂੰ ਅਪੀਲ ਕਰਦਾ ਹੈ ਕਿ ਉਹ ਇੱਕ ਗਰੀਬ ਅਤੇ ਲੋੜਵੰਦ ਕਿਸਾਨ ਜਾਂ ਇੱਕ ਬੇਜ਼ਮੀਨੇ ਪੇਂਡੂ ਬੇਰੁਜ਼ਗਾਰ ਨੌਜਵਾਨ ਨੂੰ ਛੋਟੇ ਪੱਧਰ ਦੀ ਮਿਸ਼ਰਤ ਖੇਤੀ ਕਰਨ ਲਈ ਗੋਦ ਲੈਣ - ਉਚ ਮੁੱਲ ਵਾਲੀਆਂ ਫਸਲਾਂ (ਸਬਜ਼ੀਆਂ, ਫਲ, ਮਸ਼ਰੂਮ) ਉਗਾਉਣ ਅਤੇ ਪੋਲਟਰੀ, ਬੱਕਰੀਆਂ, ਮੱਛੀ ਤੇ ਇੱਕ ਜਾਂ ਦੋ ਡੇਅਰੀ ਗਾਵਾਂ ਪਾਲਣ। ਪਾਗਮ ਖੁਸ਼ੀ ਨਾਲ ਤਕਨੀਕੀ ਮਦਦ ਅਤੇ ਮਾਰਗਦਰਸ਼ਨ ਪ੍ਰਦਾਨ ਕਰੇਗਾ। ਇਹ ਮਾਡਲ ਕਿਸਾਨ ਪਰਿਵਾਰ ਨੂੰ ਸਿਹਤਮੰਦ ਭੋਜਨ ਪ੍ਰਦਾਨ ਕਰ ਸਕਦਾ ਹੈ ਅਤੇ ਵਾਧੂ ਉਪਜ ਵੇਚ ਕੇ ਆਮਦਨ ਵੀ ਪ੍ਰਦਾਨ ਕਰ ਸਕਦਾ ਹੈ।

***(ਐਨ.ਆਰ.ਆਈ. ਸੇਵਾਮੁਕਤ ਪਸ਼ੂਧਨ ਵਿਗਿਆਨੀ ਅਤੇ ਪਸ਼ੂ ਚਿਕਿਤਸਕ)***

# ਤਕਦੀਰ ਦੇ ਹੁਝਕੇ !


***ਅਣਦੱਸੀਆਂ ਕਹਾਣੀਆਂ ਵਿਚ ਅਕਸਰ ਬੜਾ ਕੁੱਝ ਦੱਸਣੋਂ ਰਹਿ ਜਾਂਦਾ ਹੈ। ਇਸ ਨਾਵਲ ਵਿਚ ਉਹ ਅਣਛੋਹੇ ਨੁਕਤੇ ਹੀ ਉਭਾਰਨ ਦਾ ਹੀਲਾ ਕੀਤਾ ਗਿਆ ਹੈ। ਕਹਾਣੀ ਦੇ ਪਿਛੋਕੜ ਵਿਚ ਜਿਹੜੀ 'ਸਾਈਕੀ' ਯਾਨੀ ਮਨੋਦਸ਼ਾ ਹੈ, ਉਹ ਫੜਨ ਅਤੇ ਉਸ ਦੀਆਂ ਗੁੱਝੀਆਂ ਪਰਤਾਂ ਛੂਹਣ ਦਾ ਹੀਲਾ ਹੀ ਕੀਤਾ ਗਿਆ ਹੈ। ਸਮਾਜਿਕ ਤੌਰ 'ਤੇ ਝਾਤ ਮਾਰੀਏ ਤਾਂ ਅਜਿਹੇ ਵਰਤਾਰਿਆਂ ਦਾ ਰੂਪਮਾਨ ਹੋ ਜਾਣਾ ਅੱਲੋਕਾਰੀ ਗੱਲ ਨਹੀਂ ਹੈ। ਖ਼ੈਰ ! ਇਸ ਨਾਵਲ ਦਾ ਧਰਾਤਲ ਸਮਝ ਕੇ ਹੀ ਇਸ ਵਿਚਲੇ ਭਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ ! ਸੋ, ਸਪਸ਼ਟ ਕਰ ਦਈਏ ਕਿ 'ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਉਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਦਸਵੀਂ ਕਿਸ਼ਤ...***



## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਕਿਸ਼ਤ (10)

**ਬਖ਼ਸ਼ਿੰਦਰ**
**ਵੱਟਸਐਪ:+1-778-793-8979**



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਲਤਾ ਕਪੂਰ ਦੇ ਦਫ਼ਤਰੋਂ ਦਾਨਿਸ਼ ਨੂੰ ਉਸ ਦਾ ਹਾਲ-ਚਾਲ ਪੁੱਛਣ ਦੇ ਬਹਾਨੇ ਫੋਨ ਆਉਣੇ ਸ਼ੁਰੂ ਹੋ ਗਏ, ਜੋ ਅਸਲ ਵਿਚ 'ਸਕਰਿਪਟ ਕਿੱਥੋਂ ਤਕ ਪਹੁੰਚੀ' ਪੁੱਛਣ ਲਈ ਹੀ ਆ ਰਹੇ ਸਨ। ਉਸ ਨੂੰ ਇਹ ਵੀ ਇਲਮ ਸੀ ਕਿ ਲਤਾ ਕਪੂਰ ਦੇ 'ਆਫਿਸ ਮੈਨੇਜਰ' ਵੱਲੋਂ ਇਹ ਫੋਨ ਚੌਕਸੀ ਵਜੋਂ ਹੀ ਕੀਤੇ ਜਾ ਰਹੇ ਹਨ ਕਿ ਜੇ ਕਿਤੇ 'ਲਤਾ ਮੈਮ' ਉਸ ਤੋਂ ਸਕਰਿਪਟ ਦੇ ਸਬੰਧ ਵਿਚ ਕੁੱਝ ਪੁੱਛ ਲਵੇ ਤਾਂ ਉਹ, ਉਸ ਨੂੰ ਦੇਣ ਲਈ, 'ਮੈਮ, ਮੈਂਨੇ ਕੱਲ੍ਹ ਹੀ ਦਾਨਿਸ਼ ਸਰ ਕੋ ਫੋਨ ਕੀਆ ਥਾ, ਉਨਹੋਂ ਨੇ ਬਤਾਇਆ ਕਿ ਦਿਨ-ਰਾਤ ਕਾਮ ਚੱਲ ਰਹਾ ਹੈ!' ਵਰਗਾ ਕੋਈ ਜੁਆਬ ਤਾਂ ਹੋਵੇ। ਲਤਾ ਕਪੂਰ ਦੇ ਮੈਨੇਜਰ, ਆਪਣੀ ਮਾਲਕਣ ਨੂੰ ਗੱਲਾਂ ਨਾਲ਼ ਹੀ 'ਫੁੱਦੂ' ਬਣਾਈ ਰੱਖਦੇ ਸਨ ਤੇ ਦਾਨਿਸ਼ ਵੀ ਉਨ੍ਹਾਂ ਵੱਲ ਨੂੰ 'ਪਾਣੀ ਵਾਲ਼ੇ ਜਹਾਜ਼ ਉਡਾਈ' ਜਾ ਰਿਹਾ ਸੀ। 'ਰੰਗ ਨਗਰੀ' ਮੁੰਬਈ ਦੇ ਇਹੋ ਰੰਗ ਹੀ ਕਮਾਲ ਕਰੀ ਜਾ ਰਹੇ ਸਨ।

ਦਾਨਿਸ਼, ਇਹ ਸਕਰਿਪਟ ਲ਼ਿਖਣ ਖ਼ਾਤਰ ਕਿਸੇ ਮਸਾਲੇ ਦੀ ਕੋਈ ਘਾਟ ਨਾ ਰਹਿਣ ਦੇਣ ਲਈ, ਨਿੱਕੀ-ਨਿੱਕੀ ਗੱਲ ਬਾਰੇ 'ਗੂਗਲ ਬਾਬੇ' ਦੀ ਤੇ 'ਵਿਕੀਪੀਡੀਆ' ਦੀ ਗਵਾਹੀ ਲੈਂਦਾ ਰਹਿੰਦਾ ਸੀ। ਉਸ ਨੇ ਦੇਖਿਆ ਕਿ 2005 ਵਿਚ ਸੰਨੀ ਹੌਂਡਾ ਨੇ 'ਗੰਦੀਆਂ ਫ਼ਿਲਮਾਂ' ਦੇ ਮਸ਼ਹੂਰ ਪ੍ਰੋਡਕਸ਼ਨ ਹਾਊਸ 'ਵਿਵਿਡ ਐਂਟਰਟੇਨਮੈਂਟ' ਨਾਲ਼ ਤਿੰਨ ਸਾਲ ਲਈ ਇਕ ਇਕਰਾਰਨਾਮਾ ਕੀਤਾ ਸੀ, ਜਿਸ ਦੀ ਮੁੱਖ ਸ਼ਰਤ ਇਹ ਸੀ ਕਿ ਉਹ, ਇਸ ਪ੍ਰੋਡਕਸ਼ਨ ਹਾਊਸ ਦੀਆਂ ਫ਼ਿਲਮਾਂ ਵਿਚ ਕਿਸੇ ਮਰਦ ਅਦਾਕਾਰ ਨਾਲ਼ ਕੰਮ ਨਹੀਂ ਕਰੇਗੀ ਤੇ ਇਨ੍ਹਾਂ ਫ਼ਿਲਮਾਂ ਵਿਚ ਉਸ ਨਾਲ਼ ਔਰਤਾਂ ਹੀ ਸ਼ਿਰਕਤ ਕਰਨਗੀਆਂ। ਇਸ ਦਾ ਸਿੱਧਾ ਅਰਥ ਇਹੋ ਸੀ ਕਿ ਇਨ੍ਹਾਂ ਤਿੰਨ ਸਾਲਾਂ ਦੌਰਾਨ 'ਵਿਵਿਡ ਐਂਟਰਟੇਨਮੈਂਟ' ਦੇ ਸਟੂਡੀਓ ਵਿਚ 'ਸਮਲਿੰਗਕਤਾ ਦੇ ਗੁਲਛਰੇ' ਹੀ ਉਡਣੇ ਸਨ।


ਕੁੱਝ ਅੰਦਰਲੀਆਂ ਜਾਨਣ ਵਾਲ਼ਿਆਂ ਦੇ ਹਵਾਲੇ ਨਾਲ਼ ਇਹ ਗੱਲ ਵੀ ਸਾਹਮਣੇ ਆਈ ਸੀ ਕਿ ਜਰਮਨ ਬੇਕਰੀ ਵਿਚ ਅਤੇ ਟੈਕਸ ਫਰਮ ਵਿਚ ਕੰਮ ਕਰਨ ਦੌਰਾਨ ਸੰਨੀ ਨੇ ਕੁੱਝ ਲੋਕਾਂ ਨਾਲ਼ ਪਾਰਟੀਆਂ ਹੀ ਨਹੀਂ ਕੀਤੀਆਂ ਸਨ, ਸਗੋਂ ਉਨ੍ਹਾਂ ਪਾਰਟੀਆਂ ਵਿਚ ਦਾਰੂ ਪੀ-ਪੀ ਅੰਨ੍ਹੀ ਹੋ-ਹੋ ਕੇ, ਉਨ੍ਹਾਂ ਲੋਕਾਂ ਨਾਲ਼ ਰਾਤਾਂ ਵੀ ਬਿਤਾਈਆਂ ਸਨ। ਕੱਚੀ ਉਮਰੇ ਸੰਨੀ ਵੱਲੋਂ ਜਿਨਸੀ ਖੁੱਲ੍ਹ-ਖੇਡਾਂ ਮਾਨਣ ਨਾਲ਼ ਉਹ 'ਨਿੰਫੋਮੇਨੀਆ' ਯਾਨੀ 'ਕਾਮ ਵਿਚ ਅੰਨ੍ਹੇ ਹੋਣਾ' ਵਰਗੀ ਬਿਮਾਰੀ ਦੀ ਸ਼ਿਕਾਰ ਹੋ ਕੇ 'ਨਿੰਫਟ' ਯਾਨੀ 'ਕਾਮ ਵਿਚ ਅੰਨ੍ਹੀ' ਹੋ ਗਈ ਸੀ। ਕਹਿੰਦੇ ਹਨ ਕਿ ਇਸ ਬਿਮਾਰੀ ਦੀ ਸ਼ਿਕਾਰ ਹੋਈ ਕਿਸੇ ਕੁੜੀ/ਔਰਤ ਦੀ ਕਾਮ-ਤ੍ਰਿਪਤੀ ਸਾਰੀ ਉਮਰ ਨਹੀਂ ਹੁੰਦੀ। ਇਸ ਦੀ ਵਜ੍ਹਾ ਨਾਲ਼ ਹੀ ਉਹ, ਇੰਨੀ ਭਟਕ ਜਾਂਦੀ ਹੈ ਕਿ ਉਹ ਰਾਹ-ਖਹਿੜੇ ਦਿਸਦੇ ਜਾਂ ਮਿਲਦੇ ਹਰ ਮਰਦ ਵੱਲ 'ਬੁਰੀ ਨਜ਼ਰ ਨਾਲ਼' ਦੇਖਦੀ ਹੈ। ਇਸ ਤੋਂ ਇਲਾਵਾ ਉਹ ਇਕ ਮਰਦ ਨਾਲ਼ ਕਾਮ-ਖੇਡ ਕੇ, ਉਸੇ ਹੀ ਵੇਲੇ ਦੂਜੇ, ਤੀਜੇ ਅਤੇ ਫਿਰ ਪਤਾ ਨਹੀਂ ਕਿੰਨਵੇਂ ਬੰਦੇ ਨਾਲ਼ ਜਿਸਮ ਸਾਂਝਾ ਕਰਨ ਲਈ ਤਿਆਰ ਰਹਿੰਦੀ ਹੈ।

ਦੂਜੇ ਪਾਸੇ, ਸੰਨੀ ਹੌਂਡਾ ਬਾਰੇ ਇਕ ਪੱਖ ਇਹ ਵੀ ਸਾਹਮਣੇ ਆਉਂਦਾ ਰਿਹਾ ਹੈ ਕਿ ਇਹ ਗੱਲ ਵੀ ਪੂਰੀ ਤਰ੍ਹਾਂ ਸਹੀ ਨਹੀਂ ਸੀ ਕਿ ਉਹ ਹਮੇਸ਼ਾ ਹੀ 'ਅਡੱਲਟ ਫ਼ਿਲਮ ਇੰਡਸਟਰੀ' ਵਿਚ ਜਾਣਾ ਤਾਂਘਦੀ ਰਹੀ ਹੈ। 16 ਸਾਲ ਦੀ ਉਮਰ ਵਿਚ ਨਰਸ ਬਣਨ ਦੇ ਹੀਲੇ ਕਰਨ ਵਾਲ਼ੀ ਕੁੜੀ, ਇਸ ਤਰ੍ਹਾਂ ਦੀ ਬਣਨ ਬਾਰੇ ਕਿਵੇਂ ਸੋਚ ਸਕਦੀ ਹੈ! ਹਾਂ, ਪੰਜਾਬਣ ਕੁੜੀਆਂ, ਉਨ੍ਹਾਂ ਦਾ ਕੋਈ ਭਰਾ ਨਾ ਹੋਣ ਜਾਂ ਭਰਾ ਨਲਾਇਕ ਨਿੱਕਲ ਆਉਣ ਦੀ ਸੂਰਤ ਵਿਚ, ਆਪਣੇ ਮਾਪਿਆਂ ਨੂੰ ਲਾਇਕ ਪੁੱਤ ਦੀ ਥੁੜ੍ਹ ਮਹਿਸੂਸ ਨਾ ਹੋਣ ਦੇਣ ਖ਼ਾਤਰ, ਮੁੰਡਿਆਂ ਵਾਂਗ ਕੰਮ ਕਰਨ ਬਾਰੇ ਜ਼ਰੂਰ ਸੋਚ ਸਕਦੀਆਂ ਹੁੰਦੀਆਂ ਹਨ। ਸੰਨੀ ਵੱਲੋਂ ਛੋਟੀ ਉਮਰੇ ਹੀ ਬੇਕਰੀ ਵਿਚ ਜਾਂ ਟੈਕਸ ਤੇ ਰਿਟਾਇਰਮੈਂਟ ਫਰਮ ਵਿਚ ਕੰਮ ਕਰਨਾ ਤੇ ਨਾਲ਼ੋ-ਨਾਲ਼ ਨਰਸ ਬਣਨ ਲਈ ਪੜ੍ਹਾਈ ਕਰਨਾ, ਉਸ ਦੇ ਰਵਾਇਤੀ ਪੰਜਾਬਣ ਕੁੜੀ ਹੋਣ ਦੇ ਲੱਛਣਾਂ ਦੀ ਸ਼ਾਹਦੀ ਵੀ ਭਰਦਾ ਸੀ। ਨਰਸਿੰਗ ਇੰਸਟੀਚਿਊਟ ਵਿਚੋਂ ਹੀ, ਉਸ ਦੀ ਇਕ ਡਾਂਸਰ ਸਹੇਲੀ ਦਾ ਕਹਿਣਾ ਮੰਨ ਕੇ, ਉਸ ਵੱਲੋਂ 'ਪੈਂਟਹਾਊਸ' ਯਾਨੀ 'ਛੱਜੂ ਦੇ ਚੁਬਾਰੇ' ਵਰਗੇ ਮੈਗਜ਼ੀਨ ਦੇ ਫੋਟੋਗ੍ਰਾਫ਼ਰ ਦੇ ਢਹੇ ਚੜ੍ਹ ਜਾਣਾ ਤੇ ਫਿਰ 'ਨੰਗੇਜ ਭਰਪੂਰ ਫ਼ਿਲਮਾਂ ਦੇ ਚੱਕਰ' ਵਿਚ ਫਸ ਜਾਣਾ ਤਾਂ ਉਸ ਦੀ 'ਤਕਦੀਰ ਦਾ ਕਾਰਾ' ਹੀ ਲੱਗਦਾ ਹੈ।

---

ਇਸ ਤਰ੍ਹਾਂ ਦੀ ਸੋਚ-ਵਿਚਾਰ ਵਿਚ ਪਏ ਹੋਏ ਦਾਨਿਸ਼ ਨੇ ਆਪਣਾ ਲੈਪਟਾਪ 'ਸ਼ੱਟ ਡਾਊਨ' ਕੀਤੇ ਬਗ਼ੈਰ ਹੀ ਠੱਪ ਕਰ ਦਿੱਤਾ। ਉਸ ਨੂੰ, ਸੰਨੀ ਵੱਲੋਂ ਚੌਬੇ ਨੂੰ ਦਿੱਤੇ ਹੋਏ ਇੰਟਰਵਿਊ ਵਿਚ, ਇਹ ਕਹਿਣਾ ਯਾਦ ਆ ਗਿਆ ਕਿ ਉਹ ਹਮੇਸ਼ਾ ਹੀ 'ਬਾਲੀਵੁੱਡ' ਦਾ ਹਿੱਸਾ ਬਣਨਾ ਸੋਚਦੀ-ਤਾਂਘਦੀ ਰਹੀ ਹੈ ਤੇ 'ਪੋਰਨ ਫ਼ਿਲਮ ਇੰਡਸਟਰੀ' ਵਿਚ ਕੰਮ ਕਰਨ ਲੱਗਣ ਪਿੱਛੇ ਉਸ ਦੀ ਇਹੋ ਸੋਚ ਜਾਂ ਤਾਂਘ ਕੰਮ ਕਰਦੀ ਰਹੀ ਹੈ। ਉਹ 'ਪੋਰਨ ਫ਼ਿਲਮ ਇੰਡਸਟਰੀ' ਨੂੰ 'ਬਾਲੀਵੁੱਡ' ਵਿਚ ਦਾਖ਼ਲ ਹੋਣ ਖ਼ਾਤਰ ਚੜ੍ਹੀ ਜਾਣ ਵਾਲ਼ੀ ਪੌੜੀ ਦਾ 'ਪਹਿਲਾ ਡੰਡਾ' ਹੀ ਸਮਝਦੀ ਰਹੀ ਹੈ। ਉਸ ਇੰਟਰਵਿਊ ਵਿਚ ਹੀ ਉਸ ਨੇ ਮੰਨਿਆ ਸੀ ਕਿ ਉਸ ਨੂੰ ਉਦੋਂ ਇਹ ਇਲਮ ਨਹੀਂ ਸੀ ਕਿ 'ਉਹ ਡੰਡਾ' ਉਸ ਦੀ 'ਕਸੂਤੀ ਥਾਂ ਵੀ ਵੱਜ ਸਕਦਾ' ਹੈ।

ਦਾਨਿਸ਼ ਨੇ ਆਪਣੇ ਲੈਪਟਾਪ ਦਾ ਕਵਰ ਉੱਪਰ ਚੁੱਕਿਆ ਤੇ ਮਾਊਸ ਹਿਲਾ ਕੇ ਸਕਰੀਨ ਰੌਸ਼ਨ ਕੀਤੀ। ਫਿਰ ਉਸ ਨੇ ਲੈਪਟਾਪ ਦਾ 'ਕਰਸਰ', ਟਾਈਪ ਕੀਤੇ ਹੋਏ 'ਮੈਟਰ' ਵਿਚ ਪਿੱਛੇ ਲਿਜਾ ਕੇ, 'ਸੰਨੀ ਦੀ ਤਕਦੀਰ ਦੀ ਖੇਡ' ਦਾ ਜ਼ਿਕਰ 'ਇਨਸਰਟ' ਕੀਤਾ। ਇਸ ਲਈ, ਬਚਪਨ ਤੋਂ ਹੀ ਸੰਘਰਸ਼ ਦੇ ਅਜੀਬ ਜਿਹੇ ਹੁਝਕੇ ਖਾਂਦੀ ਰਹੀ ਸੰਨੀ ਦੀ ਜ਼ਿੰਦਗੀ ਵੱਲ ਗ਼ੌਰ ਕਰਦਿਆਂ, ਉਸ ਨੂੰ ਹਮੇਸ਼ਾ 'ਗੁਲਾਬ ਦੇ ਫੁੱਲ ਵਿਛਾ ਕੇ ਸੌਂਦੀ ਰਹੀ' ਸਮਝਣਾ ਵੀ ਸਹੀ ਨਹੀਂ ਹੋਵੇਗਾ। ਇਸੇ ਲਈ ਉਸ ਨਾਲ਼ ਇੰਟਰਵਿਊ ਕਰਨ ਵਾਲ਼ਿਆਂ ਤੇ ਉਸ ਬਾਰੇ ਦਸਤਾਵੇਜ਼ੀ ਫ਼ਿਲਮਾਂ ਤੇ ਵੈੱਬ ਸੀਰੀਜ਼ ਬਣਾਉਣ ਵਾਲ਼ਿਆਂ ਨੇ, ਉਸ ਦੀ ਜ਼ਿੰਦਗੀ ਦਾ ਡੂੰਘਾ ਵਿਸ਼ਲੇਸ਼ਣ ਪੇਸ਼ ਕਰਨ ਦੀ ਥਾਂ, ਆਪਣਾ 'ਫੋਕੱਸ' ਉਸ ਦੇ 'ਗਦਰਾਏ ਹੋਏ ਪਿੰਡੇ' ਅਤੇ 'ਜਿਸਮਾਨੀ ਗੋਲਾਈਆਂ' ਉੱਤੇ ਹੀ ਰੱਖਿਆ ਹੈ। ਦਾਨਿਸ਼ ਨੇ ਇਸ ਗੱਲ ਦਾ ਜ਼ਿਕਰ ਆਪਣੀ ਸਕਰਿਪਟ ਵਿਚ ਕਰਦਿਆਂ, ਉਹ ਇਬਾਰਤ 'ਬੋਲਡ ਤੇ ਇਟੈਲਿਕ' ਵੀ ਕਰ ਦਿੱਤੀ ਤਾਂ ਕਿ ਉਸ ਵੱਲ ਡਾਇਰੈਟਰ ਦਾ ਧਿਆਨ ਪੈਂਦਾ ਹੀ ਰਹੇ।



ਇਕ ਥਾਂ ਕਿਤੇ ਸੰਨੀ ਨੇ ਇਹ ਵੀ ਕਿਹਾ ਹੋਇਆ ਹੈ, "ਮੈਂ, ਆਪਣੇ ਬਾਰੇ ਬਣਾਈ ਗਈ ਇਕ ਦਸਤਾਵੇਜ਼ੀ ਫ਼ਿਲਮ ਵਿਚ ਬਹੁਤ ਹੀ ਸਪੱਸ਼ਟ ਰੂਪ ਵਿਚ, ਆਪਣੀ ਜ਼ਿੰਦਗੀ ਦੌਰਾਨ ਕੀਤੇ ਹੋਏ ਸੰਘਰਸ਼ ਦੀ ਦਾਸਤਾਨ ਬਿਆਨ ਕੀਤੀ ਹੈ ਅਤੇ ਕਿਹਾ ਹੋਇਆ ਹੈ ਕਿ ਮੇਰੀ ਜ਼ਿੰਦਗੀ ਤੇ ਮੇਰਾ ਸੰਘਰਸ਼ ਬਹੁਤ ਸੌਖੇ ਤੇ ਸਰਲ ਨਹੀਂ ਸਨ।"

'ਪੈਂਟਹਾਊਸ' ਤੋਂ 'ਹਸਲਰ' ਤੇ 'ਚੇਰੀ' ਤੋਂ ਹੋਰ 'ਅਡੱਲਟ ਮੈਗਜ਼ੀਨਜ਼' ਦੇ ਦਫ਼ਤਰਾਂ ਦੇ ਗੇੜੇ ਮਾਰਦਿਆਂ ਸੰਨੀ ਹੌਂਡਾ ਨੇ ਆਪਣੇ ਸਫ਼ਰ ਦੇ ਸਬੰਧ ਵਿਚ ਬਹੁਤ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਉਸ ਨੂੰ ਕੰਮ ਹਾਸਲ ਕਰਨ ਖ਼ਾਤਰ ਕਿਸੇ ਦੀ ਝੋਲੀ ਜਾਂ 'ਹੋਰ ਸਾਮਾਨ' ਨਹੀਂ ਚੁੱਕਣਾ ਪਿਆ। "ਮੈਂ ਜਿੱਥੇ ਵੀ ਗਈ, ਮੇਰਾ ਕੰਮ ਮੇਰੀ ਉਡੀਕ ਕਰਦਾ ਮਿਲਿਆ," ਇਹ ਵੀ ਸੰਨੀ ਹੌਂਡਾ ਦਾ ਹੀ ਕਥਨ ਹੈ।

"ਸੱਚ ਮੰਨਣਾ, ਜਦੋਂ ਮੈਂ 'ਪੈਂਟਹਾਊਸ' ਦੇ ਦਫ਼ਤਰ ਗਈ ਤਾਂ ਮੈਨੂੰ ਭੋਰਾ ਵੀ ਇਲਮ ਨਹੀਂ ਸੀ ਕਿ ਇਹ ਕਿਸ ਤਰ੍ਹਾਂ ਦਾ ਮੈਗਜ਼ੀਨ ਏ। ਮੈਂ ਉਦੋਂ 'ਠਾਰਾਂ-ਉੱਨੀ ਸਾਲਾਂ ਦੀ ਸੀ ਤੇ ਮੈਂ ਕਦੇ ਵੀ ਇਹ ਮੈਗਜ਼ੀਨ ਨਹੀਂ ਦੇਖਿਆ ਸੀ," ਸੰਨੀ ਦਾ ਹੀ ਦਾਅਵਾ ਹੈ। ਉਸ ਦਾ ਇਹ ਵੀ ਕਹਿਣ ਹੈ ਕਿ ਉਸ ਵੱਲੋਂ ਨੰਗੇਜ ਭਰੀਆਂ ਫ਼ਿਲਮਾਂ ਵਿਚ ਕੰਮ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ, ਉਸ ਦੇ ਮਾਪਿਆਂ ਤੇ ਘਰ ਦੇ ਇਕ-ਦੋ ਹੋਰ ਜੀਆਂ ਨੇ ਹੀ, ਉਸ ਨੂੰ ਬਚਪਨ ਵਿਚ ਨੰਗੀ ਦੇਖਿਆ ਹੋਇਆ ਸੀ।

ਇੰਟਰਨੈੱਟ ਤੋਂ ਹੀ ਦਾਨਿਸ਼ ਨੇ ਲੱਭਿਆ ਕਿ 'ਸੰਨੀ ਹੌਂਡਾ' ਬਣਨ ਤੋਂ ਪਹਿਲਾਂ ਚੰਨੀ ਹੌਂਡਾ ਨੂੰ ਇਹ ਲੱਗਣ ਲੱਗ ਪਿਆ ਸੀ ਕਿ ਉਹ, ਇਕ ਹਫ਼ਤੇ ਵਿਚ ਦਸ-ਪੰਦਰਾਂ ਹਜ਼ਾਰ ਡਾਲਰ ਤਾਂ 'ਬਣਾ' ਹੀ ਸਕਦੀ ਹੈ। ਉਸੇ ਹੀ ਦੌਰ ਵਿਚ ਉਸ ਨੇ ਕਦੇ ਇਹ ਵੀ ਕਿਹਾ ਸੀ, "ਮੈਂ ਆਪਣੇ ਪਰਿਵਾਰ ਬਾਰੇ ਨਹੀਂ ਸੋਚਦੀ ਸੀ, ਮੈਂ ਕਦੇ ਸਹੀ ਜਾਂ ਗ਼ਲਤ ਬਾਰੇ ਨਹੀਂ ਸੋਚਦੀ ਸੀ। ਮੈਂ ਤਾਂ 'ਨਾਮਾ ਕਮਾਉਣ' ਜਾਂ 'ਮਾਲ ਬਣਾਉਣ' ਬਾਰੇ ਹੀ ਸੋਚਦੀ ਸਾਂ।"

ਉਸ ਦੇ ਹੀ ਕਹਿਣ ਅਨੁਸਾਰ, ਉਸ ਦੇ ਮਾਪੇ ਕੋਈ ਗ਼ਰੀਬ-ਗੁਰਬੇ ਨਹੀਂ ਸਨ, ਪਰ ਉਨ੍ਹਾਂ ਕੋਲ਼ 'ਬਹੁਤ ਸਾਰਾ ਪੈਸਾ' ਵੀ ਨਹੀਂ ਸੀ। ਉਸ ਦੇ ਮਾਪੇ, ਉਸ ਦੀਆਂ ਤੇ ਉਸ ਦੇ ਭਰਾ ਦੀਆਂ ਰੀਝਾਂ ਪੂਰੀਆਂ ਕਰਨ ਜੋਗੇ ਨਹੀਂ ਸਨ। ਇਹੋ ਵਜ੍ਹਾ ਸੀ ਕਿ 'ਕੱਚੀ ਉਮਰੇ' ਹੀ ਉਸ ਨੇ 'ਪੈਸੇ ਪੱਖੋਂ ਪੱਕੀ' ਹੋਣ ਦਾ ਇਰਾਦਾ ਕਰ ਲਿਆ ਸੀ। ਉਸ ਨੇ ਸੋਚ-ਸਮਝ ਲਿਆ ਸੀ ਕਿ 'ਹਿੰਗ-ਫਟਕੜੀ ਲਾਏ ਬਗ਼ੈਰ ਹੀ ਚੋਖਾ ਰੰਗ' ਕਿਹੜਾ 'ਕੰਮ' ਕਰਨ ਨਾਲ਼ ਹੋਣਾ ਹੈ। 'ਇਸ ਕੰਮ' ਵਿਚ ਪੈਣ ਲੱਗਿਆਂ ਉਸ ਦੀ 'ਸ਼ਰਮ' ਜਾਂ 'ਅੱਖ ਦਾ ਪਾਣੀ' ਮਰ ਗਿਆ ਹੋਵੇ, ਇਹੋ ਜਿਹੀ ਵੀ ਕੋਈ ਗੱਲ ਨਹੀਂ ਸੀ। ਇਸ ਗੱਲ ਦਾ ਸਬੂਤ ਸੀ ਇਹ ਗੱਲ ਕਿ ਇਕ ਵਾਰ ਉਸ ਨੇ 'ਪੈਂਟਹਾਊਸ' ਦੇ 'ਵਿਚਾਲੜੇ ਸਾਂਝੇ ਪੰਨੇ' ਉੱਤੇ ਛਾਪਣ ਲਈ ਤਸਵੀਰਾਂ ਖਿਚਾਈਆਂ। ਉਹ ਤਸਵੀਰਾਂ ਛਪ ਜਾਣ ਵੇਲ਼ੇ, ਉਸ ਨੇ ਤੇ ਉਸ ਦੇ ਭਰਾ ਨੇ ਆਪਣੇ ਸ਼ਹਿਰ ਦੇ ਤਕਰੀਬਨ ਹਰ ਸਟਾਲ ਤੋਂ 'ਪੈਂਟਹਾਊਸ' ਦੇ ਉਸ ਅੰਕ ਦੀਆਂ ਸਾਰੀਆਂ-ਸਾਰੀਆਂ ਕਾਪੀਆਂ ਖਰੀਦ ਲਈਆਂ ਸਨ, ਕਿਉਂਕਿ ਉਹ ਦੋਵੇਂ ਨਹੀਂ ਚਾਹੁੰਦੇ ਸਨ ਕਿ 'ਪੈਂਟਹਾਊਸ' ਦੇ ਉਸ ਅੰਕ ਦੀ ਕੋਈ ਕਾਪੀ, ਉਸ ਦੇ ਮਾਂ-ਪਿਉ, ਰਿਸ਼ਤੇਦਾਰ ਜਾਂ ਕਿਸੇ ਜਾਣਕਾਰ ਦੇ ਹੱਥ ਆਵੇ।

ਇਸ ਤੋਂ ਇਲਾਵਾ ਪੋਰਨ ਫ਼ਿਲਮ ਇੰਡਸਟਰੀ ਨਾਲ਼ ਸਬੰਧਤ ਆਪਣੇ ਕਰੀਅਰ ਦੇ ਸਬੰਧ ਵਿਚ, ਉਸ ਨੇ ਆਪਣੇ ਭਰਾ ਸਬਰ ਸੰਤੋਖ ਸਿੰਘ ਉਰਫ਼ ਸੰਨੀ ਸਿੰਘ ਹਾਂਡਾ ਤੋਂ ਉਸੇ ਤਰ੍ਹਾਂ ਕੁੱਝ ਨਹੀਂ ਲੁਕਾਇਆ ਸੀ, ਜਿਸ ਤਰ੍ਹਾਂ ਉਹ ਆਪਣੀਆਂ ਇਨ੍ਹਾਂ ਫ਼ਿਲਮਾਂ ਵਿਚ, ਆਪਣੇ ਦਰਸ਼ਕਾਂ ਤੋਂ ਵੀ ਕੁੱਝ ਨਹੀਂ ਲੁਕਾਉਂਦੀ ਸੀ। ਉਸ ਦੇ ਭਰਾ ਸੰਨੀ ਸਿੰਘ ਹਾਂਡਾ ਨੂੰ ਇਸ ਗੱਲ ਦੀ ਸਮਝ ਲੱਗ ਚੁੱਕੀ ਸੀ ਕਿ ਜੇ ਉਹ, ਕੋਈ ਡੱਕਾ ਭੰਨ ਕੇ ਦੂਹਰਾ ਕਰਨ ਤੋਂ ਬਗ਼ੈਰ ਹੀ ਸਟੈਲਾ ਫੋਰਡ ਜਾਂ ਉਸ ਵਰਗੀਆਂ ਹੀ ਕਈ ਹੋਰਨਾਂ ਨਾਲ਼ ਖੁੱਲ੍ਹ-ਖੇਡ ਰਿਹਾ ਹੈ ਤਾਂ ਇਸ ਪਿੱਛੇ, ਉਸ ਦਾ ਨਾਂ ਅਪਣਾਅ ਚੁੱਕੀ, ਉਸ ਦੀ ਭੈਣ ਸੰਨੀ ਹੌਂਡਾ ਦੀਆਂ 'ਮਿਹਰਬਾਨੀਆਂ' ਹੀ ਹਨ।

ਸੰਨੀ ਬਾਰੇ ਬਣੀ ਹੋਈ ਦਸਤਾਵੇਜ਼ੀ ਫ਼ਿਲਮ 'ਮੋਸਟਲੀ ਸੰਨੀ' ਵਿਚ, ਸੰਨੀ ਸਿੰਘ ਹਾਂਡਾ ਨੇ ਸੰਨੀ ਹੌਂਡਾ ਦੇ ਭਰਾ ਦਾ ਕਿਰਦਾਰ ਵੀ ਨਿਭਾਇਆ ਹੋਇਆ ਹੈ। ਇਸ ਫ਼ਿਲਮ ਵਿਚ ਉਹ ਆਪਣੀ ਸਕੀ ਭੈਣ ਬਾਰੇ ਬਹੁਤ ਸਾਰੀਆਂ ਗੱਲਾਂ ਕਰਦਿਆਂ ਕਹਿੰਦਾ ਹੈ ਕਿ ਉਸ ਦੀ ਭੈਣ ਨੇ ਉਸ ਨੂੰ ਫੋਨ ਕਰ ਕੇ 'ਪੈਂਟਹਾਊਸ' ਵਾਲ਼ਿਆਂ ਵਲੋਂ, ਉਸ ਦਾ ਨਾਂ ਬਦਲਣ ਦੀ ਜ਼ਿੱਦ ਕਰਨ ਬਾਰੇ ਤੇ ਸੰਨੀ ਵੱਲੋਂ ਉਸ ਦਾ ਹੀ ਨਾਂ ਅਪਣਾਅ ਲੈਣ ਬਾਰੇ, ਕਾਫੀ ਪਹਿਲਾਂ ਹੀ ਦੱਸ ਦਿਤਾ ਸੀ। ਇਸ ਫ਼ਿਲਮ ਵਿਚ ਉਸ ਨੇ ਇਹ ਵੀ ਕਿਹਾ ਹੋਇਆ ਹੈ ਕਿ ਉਸ ਦੀ ਭੈਣ ਵੱਲੋਂ ਉਸ ਦਾ ਨਾਂ 'ਖੋਹੇ ਜਾਣ' ਦੇ ਬਾਵਜੂਦ, ਉਨ੍ਹਾਂ ਦੇ ਆਪਸੀ ਰਿਸ਼ਤੇ ਅਤੇ ਪਿਆਰ ਵਿਚ ਕੋਈ ਫ਼ਿੱਕ ਨਹੀਂ ਪਿਆ ਸੀ।

ਭਰਾ ਦਾ ਨਾਂ ਅਪਣਾਉਣ ਦੇ ਸਬੰਧ ਵਿਚ ਸੰਨੀ ਹੌਂਡਾ ਦਾ ਖ਼ਿਆਲ ਸੀ ਕਿ ਇਸ ਤਰ੍ਹਾਂ ਕਰ ਕੇ, ਉਸ ਨੇ ਆਪਣੇ ਭਰਾ ਦੀ ਨਿਤਾਣੀ ਜਿਹੀ ਭੈਣ ਬਣੀ ਰਹਿਣਾ ਛੱਡ ਕੇ, ਆਪਣੇ ਭਰਾ ਦਾ ਵੱਡਾ ਭਰਾ ਬਣਨ ਦਾ ਹੀਲਾ ਹੀ ਕੀਤਾ ਸੀ। ਉਹ ਅਕਸਰ ਹੀ ਇਹ ਕਹਿੰਦੀ ਰਹਿੰਦੀ ਹੈ, "ਇਸ ਤਰ੍ਹਾਂ ਕਰਨ ਨਾਲ਼ ਮੇਰੇ ਪੇਰੈਂਟਸ ਦੇ ਘਰ ਦੋ ਪੁੱਤਰ ਹੋ ਗਏ ਸੀ।"

ਉਸ ਦਾ ਨਾਂ ਬਦਲੇ ਜਾਣ ਅਤੇ ਭਰਾ ਦਾ ਨਾਂ ਅਪਣਾਏ ਜਾਣ ਬਾਰੇ ਆਪਣੇ ਮਾਪਿਆਂ ਦਾ ਪ੍ਰਤੀਕਰਮ, ਸੰਨੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੋਇਆ ਹੈ, "ਇਹ ਸੁਣ ਕੇ ਮੇਰੀ ਮੌਮ ਨੂੰ ਤਾਂ ਭੋਰਾ ਵੀ ਖ਼ੁਸ਼ੀ ਨਾ ਹੋਈ। ਉਹ ਵਾਰ-ਵਾਰ ਇਹੋ ਕਹੀ ਜਾਵੇ ਕਿ ਤੈਨੂੰ ਰੱਖਣ ਲਈ ਕੋਈ ਹੋਰ ਨਾਂ ਨਾ ਲੱਭਿਆ? ਤੂੰ ਆਪਣੇ ਭਰਾ ਦਾ ਨਾਂ ਹੀ ਕਿਉਂ ਲਿਆ? ਮੈਂ ਤਾਂ ਬੱਸ ਇਹੋ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਇਹ ਕਿਵੇਂ ਹੋਇਆ, ਉਨ੍ਹਾਂ ਨੇ ਮੈਥੋਂ ਨਾਂ ਪੁੱਛਿਆ ਮੈਂ 'ਸੰਨੀ ਹੌਂਡਾ' ਕਹਿ ਦਿੱਤਾ। ਬੱਸ!"

ਇਸੇ ਹੀ ਦਸਤਾਵੇਜ਼ੀ ਫ਼ਿਲਮ ਵਿਚ, ਉਸ ਦਾ ਭਰਾ ਇਹ ਕਹਿੰਦਾ ਵੀ ਦਿਖਾਇਆ ਗਿਆ ਹੈ, "ਮੇਰੀ ਭੈਣ ਨਾਲ਼ ਮੇਰੇ ਸਬੰਧ, ਮੇਰਾ ਰਿਸ਼ਤਾ ਬਹੁਤ ਮਜ਼ਬੂਤ ਏ। ਉਹ ਜੋ ਕੁੱਝ ਵੀ ਕਰੇ, ਨਾ ਕਰੇ, ਮੈਂ ਉਸ ਦੀ ਹਮਾਇਤ ਕਰਦਾ ਹਾਂ। ਮੈਂ ਉਸ ਦੀਆਂ ਬਹੁਤ ਸਾਰੀਆਂ ਗੱਲਾਂ, ਆਪਣੇ ਮਾਪਿਆਂ ਤੋਂ ਲੁਕਾ ਕੇ ਵੀ ਰੱਖੀਆਂ ਹੋਈਆਂ ਨੇ।"

ਇਸ ਫ਼ਿਲਮ ਵਿਚ ਹੀ ਸੰਨੀ ਹੌਂਡਾ ਨੇ ਆਪਣੇ ਕਰੀਅਰ ਉੱਤੇ ਕਈ 'ਪੋਚੇ ਫੇਰਨ' ਦੇ ਹੀਲੇ ਵੀ ਕੀਤੇ ਹੋਏ ਹਨ, ਜਿਵੇਂ ਉਸ ਨੇ ਇਹ ਵੀ ਕਿਹਾ ਹੋਇਆ ਹੈ, "ਮੈਂ ਬਹੁਤੀਆਂ ਫ਼ਿਲਮਾਂ ਵਿਚ ਕੁੜੀਆਂ ਨਾਲ਼ ਹੀ ਕੰਮ ਕੀਤਾ ਏ। ਹਾਂ, ਕੁੱਝ ਫ਼ਿਲਮਾਂ ਵਿਚ ਮੇਰੇ ਨਾਲ਼ ਜਿਹੜੇ ਮਰਦ ਕਲਾਕਾਰ ਦਿਸਦੇ ਹਨ, ਉਹ ਮੇਰੇ 'ਬੁਆਏ ਫਰੈਂਡ' ਰਹੇ ਨੇ। ਇਕ-ਅੱਧੀ ਫ਼ਿਲਮ ਮੈਂ 'ਟੌਮੀ ਗੱਨ' ਨਾਂ ਦੇ ਅਦਾਕਾਰ ਨਾਲ਼ ਕੀਤੀ ਹੈ ਤੇ ਬਾਕੀ ਸਾਰੀਆਂ ਫ਼ਿਲਮਾਂ ਵਿਚ ਮੇਰਾ ਹੀਰੋ, ਮੇਰਾ ਪਤੀ ਹੀ ਰਿਹਾ ਏ।"

"ਨਿਰਾ ਹੀ ਝੂਠ!" ਸੰਨੀ ਹੌਂਡਾ ਦਾ ਇਹ 'ਪੋਚਾ' ਬਰਦਾਸ਼ਤ ਨਾ ਕਰਦਿਆਂ ਦਾਨਿਸ਼ ਨੇ ਕਾਫੀ ਉੱਚੀ ਆਵਾਜ਼ ਵਿਚ ਕਿਹਾ। ਇਸ ਤੋਂ ਮਗਰੋਂ ਉਸ ਨੇ ਇਹ ਸਾਰੀ ਜਾਣਕਾਰੀ, ਆਪਣੀ ਸਕਰਿਪਟ ਵਿਚ ਵਰਤਣ ਦੇ ਉਦੇਸ਼ ਨਾਲ਼, 'ਨੋਟਸ' ਸਿਰਲੇਖ ਹੇਠ 'ਸੇਵ' ਕਰ ਲਈ।

ਉਸ ਵੱਲੋਂ 'ਗੰਦੀਆਂ ਫ਼ਿਲਮਾਂ' ਵਿਚ ਕੰਮ ਕਰਨ ਸਬੰਧੀ, ਭਾਰਤੀ ਲੋਕਾਂ ਵੱਲੋਂ ਕੀਤੇ ਗਏ ਪ੍ਰਤੀਕਰਮ ਬਾਰੇ ਪੁੱਛੇ ਗਏ ਇਕ ਸੁਆਲ ਦੇ ਜੁਆਬ ਵਿਚ ਸੰਨੀ ਨੇ ਇਹ ਦੱਸਿਆ ਹੋਇਆ ਹੈ ਕਿ ਭਾਰਤੀਆਂ ਨੇ ਉਸ ਨੂੰ ਬਹੁਤ ਸਾਰੀਆਂ ਨਫ਼ਰਤ ਭਰੀਆਂ ਚਿੱਠੀਆਂ ਲਿਖੀਆਂ। ਇਨ੍ਹਾਂ ਚਿੱਠੀਆਂ ਵਿਚ ਕਈਆਂ ਨੇ ਤਾਂ ਇਹ ਵੀ ਲਿਖਿਆ ਸੀ ਕਿ ਉਸ ਨੂੰ ਭਾਰਤੀ ਕਹਾਉਣ ਦਾ ਕੋਈ ਹੱਕ ਹੀ ਨਹੀਂ ਹੈ ਤੇ ਉਹ ਭਾਰਤੀ ਭਾਈਚਾਰੇ ਦੇ ਮੱਥੇ ਉੱਤੇ ਬਦਨੁਮਾ ਧੱਬਾ ਹੈ।

ਸੰਨੀ ਹੌਂਡਾ ਨੇ ਇਹ ਗੱਲ ਲੁਕਾਉਣ ਦੇ ਬੜੇ ਹੀ ਹੀਲੇ ਕੀਤੇ ਹੋਏ ਹਨ ਕਿ ਉਹ 'ਹਾਵਰਡ ਸਟੱਰਨ ਸ਼ੋਅ' ਵਿਚ ਵੀ ਪੇਸ਼ ਹੋਈ ਸੀ। ਇਹ ਸ਼ੋਅ, ਅਮਰੀਕਾ ਦੇ ਮੰਨੇ-ਪ੍ਰਮੰਨੇ ਰੇਡੀਓ/ਟੀਵੀ ਮੇਜ਼ਬਾਨ 'ਹਾਵਰਡ ਸਟੱਰਨ' ਵੱਲੋਂ ਪੇਸ਼ ਕੀਤਾ ਜਾਂਦਾ ਸੀ। ਨਿਊ ਯਾਰਕ ਸਿਟੀ ਵਿਚੋਂ 'ਹਾਵਰਡ 100' ਫ੍ਰੀਕੁਐਂਸੀ ਤੋਂ ਨਸ਼ਰ ਕੀਤਾ ਜਾਂਦਾ ਇਹ ਸ਼ੋਅ, ਬਹੁਤ ਸਾਰੇ ਰੇਡੀਓ/ਟੀਵੀ ਸਟੇਸ਼ਨ ਨਾਲ਼ੋ-ਨਾਲ਼, ਅੱਗੇ ਤੋਂ ਅੱਗੇ ਨਸ਼ਰ ਕਰਿਆ ਕਰਦੇ ਸਨ। ਕਿਸੇ ਸ਼ਖ਼ਸੀਅਤ ਵੱਲੋਂ ਇਸ ਸ਼ੋਅ ਵਿਚ ਸ਼ਿਰਕਤ ਕਰਨਾ 'ਬਹੁਤੀ ਹੀ ਵੱਡੀ ਗੱਲ' ਸਮਝਿਆ ਜਾਂਦਾ ਹੁੰਦਾ ਸੀ, ਪਰ ਸੰਨੀ ਹੌਂਡਾ ਨੇ ਇਸ ਸ਼ੋਅ ਵਿਚ ਸ਼ਿਰਕਤ ਕਰਨ ਬਾਰੇ ਆਪਣੇ ਨੇੜਲੇ ਸਰਕਲ ਵਿਚ ਭਿਣਕ ਵੀ ਨਹੀਂ ਪੈਣ ਦਿੱਤੀ ਸੀ। ਉਂਝ ਇਸ ਤਰ੍ਹਾਂ ਕਰਨ ਨਾਲ਼ ਇਹ ਹਕੀਕਤ ਤਾਂ ਬਰਕਰਾਰ ਹੀ ਸੀ ਕਿ ਸੰਨੀ ਨੇ ਇਸ ਸ਼ੋਅ ਵਿਚ ਹਿੱਸਾ ਲਿਆ ਹੀ ਸੀ। ਉਸ ਦੇ ਪਰਿਵਾਰ ਦੇ ਕਿਸੇ ਜਾਣਕਾਰ ਨੇ, ਇਹ ਸ਼ੋਅ ਦੇਖਿਆ ਹੋਇਆ ਸੀ ਤੇ ਉਸ ਤੋਂ ਇਹ ਗੱਲ ਅੱਗੇ ਖਿਸਕ ਕੇ, ਸੰਨੀ ਤਕ ਪਹੁੰਚ ਗਈ ਤਾਂ ਉਸ ਨੂੰ ਵੀ ਮੰਨਣਾ ਹੀ ਪਿਆ ਕਿ ਉਹ, ਇਸ ਸ਼ੋਅ ਵਿਚ ਸ਼ਾਮਲ ਹੋਈ ਸੀ ਤੇ ਉਸ ਨੇ ਇਹ ਗੱਲ ਲੁਕਾਈ ਹੋਈ ਸੀ।

ਇਸ ਸ਼ੋਅ ਦੇ ਸਬੰਧ ਵਿਚ ਵੱਡੀ ਗੱਲ ਇਹ ਸੀ ਕਿ ਮੇਜ਼ਬਾਨ ਹਾਵਰਡ ਸਟੱਰਨ ਨੇ ਸੰਨੀ ਨੂੰ ਆਪਣੀਆਂ ਗੰਦੀਆਂ ਤੇ ਅਸ਼ਲੀਲ ਫ਼ਿਲਮਾਂ ਸਬੰਧੀ ਗੱਲੀਂ ਲਾ ਲਿਆ ਸੀ। ਉਸ ਨੇ ਇਸ ਪ੍ਰੋਗਰਾਮ ਵਿਚ ਲੋਕਾਂ ਵੱਲੋਂ ਉਸ ਨੂੰ 'ਗ੍ਰਾਮੋਫੋਨ ਰਿਕਾਰਡ' ਕਹੇ ਜਾਣ ਦੀ ਵਜ੍ਹਾ ਵੀ ਬਿਆਨ ਕਰ ਦਿੱਤੀ ਹੋਈ ਸੀ। ਸੰਨੀ ਨੇ ਇਸ ਸ਼ੋਅ ਵਿਚ ਇਹ ਵੀ ਮੰਨ ਲਿਆ ਹੋਇਆ ਸੀ ਕਿ ਉਹ ਤੇਰਾਂ ਸਾਲ ਦੀ ਉਮਰ ਵਿਚ ਹੀ ਜਿਨਸੀ ਕਾਰਵਾਈਆਂ ਦੇ 'ਤਕਰੀਬਨ ਹਰ ਪੱਖ' ਦਾ 'ਅਮਲੀ ਤਜਰਬਾ' ਹਾਸਲ ਕਰ ਚੁੱਕੀ ਸੀ।

"ਉੱਥੋਂ ਹੀ ਤਾਂ ਬੇੜਾ ਗ਼ਰਕ ਹੋਇਐ। ਇਸ ਸ਼ੋਅ ਦੇ ਨਸ਼ਰ ਹੋਣ ਤੋਂ ਚੌਵੀ ਘੰਟਿਆਂ ਦੇ ਅੰਦਰ-ਅੰਦਰ, ਇਹ ਗੱਲ ਘਰੋ-ਘਰੀ ਪਹੁੰਚ ਗਈ ਸੀ ਤੇ ਮੇਰੀ ਭੈਣ ਕੋਲ਼, ਇਸ ਨੂੰ ਝੁਠਲਾਉਣ ਦਾ ਕੋਈ ਬਹਾਨਾ ਨਹੀਂ ਸੀ," ਸੰਨੀ ਹੌਂਡਾ ਦੇ ਭਰਾ ਸੰਨੀ ਸਿੰਘ ਹਾਂਡਾ ਦਾ ਹੀ ਕਹਿਣਾ ਹੈ।

ਉਦੋਂ ਹੀ, ਫਿਰ ਦੋਹਾਂ 'ਸੰਨੀਆਂ' ਨੇ ਆਪਸ ਵਿਚ ਸਲਾਹ ਕੀਤੀ ਕਿ ਹੁਣ ਤਾਂ ਮਾਪਿਆਂ ਨੂੰ 'ਸੱਚੋ-ਸੱਚ' ਦੱਸਣਾ ਹੀ ਬਣਦਾ ਹੈ।

***⇒ ਬਾਕੀ ਅਗਲੇ ਅੰਕ ਵਿੱਚ***

ੴ ਸਤਿਗੁਰ ਪ੍ਰਸਾਦਿ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

"ਤੇਰਾ ਕੀਆ ਮੀਠਾ ਲਾਗੈ ਹਰਿ ਨਾਮ ਪਦਾਰਥ ਨਾਨਕ ਮਾਂਗੈ॥

## ਧੰਨ ਧੰਨ ਗੁਰੂ ਅਰਜਨ ਦੇਵ ਜੀ ਦਾ 416ਵਾਂ

# ਸ਼ਹੀਦੀ ਦਿਹਾੜਾ



**1 ਜੂਨ 2025 ਦਿਨ ਐਤਵਾਰ ਨੂੰ**

**ਗੁਰਦੁਆਰਾ ਸਿੱਖ ਸੁਸਾਇਟੀ ਔਫ ਵਿਸਕਾਨਸਿਨ, ਮੈਡੀਸਨ**

**6970 Century Ave, Middleton, WI 53562**

ਵਿਖੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹੁਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।



**ਵਿਸ਼ੇਸ਼:-**

ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਨਗੇ।

**ਸਮਾਂ: 10:30 ਤੋਂ 1:00**

ਵੱਲੋਂ :- ਸਮੂਹ ਸਾਧ ਸੰਗਤ ਅਤੇ ਮੈਡੀਸਨ ਟਰੱਕਰਜ਼

FOR MORE INFO.: 608-286-5411 OR 608-720-0446